
12ਵਾਂ ਸਾਲ
ਹਫਤਾਵਾਰੀ
# ਦੇਸ਼ ਦੁਆਬਾ
VOL -12 ISSUE - 28
October 18, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com





ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਅੰਦਰ ਦੇਖੋ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

# ਅਮਰੀਕਾ ’ਚ ਲੱਗੀ ਭਾਰਤ ਤੋਂ ਬਾਹਰ ਬਾਬਾ ਸਾਹਿਬ ਅੰਬੇਡਕਰ ਦੀ ਸਭ ਤੋਂ ਉੱਚੀ ਸਟੈਚੂ

**ਵਾਸ਼ਿੰਗਟਨ (ਬਿਊਰੋ)–** ਭਾਰਤ ਤੋਂ ਬਾਅਦ ਬਾਬਾ ਸਾਹਿਬ ਅੰਬੇਡਕਰ ਦੀ ਸਭ ਤੋਂ ਉੱਚੀ ਸਟੈਚੂ (ਮੂਰਤੀ) ਅਮਰੀਕਾ ’ਚ ਲਗਾਈ ਗਈ ਹੈ। ਇਹ ਮੂਰਤੀ ਮਸ਼ਹੂਰ ਕਲਾਕਾਰ ਤੇ ਮੂਰਤੀਕਾਰ ਰਾਮ ਸੁਤਾਰ ਨੇ ਤਿਆਰ ਕੀਤੀ ਹੈ, ਜਿਨ੍ਹਾਂ ਨੇ ਸਰਦਾਰ ਪਟੇਲ ਦੀ ਮੂਰਤੀ ਵੀ ਬਣਾਈ ਸੀ, ਜਿਸ ਨੂੰ ਸਟੈਚਿਊ ਆਫ ਯੂਨਿਟੀ ਕਿਹਾ ਜਾਂਦਾ ਹੈ। ਅੰਬੇਡਕਰ ਇੰਟਰਨੈਸ਼ਲ ਸੈਂਟਰ (ਏਆਈਸੀ) ਦੇ ਮੁਖੀ ਰਾਮ ਕੁਮਾਰ ਨੇ ਕਿਹਾ ਕਿ ਬਾਬਾ ਸਾਹਿਬ ਦੀ ਮੂਰਤੀ ਦੀ ਘੁੰਡ ਚੁਕਾਈ ਸਬੰਧੀ ਸਮਾਗਮ ’ਚ ਹਿੱਸਾ ਲੈਣ ਦਾ ਇਹ ਮਹਾਨ ਮੌਕਾ ਹੈ। ਇਹ ਅਮਰੀਕਾ ’ਚ ਬਾਬਾ ਸਾਹਿਬ ਦੀ ਸਭ ਤੋਂ ਉੱਚੀ ਮੂਰਤੀ ਹੈ।



ਇਸ ਕਾਰਜ ਨਾਲ ਜੁੜੇ ਦਿਲੀਪ ਮਹਾਸਕੇ ਨੇ ਕਿਹਾ ਕਿ ਸਟੈਚਿਊ ਆਫ ਇਕਵੈਲਿਟੀ 1.4 ਅਰਬ ਭਾਰਤੀਆਂ ਤੇ 4.5 ਮਿਲੀਅਨ ਭਾਰਤੀ ਅਮਰੀਕੀਆਂ ਦੀ ਨੁਮਾਇੰਦਗੀ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਪੂਰੀ ਤਰ੍ਹਾਂ ਨਾਲ ਕਮਿਊਨਿਟੀ ਯੋਗਦਾਨ ਰਾਹੀਂ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੂਰਤੀ ਨਾ ਸਿਰਫ਼ ਅਮਰੀਕਾ ’ਚ ਰਹਿਣ ਵਾਲੇ ਲੱਖਾਂ ਭਾਰਤੀਆਂ ਨੂੰ ਬਲਕਿ ਸਾਰੇ ਭਾਈਚਾਰਿਆਂ ਨੂੰ ਪ੍ਰੇਰਿਤ ਕਰੇਗੀ। ਭਾਰਤ ਤੋਂ ਬਾਹਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਸਭ ਤੋਂ ਉੱਚੀ ਮੂਰਤੀ ਤੋਂ ਅਮਰੀਕਾ ਦੇ ਮੈਰੀਲੈਂਡ ’ਚ ਰਸਮੀ ਤੌਰ ’ਤੇ ਪਰਦਾ ਚੁੱਕ ਦਿੱਤਾ ਗਿਆ ਹੈ।

ਜੈ ਭੀਮ ਦੇ ਜੈਕਾਰਿਆਂ ਦੌਰਾਨ ਅਮਰੀਕਾ ਤੇ ਹੋਰ ਥਾਵਾਂ ਤੋਂ 500 ਤੋਂ ਵੱਧ ਲੋਕ 19 ਫੁੱਟ ਉੱਚੀ ਸਟੈਚਿਊ ਆਫ ਇਕਵੈਲਿਟੀ ਦੇ ਘੁੰਡ ਚੁਕਾਈ ਸਮਾਗਮ ’ਚ ਸ਼ਾਮਿਲ ਹੋਏ। ਭਾਰਤੀ ਬਾਰਿਸ਼ ਵੀ ਉਨ੍ਹਾਂ ਦੇ ਉਤਸ਼ਾਹ ਤੇ ਊਰਜਾ ਨੂੰ ਘੱਟ ਨਾ ਕਰ ਸਕੀ। ਕਈ ਲੋਕ ਇਸ ਪ੍ਰੋਗਰਾਮ ਲਈ ਲੰਬੀ ਯਾਤਰਾ ਕਰ ਕੇ ਪੁੱਜੇ ਸਨ।

# ਅਮਰੀਕਾ ਦੇ ਰਾਸ਼ਟਰਪਤੀ ਬਾਇਡਨ ਇਜ਼ਰਾਈਲ ਪੁੱਜੇ

## ਹਸਪਤਾਲ ਧਮਾਕੇ ’ਚ ਇਜ਼ਰਾਈਲ ਨੂੰ ਦਿੱਤੀ ਕਲੀਨ ਚਿੱਟ, ਹੁਣ ਤਕ 4300 ਲੋਕਾਂ ਦੀ ਮੌਤ

ਤਲ ਅਵੀਵ– ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅੱਜ ਇਜ਼ਰਾਈਲ-ਹਮਾਸ ਸੰਘਰਸ਼ ਦੇ ਦੌਰਾਨ ਇਥੇ ਪਹੁੰਚੇ। ਪਿਛਲੇ ਹਫ਼ਤੇ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਜ਼ਰਾਈਲ ਦਾ ਦੌਰਾ ਕੀਤਾ ਸੀ। ਵ੍ਹਾਈਟ ਹਾਊਸ ਅਨੁਸਾਰ ਬਾਇਡਨ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਨਿ ਨੇਤਨਯਾਹੂ ਨਾਲ ਦੁਵੱਲੀ ਮੀਟਿੰਗ ਕੀਤੀ। ਅਮਰੀਕਾ ਦੇ ਰਾਸ਼ਟਰਪਤੀ ਨੇ ਆਪਣੀ ਯਾਤਰਾ ਇਹ ਦਿਖਾਉਣ ਲਈ ਕੀਤੀ ਕਿ ਅਮਰੀਕਾ ਯਹੂਦੀਆਂ ਨਾਲ ਖੜ੍ਹਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਗਾਜ਼ਾ ਪੱਟੀ ਦੇ ਹਸਪਤਾਲ ਵਿੱਚ ਧਮਾਕਾ ਕਿਸੇ ਹੋਰ ਨੇ ਕੀਤਾ ਹੈ ਨਾ ਕਿ ਇਜ਼ਰਾਇਲੀ ਫੌਜ ਨੇ। ਇਜ਼ਰਾਇਲ-ਹਮਾਸ ਯੁੱਧ 'ਚ ਹੁਣ ਤਕ 4300 ਲੋਕਾਂ ਦੀ ਮੌਤ ਹੋ ਚੁੱਕੀ ਹੈ। ਗਾਜ਼ਾ ਦਾ ਅਲ ਅਹਲੀ ਅਰਬ ਹਸਪਤਾਲ ਮੰਗਲਵਾਰ (17 ਅਕਤੂਬਰ) ਨੂੰ ਸ਼ਾਮ 7 ਵਜੇ ਰਾਕੇਟ ਹਮਲੇ ਦਾ ਸ਼ਿਕਾਰ ਹੋ ਗਿਆ। ਇਸ ਹਮਲੇ ਵਿਚ 500 ਦੇ ਕਰੀਬ ਬੇਕਸੂਰ ਲੋਕਾਂ ਦੀ ਮੌਤ ਹੋ ਗਈ ਸੀ। ਇਸ ਘਟਨਾ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਸੰਯੁਕਤ ਰਾਸ਼ਟਰ ਸੰਗਠਨ ਤੋਂ ਲੈ ਕੇ ਅਮਰੀਕਾ ਤਕ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਇਸ ਦੇ ਨਾਲ ਹੀ ਨਾ ਤਾਂ ਇਜ਼ਰਾਈਲ ਤੇ ਨਾ ਹੀ ਹਮਾਸ ਇਸ ਹਮਲੇ ਦੀ ਜ਼ਿੰਮੇਵਾਰੀ ਲੈ ਰਿਹਾ ਹੈ। ਦੋਵੇਂ ਇਸ ਹਮਲੇ ਲਈ ਇਕ ਦੂਜੇ 'ਤੇ ਦੋਸ਼ ਲਗਾ ਰਹੇ ਹਨ। ਅਮਰੀਕਾ ਨੇ ਇਹ ਵੀ ਕਿਹਾ ਕਿ ਇਹ ਹਮਲਾ ਇਜ਼ਰਾਈਲ ਨੇ ਨਹੀਂ ਕੀਤਾ ਸੀ।

ਗਾਜ਼ਾ ਦੇ ਹਸਪਤਾਲ ਵਿੱਚ ਜ਼ਬਰਦਸਤ ਧਮਾਕੇ ਵਿੱਚ ਸੈਂਕੜੇ ਲੋਕਾਂ ਦੀ ਮੌਤ ਹੋ ਗਈ। ਇਹ ਹਸਪਤਾਲ ਪਹਿਲਾਂ ਹੀ ਜ਼ਖਮੀ ਮਰੀਜ਼ਾਂ ਨਾਲ ਭਰਿਆ ਹੋਇਆ ਸੀ ਅਤੇ ਹੋਰ ਫਲਸਤੀਨੀ ਨਾਗਰਿਕਾਂ ਨੇ ਵੀ ਇੱਥੇ ਪਨਾਹ ਲਈ ਸੀ। ਹਮਾਸ ਵੱਲੋਂ ਚਲਾਏ ਜਾ ਰਹੇ ਸਿਹਤ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ। ਹਮਾਸ ਨੇ ਇਸ ਨੂੰ ਇਜ਼ਰਾਇਲੀ ਹਵਾਈ ਹਮਲਾ ਦੱਸਿਆ ਹੈ, ਜਦਕਿ ਇਜ਼ਰਾਇਲੀ ਫੌਜ ਨੇ ਦੋਸ਼ ਲਾਇਆ ਹੈ ਕਿ ਇਹ ਧਮਾਕਾ ਫਲਸਤੀਨੀ ਅਤਿਵਾਦੀਆਂ ਵੱਲੋਂ ਆਪਣੇ ਨਿਸ਼ਾਨੇ ਤੋਂ ਖੁੰਝੇ ਹੋਏ ਰਾਕੇਟ ਕਾਰਨ ਹੋਇਆ ਹੈ। ਮੰਤਰਾਲੇ ਨੇ ਕਿਹਾ ਕਿ ਘੱਟੋ-ਘੱਟ 500 ਲੋਕ ਮਾਰੇ ਗਏ ਹਨ।



ਗਾਜ਼ਾ ਦੇ ਹਸਪਤਾਲ ਵਿਚ ਹੋਏ ਜ਼ਬਰਦਸਤ ਧਮਾਕੇ ਤੋਂ ਬਾਅਦ ਜਾਰਡਨ ਵਿਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਅਰਬ ਨੇਤਾਵਾਂ ਵਿਚਾਲੇ ਹੋਣ ਵਾਲੀ ਸਿਖਰ ਵਾਰਤਾ ਰੱਦ ਕਰ ਦਿੱਤੀ ਗਈ ਹੈ। ਇਸ ਨਾਲ ਇਜ਼ਰਾਈਲ ਦੇ ਆਪਣੇ ਬਚਾਅ ਦੇ ਅਧਿਕਾਰ ਲਈ ਸਮਰਥਨ ਪ੍ਰਾਪਤ ਕਰਨ ਲਈ ਅਮਰੀਕੀ ਕੂਟਨੀਤਕ ਕੋਸ਼ਿਸ਼ਾਂ ਨੂੰ ਝਟਕਾ ਲੱਗਿਆ ਹੈ। ਜਾਰਡਨ ਦੇ ਵਿਦੇਸ਼ ਮੰਤਰੀ ਅਯਮਨ ਸਫਾਦੀ ਨੇ ਐਲਾਨ ਕੀਤਾ ਕਿ ਜਾਰਡਨ ਦੇ ਬਾਦਸ਼ਾਹ ਅਬਦੁੱਲਾ, ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਹਿ ਅਲ-ਸੀਸੀ ਅਤੇ ਫਲਸਤੀਨੀ ਅਥਾਰਟੀ ਦੇ ਪ੍ਰਧਾਨ ਮਹਿਮੂਦ ਅੱਬਾਸ ਨਾਲ ਅੱਜ ਬਾਇਡਨ ਦੀ ਤੈਅ ਸਿਖ਼ਰ ਵਾਰਤਾ ਰੱਦ ਕਰ ਦਿੱਤੀ ਗਈ ਹੈ।

ਉੱਤਰੀ ਫਰਾਂਸ ਦੇ ਲਿਲੀ ਹਵਾਈ ਅੱਡੇ ਨੂੰ ਬੰਬ ਦੇ ਡਰ ਕਾਰਨ ਖਾਲੀ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਬੁੱਧਵਾਰ ਨੂੰ ਏਅਰਪੋਰਟ ਭੌਂ ਟੀਵੀ ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ ਰਾਹੀਂ ਦਿੱਤੀ ਗਈ। ਪੁਲਿਸ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਕਿ ਸੁਰੱਖਿਆ ਅਲਰਟ ਕਾਰਨ ਬੁੱਧਵਾਰ ਨੂੰ ਟੂਲੂਜ਼, ਨਾਇਸ ਅਤੇ ਲਿਓਨ ਦੇ ਹਵਾਈ ਅੱਡਿਆਂ ਨੂੰ ਵੀ ਖਾਲੀ ਕਰਵਾ ਲਿਆ ਗਿਆ। ਇੰਨਾ ਹੀ ਨਹੀਂ ਮੰਗਲਵਾਰ ਨੂੰ ਫਰਾਂਸ ਦੇ ਪ੍ਰਮੁੱਖ ਸੈਰ-ਸਪਾਟਾ ਸਥਾਨਾਂ 'ਚੋਂ ਇਕ ਵਰਸੇਲਸ ਪੈਲੇਸ ਨੂੰ ਸੁਰੱਖਿਆ ਕਾਰਨਾਂ ਕਰਕੇ ਚਾਰ ਦਿਨਾਂ 'ਚ ਦੂਜੀ ਵਾਰ ਕੁਝ ਘੰਟਿਆਂ ਲਈ ਬੰਦ ਕਰ ਦਿੱਤਾ ਗਿਆ। ਦਰਅਸਲ, ਪਿਛਲੇ ਸ਼ੁੱਕਰਵਾਰ ਯਾਨੀ 13 ਅਕਤੂਬਰ ਨੂੰ ਅਰਰਾਸ ਸ਼ਹਿਰ ਵਿੱਚ ਇੱਕ ਇਸਲਾਮਿਕ ਕੱਟੜਪੰਥੀ ਨੇ ਇੱਕ ਅਧਿਆਪਕ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਉਦੋਂ ਤੋਂ ਫਰਾਂਸ ਵਿਚ ਵਿਸ਼ੇਸ਼ ਚੌਕਸੀ ਵਰਤੀ ਜਾ ਰਹੀ ਹੈ। ਜਾਂਚ ਦੌਰਾਨ ਪੁਲਿਸ ਨੂੰ ਸ਼ੱਕੀ ਦੇ ਫ਼ੋਨ ਤੋਂ ਆਡੀਓ ਰਿਕਾਰਡਿੰਗ ਮਿਲੀ। ਇਸ ਨੂੰ ਦੇਖਦੇ ਹੋਏ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਸ ਵਿਅਕਤੀ ਦੇ ਇਸਲਾਮਿਕ ਸਟੇਟ (ਆਈਐੱਸ) ਨਾਲ ਸਬੰਧ ਹਨ। ਇਸ ਆਡੀਓ ਕਲਿੱਪ ਵਿੱਚ ਮੁਲਜ਼ਮ ਫਰਾਂਸ ਪ੍ਰਤੀ ਆਪਣੀ ਨਫ਼ਰਤ ਦਾ ਪ੍ਰਗਟਾਵਾ ਕਰ ਰਿਹਾ ਹੈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC
HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D ™
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

**ਜੋ ਦਿਨ ਆਵਹਿ ਸੋ ਦਿਨ ਜਾਹੀ।।**
**ਕਰਨਾ ਕੂਚੁ ਰਹਨੁ ਥਿਰੁ ਨਾਹੀ।।**



(June 3rd, 1942 - October 15th, 2023)

# Sh. Bhagat Ram (Weight Lifting Coach)

## Completed his Journey of Life on Sunday, October 15th, 2023 in Sacramento, CA

Funeral - North Sacramento Funeral Home
725 EL Camino Ave, Sacramento, CA 95815
Saturday, October 21st, 2023 (2PM to 4PM)

Final Prayer- Upon completion of Funeral, the Antim Ardas will take place at Shri Guru Ravidass Temple Sacramento

## Shri Guru Ravidass Temple Sacramento
## 6221 16th Street, Rio Linda, CA 95673


*Desh Doaba sends its condolence to the Dahyea family, relatives and friends on their biggest loss*

***Contact:*** Chaman Lal Dahyea (Son): (916) 759-7667, 916-759-5938

***Family Residence:*** 5520 Redwood Burl Way Antelope, CA 95843

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਵਿਚ ਸਨ ਫਰਾਂਸਿਸਕੋ ਸਥਿੱਤ ਚੀਨੀ ਕੌਂਸਲਖਾਨੇ ਵਿਚ ਕਾਰ ਅੰਦਰ ਵੜ ਕੇ ਕੰਧ ਨਾਲ ਟਕਰਾਈ, ਕਾਰ ਡਰਾਈਵਰ ਪੁਲਿਸ ਦੀ ਕਾਰਵਾਈ ਵਿਚ ਮਾਰਿਆ ਗਿਆ





**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਪ੍ਰਸਿੱਧ ਸ਼ਹਿਰ ਸਨ ਫਰਾਂਸਿਸਕੋ ਸਥਿੱਤ ਚੀਨ ਦੇ ਕੌਂ-ਸਲਖਾਨੇ (ਵੀਜਾ ਦਫਤਰ) ਵਿਚ ਉਸ ਵੇਲੇ ਹਾਲਾਤ ਬਹੁਤ ਤਨਾਅਪੂਰਨ ਬਣ ਗਏ ਜਦੋਂ ਇਕ ਤੇਜ ਰਫਤਾਰ ਕਾਰ ਅੰਦਰ ਵੜ ਕੇ ਇਕ ਕੰਧ ਨਾਲ ਟਕਰਾ ਕੇ ਤਬਾਹ ਹੋ ਗਈ। ਅਧਿਕਾਰੀਆਂ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਕਾਰ ਦਾ ਡਰਾਈਵਰ ਪੁਲਿਸ ਦੀ ਕਾਰਵਾਈ ਵਿਚ ਮਾਰਿਆ ਗਿਆ। ਸਨ ਫਰਾਂਸਿਸਕੋ ਪੁਲਿਸ ਵਿਭਾਗ ਦੇ ਬੁਲਾਰੇ ਸਾਰਜੈਂਟ ਕੈਥਰਾਇਨ ਵਿੰਟਰਜ ਅਨੁਸਾਰ ਇਹ ਘਟਨਾ ਦੁਪਹਿਰ ਬਾਅਦ 3.09 ਵਜੇ ਦੇ ਆਸ ਪਾਸ ਵਾਪਰੀ ਜਦੋਂ ਇਕ ਕਾਰ ਕੌਂਸਲੇਟ ਜਨਰਲ ਆਫ ਪੀਪਲਜ ਰਿਪਬਲਿਕ ਆਫ ਚਾਈਨਾ ਦੇ ਲਾਬੀ ਖੇਤਰ ਵਿਚ ਕੰਧ ਨਾਲ ਟਕਰਾ ਗਈ। ਇਸ ਉਪਰੰਤ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਕਾਰ ਦੇ ਡਰਾਈਵਰ ਨੂੰ ਗੋਲੀ ਮਾਰ ਦਿੱਤੀ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਬੁਲਾਰੇ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਜਦੋਂ ਘਟਨਾ ਵਾਪਰੀ ਉਸ ਵੇਲੇ ਕਿੰਨੇ ਲੋਕ ਕੌਂ-ਸਲਖਾਨੇ ਵਿਚ ਮੌਜੂਦ ਸਨ ਇਸ ਬਾਰੇ ਕੋਈ ਸਪਸ਼ਟ ਜਾਣਕਾਰੀ ਨਹੀਂ ਹੈ ਪਰੰਤੂ ਚੰਗੀ ਗਲ ਇਹ ਹੈ ਕਿ ਉਥੇ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਪ੍ਰੈਸ ਕਾਨਫਰੰਸ ਦੌਰਾਨ ਵਿੰਟਰਜ ਨੇ ਉਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਜਿਨਾਂ ਵਿਚ ਪੁੱਛਿਆ ਗਿਆ ਸੀ ਕਿ ਪੁਲਿਸ ਨੇ ਗੋਲੀ ਕਿਉਂ ਚਲਾਈ ਜਾਂ ਕੀ ਮਾਰਿਆ ਗਿਆ ਵਿਅਕਤੀ ਹਥਿਆਰਬੰਦ ਸੀ। ਕੀ ਇਹ ਹਾਦਸਾ ਜਾਣ ਬੁਝ ਕੇ ਕੀਤਾ ਗਿਆ ਹੈ , ਇਸ ਬਾਰੇ ਵੀ ਬੁਲਾਰੇ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਨਾ ਹੀ ਮਾਰੇ ਗਏ ਵਿਅਕਤੀ ਬਾਰੇ ਜਾਂ ਘਟਨਾ ਬਾਰੇ ਹੋਰ ਕੁਝ ਦਸਿਆ ਹੈ। ਚੀਨੀ ਕੌਸਲਖਾਨੇ ਦੇ ਬੁਲਾਰੇ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਹਾਦਸੇ ਕਾਰਨ ਇਮਾਰਤ ਨੂੰ ਬਹੁਤ ਨੁਕਸਾਨ ਪੁੱਜਾ ਹੈ ਤੇ ਲੋਕਾਂ ਲਈ ਗੰਭੀਰ ਖਤਰਾ ਪੈਦਾ ਕੀਤਾ ਹੈ। ਬੁਲਾਰੇ ਨੇ ਘਟਨਾ ਦੀ ਜੋਰਦਾਰ ਨਿੰਦਾ ਕਰਦਿਆਂ ਮਾਮਲੇ ਦੀ ਤੇਜੀ ਨਾਲ ਜਾਂਚ ਕਰਨ ਤੇ ਕਾਨੂੰਨ ਅਨੁਸਾਰ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਹੱਥੋਂ ਮਾਰੇ ਗਏ ਵਿਅਕਤੀ ਕੋਲੋਂ ਚਾਕੂ ਤੇ ਇਕ ਕਰਾਸਬੋਅ ਬਰਾਮਦ ਹੋਇਆ ਹੈ। ਮੌਕੇ 'ਤੇ ਮੌਜੂਦ ਇਕ ਵਿਅਕਤੀ ਵੱਲੋਂ ਬਣਾਈ ਵੀਡੀਓ ਵਿਚ ਕੌਂ-ਸਲਖਾਨੇ ਦੀ ਕੰਧ ਨਾਲ ਨੀਲੇ ਰੰਗ ਦੀ ਇਕ ਕਾਰ ਟਕਰਾਉਣ ਉਪਰੰਤ ਲੋਕ ਇਧਰ ਉਧਰ ਭਜ ਰਹੇ ਵਿਖਾਈ ਦੇ ਰਹੇ ਹਨ। ਗਵਾਹਾਂ ਅਨੁਸਾਰ ਕਾਰ ਵਿਚੋਂ ਨਿਕਲ ਕੇ ਡਰਾਈਵਰ ਨੇ ਉੱਚੀ ਆਵਾਜ਼ ਵਿਚ ਕਿਹਾ ਕਿਥੇ ਹੈ ਸੀ ਸੀ ਪੀ (ਚਾਈਨੀਜ ਕਮਿਊਨਿਸਟ ਪਾਰਟੀ)? ਅਧਿਕਾਰੀਆਂ ਅਨੁਸਾਰ ਮਾਮਲੇ ਦੀ ਜਾਂਚ ਉਪਰੰਤ ਹੀ ਘਟਨਾ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਜਾਵੇਗੀ।

## ਯਬਾ ਸਿਟੀ ਨਗਰ ਕੀਰਤਨ ਦੌਰਾਨ ਟਰੇਸੀ ਵਾਸੀ ਇਕ ਸਿੱਖ ਨੇ ਇਕ ਵਿਅਕਤੀ 'ਤੇ ਹਮਲਾ ਕਰਨ ਦਾ ਦੋਸ਼ ਸਵੀਕਾਰਿਆ

**ਸੈਕਰਾਮੈਂਟੋ, ਕੈਲੀਫੋਰਨੀਆ-** 2018 ਵਿਚ ਕੈਲੀਫੋਰਨੀਆ ਦੇ ਯੂਬਾ ਸਿਟੀ ਸ਼ਹਿਰ ਵਿਚ ਕੱਢੇ ਗਏ ਨਗਰ ਕੀਰਤਨ ਦੌਰਾਨ ਇਕ ਵਿਅਕਤੀ ਉਪਰ ਹੋਏ ਹਮਲੇ ਦੇ ਮਾਮਲੇ ਵਿਚ ਟਰੇਸੀ ਵਾਸੀ 44 ਸਾਲਾ ਪਰਮਵੀਰ ਸਿੰਘ ਗੋਸਲ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਸੂਟਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਗੋਸਲ ਨੇ 4 ਨਵੰਬਰ 2018 ਨੂੰ ਨਗਰ ਕੀਰਤਨ ਦੌਰਾਨ ਇਕ ਵਿਅਕਤੀ ਦੇ ਕਥਿੱਤ ਕਤਲ ਦੀ ਕੋਸ਼ਿਸ਼ ਤੇ ਉਸ ਨੂੰ ਗੰਭੀਰ ਜ਼ਖਮੀ ਕਰਨ ਸਮੇਤ ਹੋਰ ਦੋਸ਼ਾਂ ਨੂੰ ਮੰਨ ਲਿਆ ਹੈ। ਇਥੇ ਜਿਕਰਯੋਗ ਹੈ ਕਿ ਪੀੜਤ ਵਿਅਕਤੀ ਦੇ ਚੇਹਰੇ 'ਤੇ 23 ਟਾਂਕੇ ਲੱਗੇ ਸਨ। ਸੈਕਰਾਮੈਂਟੋ ਬੀ ਨਿਊਜ ਪੇਪਰ ਦੀ ਰਿਪੋਰਟ ਅਨੁਸਾਰ ਗੋਸਲ ਤੇ 3 ਹੋਰਨਾਂ ਨੇ ਹਥਿਆਰਾਂ ਨਾਲ ਇਕ ਵਿਅਕਤੀ 'ਤੇ ਹਮਲਾ ਕੀਤਾ ਸੀ ਜਿਸ ਕਾਰਨ ਪੀੜਤ ਦੀ ਖੱਬੀ ਅੱਖ ਹੇਠਾਂ ਗੰਭੀਰ ਸੱਟ ਵੱਜੀ ਸੀ। ਅਟਾਰਨੀ ਦਫਤਰ ਅਨੁਸਾਰ ਗੋਸਲ ਨੂੰ ਅਗਲੇ ਸਾਲ 29 ਜਨਵਰੀ ਨੂੰ ਸਜ਼ਾ ਸੁਣਾਈ ਜਾਵੇਗੀ।

# ਅਮਰੀਕਾ ਦੇ ਸੇਂਟ ਲੂਇਸ ਸ਼ਹਿਰ ਵਿਚ ਫੁੱਟਬਾਲ ਕੋਚ ਦੇ ਮਾਰੀਆਂ ਗੋਲੀਆਂ, ਹਾਲਤ ਗੰਭੀਰ

### ਆਪਣੇ ਪੁੱਤਰ ਦੇ ਖੇਡਣ ਦੇ ਸਮੇ ਤੋਂ ਨਿਰਾਸ਼ ਪਿਓ ਦਾ ਕਾਰਾ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਮਿਸੂਰੀ ਰਾਜ ਦੇ ਸ਼ਹਿਰ ਸੇਂਟ ਲੂਇਸ ਦੇ ਇਕ ਫੁੱਟਬਾਲ ਕੋਚ ਨੂੰ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦੇਣ ਦੀ ਖਬਰ ਹੈ। ਸੇਂਟ ਲੂਇਸ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਅਨੁਸਾਰ ਸ਼ਕੁਇਲ ਲਾਟੀਮੋਰ (30) ਦੀ ਹਾਲਤ ਗੰਭੀਰ ਪਰ ਸਥਿਰ ਹੈ। ਆਪਣੇ ਪੁੱਤਰ ਦੇ ਖੇਡਣ ਦੇ ਸਮੇ ਨੂੰ ਲੈ ਕੇ ਪ੍ਰੇਸ਼ਾਨ ਡੈਰੀਲ ਕਲੈਮੋਨਸ (43) ਨਾਮੀ ਵਿਅਕਤੀ ਨੇ ਲਾਟੀਮੋਰ ਨਾਲ ਹੋਏ ਝਗੜੇ ਉਪਰੰਤ ਉਸ ਉਪਰ ਗੋਲੀ ਚਲਾ ਦਿੱਤੀ। ਇਹ ਘਟਨਾ ਉੱਤਰੀ ਸੇਂਟ ਲੂਇਸ ਵਿਚ ਫੁੱਟਬਾਲ ਖਿਡਾਰੀਆਂ ਦੇ ਅਭਿਆਸ ਦੌਰਾਨ ਵਾਪਰੀ। ਸੇਂਟ ਲੂਇਸ ਬੈਡਬਵਾਇਜ਼ ਦੇ ਸਹਾਇਕ ਕੋਚ ਤੇ ਕੋਆਰੀਨੇਟਰ ਲਾਟੀਮੋਰ ਨੇ ਹਸਪਤਾਲ ਵਿਚ ਦਿੱਤੇ ਆਪਣੇ ਬਿਆਨ ਵਿਚ ਕਿਹਾ ਕਿ ਜਦੋਂ ਤਕ ਮੈ ਕਲੈਮੋਨਸ ਦੇ ਹੱਥ ਵਿਚ ਗੰਨ ਵੇਖਦਾ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ। ਮੈ ਦੌੜਿਆ ਪਰੰਤੂ ਉਸ ਨੇ ਮੇਰੀ ਪਿੱਠ ਵਿਚ ਗੋਲੀ ਮਾਰੀ ਉਪਰੰਤ ਮੈ ਡਿੱਗ ਪਿਆ ਤੇ ਮੇਰੇ ਡਿੱਗੇ ਪਏ ਉਪਰ ਉਸ ਨੇ ਹੋਰ ਗੋਲੀਆਂ ਚਲਾਈਆਂ। ਇਸ ਘਟਨਾ ਵਿਚ ਮੌਕੇ 'ਤੇ ਮੌਜੂਦ ਬੱਚਿਆਂ ਸਮੇਤ ਹੋਰ ਕੋਈ ਜ਼ਖਮੀ ਨਹੀਂ ਹੋਇਆ। ਸੇਂਟ ਲੂਇਸ ਬੈਡਬਵਾਇਜ਼ 9 ਤੋਂ 10 ਸਾਲ ਦੇ ਛੋਟੇ ਬੱਚਿਆਂ 'ਤੇ ਅਧਾਰਤ ਇਕ ਰੀਕਰੀਏਸ਼ਨਲ ਲੀਗ ਟੀਮ ਹੈ। ਘਟਨਾ ਉਪਰੰਤ ਕਲੈਮੋਨਸ ਖੁਦ ਹੀ ਪੁਲਿਸ ਅੱਗੇ ਹਾਜਰ ਹੋ ਗਿਆ ਤੇ ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਲਾਟੀਮੋਰ ਦੀ ਪਿੱਠ, ਲੱਤ, ਬਾਂਹ ਤੇ ਢਿੱਡ ਵਿਚ ਗੋਲੀ ਵੱਜੀ ਹੈ। ਉਸ ਦੇ ਸਰੀਰ ਦੇ ਅੰਦਰੂਨੀ ਅੰਗ ਵੀ ਗੋਲੀ ਵੱਜਣ ਕਾਰਨ ਜ਼ਖਮੀ ਹੋਏ ਹਨ। ਲਾਟੀਮੋਰ ਦੀ ਮਾਂ ਸੇਮਿਕੋ ਲਾਟੀਮੋਰ ਨੇ ਸ਼ੁੱਕਰ ਕੀਤਾ ਹੈ ਕਿ ਇਸ ਪਾਗਲਪਣ ਵਾਲੇ ਹਮਲੇ ਉਪਰੰਤ ਵੀ ਉਸ ਦਾ ਪੁੱਤਰ ਜਿਊਂਦਾ ਹੈ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ. ਬਲਿਹਾਰ ਸਿੰਘ ਗਰਚਾ ਅਤੇ ਸਰਦਾਰਨੀ ਸੁਖਵਿੰਦਰ ਕੌਰ ਗਰਚਾ ਪਰਿਵਾਰ ਵੱਲੋਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਪਾਠ ਕਰਵਾਏ ਗਏ

ਪਿਟਸਬਰਗ- ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਜੀ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਆਪਾਰ ਕਿਰਪਾ ਸਦਕਾ ਸ. ਬਲਿਹਾਰ ਸਿੰਘ ਗਰਚਾ ਅਤੇ ਬੀਬੀ ਸੁਖਵਿੰਦਰ ਕੌਰ ਗਰਚਾ ਪਰਿਵਾਰ ਵੱਲੋਂ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਗੁਰੂ ਘਰ ਵਿਖੇ ਦੀਵਾਨ ਸਜਾਏ ਗਏ, ਜਿਸ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਤੋਂ ਉਪਰੰਤ ਭਾਈ ਬਲਵਿੰਦਰ ਸਿੰਘ ਜੀ ਨੇ ਕਥਾ ਅਤੇ ਰਸ ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪਰਿਵਾਰ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਲੰਗਰ ਤਿਆਰ ਕੀਤਾ ਗਿਆ। ਦੂਰੋਂ-ਨੇੜਿਓਂ ਆਈਆਂ ਸੰਗਤਾਂ ਨੇ ਜਿੱਥੇ ਲੰਗਰਾਂ ਵਿਚ ਸੇਵਾ ਕਰਕੇ ਜਨਮ ਸਫਲਾ ਕੀਤਾ, ਉਥੇ ਗੁਰੂ ਘਰ ਵਿਖੇ ਬਾਣੀ ਸਰਵਣ ਕਰਕੇ ਵੀ ਲਾਹਾ ਪ੍ਰਾਪਤ ਕੀਤਾ ਅਤੇ ਗੁਰੂ ਦੀ ਕਿਰਪਾ ਨਾਲ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਉਪਰੰਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਪਰਿਵਾਰ ਦਾ ਅਤੇ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਦੀ ਸੇਵਾ ਜਨਰਲ ਸਕੱਤਰ ਸ੍ਰੀ ਨਰੇਸ਼ ਸਵੈਨ ਨੇ ਬਾਖੂਬੀ ਨਾਲ ਨਿਭਾਈ।











‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਬਣੀ ਫ਼ਿਲਮ ਸਰਾਭਾ ਦਾ ਟ੍ਰੇਲਰ ਫਰਿਜਨੋ ਵਿਖੇ ਰਲੀਜ਼

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਸੈਂਟਰਲਵੈਲੀ ਜਿਸਨੂੰ ਗਦਰੀ ਬਾਬਿਆਂ ਦੀ ਛੋਹ ਪ੍ਰਾਪਤ ਹੈ। ਗਦਰ ਲਹਿਰ ਦੇ ਸਭਤੋਂ ਘੱਟ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੇ ਅਧਾਰਤ ਪੰਜਾਬੀ ਫਿਲਮ ਦਾ ਟ੍ਰੇਲਰ ਫਰਿਜਨੋ ਸ਼ਹਿਰ ਦੇ ਮਸ਼ਹੂਰ ਰੈਸਟੋਰੈਂਟ ਇੰਡੀਆ ਕਬਾਬ ਵਿਖੇ ਲੰਘੇ ਐਂਤਵਾਰ ਰਲੀਜ਼ ਕੀਤਾ ਗਿਆ। ਇਹ ਫਿਲਮ 3 ਨਵੰਬਰ ਨੂੰ ਦੁਨੀਆਂ ਭਰ ਦੇ ਸਿਨੇਮਾਂ ਘਰਾਂ ਵਿੱਚ ਵਿਖਾਈ ਜਾਵੇਗੀ।

ਇਹ ਫ਼ਿਲਮ ਉੱਘੇ ਫ਼ਿਲਮਸਾਜ਼ ਕਵੀ ਰਾਜ਼ ਵੱਲੋ ਲਿੱਖੀ ਤੇ ਨਿਰਦੇਸ਼ਤ ਕੀਤੀ ਗਈ ਹੈ। ਇਹ ਫਿਲਮ ਗਦਰ ਲਹਿਰ ਦੇ ਹੀਰੋ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਜੀਵਨ ਤੇ ਅਧਾਰਤ ਹੈ। ਇਸ ਫਿਲਮ ਵਿੱਚ ਕੰਮ ਕਰ ਰਹੇ ਮੀਤ ਮਲਕੀਤ ਜਿਹੜੇ ਇਸ ਫਿਲਮ ਦੇ ਸਹਿ ਨਿਰਦੇਸ਼ਕ ਨੇ, ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਫਿਲਮ ਅਸੀ ਕਮੱਰਸ਼ੀਅਲ ਫ਼ਿਲਮਾਂ ਤੋਂ ਹਟਕੇ ਬਣਾਈ ਹੈ ਅਤੇ ਆਸ ਕਰਦੇ ਹਾਂ ਕਿ ਲੋਕ ਇੱਸ ਫਿਲਮ ਨੂੰ ਰੱਜਵਾਂ ਪਿਆਰ ਦੇਣਗੇ।




ਇਸ ਮੌਕੇ ਫਿਲਮ ਨਿਰਦੇਸ਼ਕ ਕਵੀ ਰਾਜ ਨੇ ਕਿਹਾ ਕਿ ਇਹ ਫਿਲਮ ਤੁਹਾਡੀ ਆਪਣੀ ਫਿਲਮ ਹੈ 'ਤੇ ਮੈਂ ਆਸ ਕਰਦਾਂ ਕਿ ਤੁਸੀਂ ਭਰਵਾਂ ਹੁੰਗਾਰਾ ਦੇਵੋਗੇ। ਇਸ ਮੌਕੇ ਪੀਸੀਏ ਮੈਂਬਰਾਂ ਤੋਂ ਬਿਨਾਂ ਇੰਡੋ ਅਮੈਰਕਿਨ ਹੈਰੀਟੇਜ਼ ਦੇ ਮੈਂਬਰ ਮਜੂਦ ਸਨ। ਇਸ ਮੌਕੇ ਇੰਡੋ ਯੂ ਐਸ ਹੈਰੀਟੇਜ਼ ਦੇ ਰਣਜੀਤ ਗਿੱਲ ਨੇ ਵੀ ਆਪਣੇ ਵਿਚਾਰ ਰੱਖੇ।

ਇਸ ਮੌਕੇ ਸੰਸਦ ਮੁਹੰਮਦ ਸਦੀਕ ਵੀ ਮਜੂਦ ਰਹੇ ਤੇ ਉਹਨਾਂ ਪੂਰੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਮਲਕੀਤ ਸਿੰਘ ਕਿੰਗਰਾ ਨੇ ਸਭਨੂੰ ਫ਼ਿਲਮ ਵੇਖਣ ਦੀ ਬੇਨਤੀ ਕੀਤੀ। ਇਸ ਮੌਕੇ ਉੱਘੇ ਕਾਰੋਬਾਰੀ ਅਵਤਾਰ ਗਿੱਲ, ਮੋਹਨ ਚੀਮਾਂ, ਜਗਰੂਪ ਭੰਡਾਲ, ਪਰਮੋਧ ਲੋਈ, ਬਿੰਦਰ ਸਰਾਭਾ, ਮਕੈਨਿਕ ਮਨਜੀਤ, ਰਵੀ ਸਰਾਭਾ ਅਤੇ ਤਾਜ਼ ਰੰਧਾਵਾ ਆਦਿ ਸੱਜਣ ਮਜੂਦ ਰਹੇ। ਅਖੀਰ ਇੰਡੀਆ ਕਬਾਬ ਦੇ ਸੁਆਦਿੱਸ਼ਟ ਖਾਣੇ ਨਾਲ ਅਮਿੱਟ ਪੈੜਾਂ ਛੱਡਦਾ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਲੋਕ ਗਾਇਕ ਮਿੰਟੂ ਧੂਰੀ ਤੇ ਦਲਜੀਤ ਕੌਰ ਨੇ ਫਰਿਜਨੋ 'ਚ ਲਾਈਆਂ ਰੌਣਕਾਂ





**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਲੋਕ ਗਾਇਕ ਮਿੰਟੂ ਧੂਰੀ ਅਤੇ ਦਲਜੀਤ ਕੌਰ ਅੱਜ ਕੱਲ ਆਪਣੀ ਨਿੱਜੀ ਫੇਰੀ ਤੇ ਅਮਰੀਕਾ ਪਹੁੰਚੇ ਹੋਏ ਨੇ, ਇੱਥੇ ਉਹਨਾਂ ਕੈਲੀਫੋਰਨੀਆਂ ਦੇ ਸ਼ਹਿਰ ਫਰਿਜਨੋ ਵਿਖੇ ਕਾਰੋਬਾਰੀ ਜਸਪਾਲ ਸਿੰਘ ਧਾਲੀਵਾਲ ਅਤੇ ਖੁਸ਼ ਧਾਲੀਵਾਲ, ਬਲਪ੍ਰੀਤ ਸਿੱਧੂ ਦੇ ਘਰ ਖੁੱਲ੍ਹਾ ਅਖਾੜਾ ਲਾਇਆ। ਇਸ ਮੌਕੇ ਕਿਰਸਾਨ ਚਰਨਜੀਤ ਸਿੰਘ ਬਾਠ ਤੋਂ ਬਿਨਾ ਇਲਾਕੇ ਦੇ ਬਹੁਤ ਸਾਰੇ ਪਤਵੰਤੇ ਪਹੁੰਚੇ ਹੋਏ ਸਨ, ਜਿੰਨਾਂ ਵਿੱਚ ਸਰਪੰਚ ਜੁਗਰਾਜ ਸਿੰਘ ਦੌਧਰ, ਬਿੱਟੂ ਕੁੱਸਾ, ਬੌਬੀ ਸਿੱਧੂ, ਐਡਮ, ਮੱਲ ਦੌਧਰ, ਜੁਗਰਾਜ ਲੁਹਾਰਾ, ਸਟੀਵ, ਮਿੱਕੀ ਸਿਆਲ, ਅਮਰਜੀਤ ਸਿੰਘ ਦੌਧਰ, ਰੰਮੀ ਧਾਲੀਵਾਲ, ਜੈਲਾ ਧੂੜਕੋਟ, ਜੱਗਾ ਸਧਾਰ, ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਪਵਿੱਤਰ ਸਿੰਘ, ਗੁਰਪ੍ਰੀਤ ਸਿੰਘ ਦੌਧਰ, ਮਾਸਟਰ ਦਲਬਾਰਾ ਸਿੰਘ, ਲੱਕੀ ਬਾਰਬਰ ਆਦਿ ਦੇ ਨਾਮ ਜਿਕਰਯੋਗ ਹਨ।



ਇਸ ਮੌਕੇ ਗਾਇਕ ਮਿੰਟੂ ਧੂਰੀ ਅਤੇ ਦਲਜੀਤ ਕੌਰ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਹਰਕੋਈ ਅਸ਼ ਅਸ਼ ਕਰ ਉੱਠਿਆ। ਇਸ ਮੌਕੇ ਗਾਇਕ ਪੱਪੀ ਭਦੌੜ ਅਤੇ ਬਹਾਦਰ ਸਿੱਧੂ ਨੇ ਵੀ ਇੱਕ-ਇੱਕ ਗੀਤ ਨਾਲ ਸਟੇਜ਼ ਤੇ ਹਾਜ਼ਰੀ ਭਰੀ। ਸਟੇਜ਼ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖ਼ੂਬੀ ਕੀਤਾ। ਕਾਲਾ ਸਿੱਧੂ ਨੇ ਸੁਆਦਿਸ਼ਟ ਫੂਡ ਨੇ ਸਭਨਾਂ ਨੂੰ ਉਂਗਲਾਂ ਚੱਟਣ ਲਈ ਮਜਬੂਰ ਕਰ ਦਿੱਤਾ। ਢੋਲ ਤੇ ਹਾਜ਼ਰੀ ਜ਼ੋਰੇ ਢੋਲੀ ਨੇ ਭਰੀ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।







ਦੇਸ਼ ਦੁਆਬਾ

# ਬੁੱਧ ਧੱਮ ਪਿਛੋਕੜ ਮਹੱਤਵ ਅਤੇ ਡਾ. ਅੰਬੇਡਕਰ

**ਮਹਿਮਾਨ ਸੰਪਾਦਕੀ**

ਸੈਂਕੜੇ ਸਦੀਆਂ ਪਹਿਲਾਂ ਭਾਰਤ ਵਿਚ ਵੈਦਿਕ ਸਭਿਆਚਾਰ ਅਧੀਨ ਆਰੀਆ ਨੇ ਵਰਣ ਵਿਵਸਥਾ ਦੀ ਸਥਾਪਤੀ ਕਰਨ ਉਪਰੰਤ ਹੌਲੀ-ਹੌਲੀ ਇਸ ਵਿਵਸਥਾ ਨੂੰ ਜਾਤ-ਪਾਤੀ ਸਿਸਟਮ ਵਿਚ ਪਰਿਵਰਤਿਤ ਕਰ ਦਿੱਤਾ। ਦਿਲਚਸਪ ਤੇ ਵਿਚਾਰਨ ਯੋਗ ਗੱਲ ਇਹ ਹੈ ਕਿ ਜਾਤੀ-ਵੰਡ ਕੇਵਲ ਸ਼ੂਦਰਾਂ ਵਿਚ ਹੀ ਕੀਤੀ ਗਈ। 563 ਈਸਵੀ ਪੂਰਵ ਪੈਦਾ ਹੋਏ ਮਹਾਂਮਾਨਵ ਤਥਾਗਤ ਬੁੱਧ ਨੇ ਆਰੀਆ ਦੁਆਰਾ ਸਿਰਜੀ ਇਸ ਵਰਣ-ਵਿਵਸਥਾ ਨੂੰ ਵੰਗਾਰਿਆ, ਧਰਮ-ਸ਼ਾਸਤਰਾਂ ਦੇ ਅਖੌਤੀ ਰੱਬੀ-ਆਦੇਸ਼ਾਂ ਅਤੇ ਜਾਤੀ ਪ੍ਰਥਾ ਦਾ ਜ਼ੋਰਦਾਰ ਵਿਰੋਧ ਅਤੇ ਖੰਡਨ ਕੀਤਾ, ਜਿਸ ਦੇ ਸਿੱਟੇ ਵਜੋਂ ਭਾਰਤ ਵਿਚ ਸਮਤਾ, ਸੁਤੰਤਰਤਾ, ਭਾਈਚਾਰਕ ਸਾਂਝ ਅਤੇ ਸਮਾਜਿਕ ਨਿਆਂ ਦਾ ਸ਼ਾਸਨ ਸਥਾਪਤ ਹੋਇਆ ਅਤੇ ਸ਼੍ਰਮਣ ਸੰਸਕ੍ਰਿਤੀ ਦਾ ਉਦੈ ਹੋਇਆ।

ਇਸ ਤੋਂ ਪਹਿਲਾਂ 643 ਪੂਰਵ ਈਸਾ ਗੈਰ-ਆਰਿਆਈ ਨਾਗਵੰਸ਼ ਨਾਲ ਸਬੰਧਤ ਸ਼ਿਸ਼ਨਾਗ ਨੇ ਮਗਧ (ਬਿਹਾਰ) ਵਿਚ ਆਪਣਾ ਰਾਜ ਸਥਾਪਤ ਕਰਕੇ ਇਕ ਨਵੀਂ ਕ੍ਰਾਂਤੀ ਨੂੰ ਅੰਜ਼ਾਮ ਦਿੱਤਾ। ਇਸ ਗੌਰਵਸ਼ਾਲੀ ਸਿਆਸੀ ਤਬਦੀਲੀ ਨੂੰ ਡਾ. ਅੰਬੇਡਕਰ ਸਾਹਿਬ ਨੇ, ਭਾਰਤ ਦੇ ਰਾਜਨੀਤਿਕ ਇਤਿਹਾਸ ਵਿਚ ਪਹਿਲੀ ਜੁੱਗ ਪਲਟਾਊ ਘਟਨਾ ਕਰਾਰ ਦਿੱਤਾ ਸੀ। ਇਸ ਉਪਰੰਤ 323 ਈ. ਪੂਰਵ ਚੰਦਰ ਗੁਪਤ ਮੌਰੀਆ ਦੀ ਅਗਵਾਈ ਹੇਠ ਮੌਰੀਆ ਰਾਜ ਦੀ ਸਥਾਪਤੀ ਨੂੰ ਸੁਤੰਤਰਤਾ, ਮਹਾਨਤਾ ਅਤੇ ਗੌਰਵ ਦਾ ਸਮਾਂ ਦਰਸਾਉਂਦਿਆਂ ਵੋਲੀਅਮ 3, ਪੇਜ 71 ਉੱਤੇ ਉਹ ਲਿਖਦੇ ਹਨ ਕਿ ''ਮੌਰੀਆ ਕਾਲ ਇਕ ਅਜਿਹਾ ਕਾਲ ਸੀ ਜਦੋਂ ਚਤੁਰਵਰਣ ਵਿਵਸਥਾ ਪੂਰੀ ਤਰ੍ਹਾਂ ਤਬਾਹ ਹੋ ਗਈ ਸੀ, ਜਦੋਂ ਸ਼ੂਦਰ, ਜੋ ਬੜਾ ਜਨਸਮੂਹ ਸੀ, ਖੁਦ ਅੱਗੇ ਆਏ ਅਤੇ ਦੇਸ਼ ਦੇ ਸ਼ਾਸਕ ਬਣ ਗਏ।'' ਸ਼੍ਰਮਣ ਸੰਸਕ੍ਰਿਤੀ ਦੇ ਇਸ ਇਤਿਹਾਸਕ ਕਾਲਕ੍ਰਮ ਵਿਚ ਚੰਦਰ ਗੁਪਤ ਮੌਰੀਆ ਤੋਂ ਬਾਅਦ ਸ਼ਿਸ਼ੁਨਾਗ ਦੀ 5ਵੀਂ ਪੀੜ੍ਹੀ 'ਚੋਂ ਬਿੰਬਸਾਰ 546 ਈ. ਪੂਰਵ ਮਗਧ ਦੇ ਰਾਜਾ ਬਣੇ ਜੋ ਤਥਾਗਤ ਬੁੱਧ ਤੋਂ ਉਮਰ ਵਿਚ ਪੰਜ ਸਾਲ ਛੋਟੇ ਸਨ। ਪੂਰੇ ਵਿਸ਼ਵ ਵਿਚ ਪ੍ਰਸਿੱਧੀ ਪ੍ਰਾਪਤ ਅਸ਼ੋਕ ਮਹਾਨ ਰਾਜਾ ਬਿੰਬਸਾਰ ਦਾ ਪੁੱਤਰ ਸੀ, ਜਿਸਨੇ ਤਥਾਗਤ ਬੁੱਧ ਦੇ ਫ਼ਲਸਫ਼ੇ ਨੂੰ ਮੱਧ ਏਸ਼ੀਆ ਤੋਂ ਲੈ ਕੇ ਪੂਰਬੀ ਦੇਸ਼ਾਂ ਤੱਕ ਪ੍ਰਚਾਰਿਤ ਕੀਤਾ।

184 ਈ. ਪੂਰਵ ਅਰਥਾਤ ਲਗਭਗ 2200 ਸਾਲ ਪਹਿਲਾਂ ਸ਼ੂਦਰ ਅਰਥਾਤ ਮੌਰੀਆ ਵੰਸ਼ ਦੇ ਅੰਤਿਮ ਰਾਜਾ ਬ੍ਰਹਦਰਥ ਨੂੰ ਉਸਦੇ ਹੀ ਵਿਸ਼ਵਾਸਘਾਤੀ, ਗੱਦਾਰ ਬ੍ਰਾਹਮਣ ਸੈਨਾਪਤੀ ਪੁਸ਼ਯਮਿੱਤਰ ਸ਼ੁੰਗ ਨੇ ਕਤਲ ਕਰਕੇ ਜਿੱਥੇ ਭਾਰਤ ਵਿਚੋਂ ਨਾਗਵੰਸ਼ੀ ਸ਼ੂਦਰਾਂ ਦਾ ਲਗਭਗ ਚਾਰ ਸਦੀਆਂ ਪੁਰਾਣਾ ਰਾਜ ਹਮੇਸ਼ਾ ਲਈ ਖਤਮ ਕਰ ਦਿੱਤਾ, ਉਥੇ ਬੁੱਧ ਧੱਮ ਦੀ ਵਰਣ ਵਿਰੋਧੀ ਵਿਚਾਰਧਾਰਾ ਨੂੰ ਵੀ ਪੁਰਜ਼ੋਰ ਢੰਗ ਨਾਲ ਤਬਾਹ ਕਰ ਦਿੱਤਾ। ਉਹ ਆਪ ਰਾਜਾ ਬਣ ਗਿਆ ਅਤੇ ਉਸਦੇ ਰਾਜ ਕਾਲ ਵਿਚ ਹੀ 'ਕਪਟੀ' ਬ੍ਰਾਹਮਣਾਂ ਵੱਲੋਂ ਸ਼ੂਦਰਾਂ ਅਤੇ ਅਤੀ ਸ਼ੂਦਰਾਂ ਵਿਰੁੱਧ ਅਖੌਤੀ ਧਰਮ-ਸ਼ਾਸਤਰਾਂ ਤੇ ਸਿਮ੍ਰਤੀਆਂ ਦੀ ਸਿਰਜਣਾ ਕਰਕੇ ਜਾਤ-ਪਾਤੀ ਵਿਵਸਥਾ ਨੂੰ ਬਹੁਤ ਹੀ ਕਰੂਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਗਿਆ। ਸਿੱਟੇ ਵਜੋਂ ਭਾਰਤੀ ਸਮਾਜ ਵਿਚ ਪਾਈਆਂ ਵੰਡੀਆਂ ਦੇ ਕਾਰਨ ਸਮੁੱਚੇ ਭਾਰਤੀ ਵੱਖ-ਵੱਖ ਸਮਿਆਂ ਵਿਚ ਵਿਦੇਸ਼ੀ ਨਸਲਾਂ, ਧਾੜਵੀਆਂ ਅਤੇ ਹੁਕਮਰਾਨਾਂ ਦੇ ਜ਼ੁਲਮਾਂ ਅਤੇ ਬੇਇਨਸਾਫ਼ੀਆਂ ਦੇ ਸ਼ਿਕਾਰ ਹੋਣ ਲੱਗੇ। ਮਹਾਂਮਾਨਵ ਬੁੱਧ ਦੇ ਮਾਨਵਵਾਦੀ ਚਿੰਤਨ ਨੂੰ ਸਦੀਵੀ ਤੌਰ 'ਤੇ ਖਤਮ ਕਰਨ ਲਈ ਭਾਰਤ ਵਿਚ ਮਨੂ ਸਿਮ੍ਰਤੀ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ। ਇਨ੍ਹਾਂ ਅਮਾਨਵੀ ਪ੍ਰਸਥਿਤੀਆਂ ਦੇ ਵਿਰੋਧ ਵਿਚ ਹੀ 10ਵੀਂ ਸਦੀ ਤੋਂ ਲੈ ਕੇ ਮੱਧਕਾਲੀਨ ਭਾਰਤੀ ਇਤਿਹਾਸਕ ਵਿਚ ਨਾਥ-ਜੋਗੀ, ਸੂਫ਼ੀ, ਸੰਤ-ਸਤਿਗੁਰੂ ਅਤੇ ਸਿੱਖ ਗੁਰੂ ਸਾਹਿਬਾਨ ਜ਼ੋਰਦਾਰ ਆਵਾਜ਼ ਬੁਲੰਦ ਕਰਦੇ ਹਨ।

20ਵੀਂ ਸਦੀ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਵਿਦਿਆ ਦੀਆਂ ਉੱਚ ਡਿਗਰੀਆਂ ਨਾਲ ਲੈਸ ਹੋ ਕੇ ਸਿਮ੍ਰਤੀਆਂ, ਸ਼ਰੂਤੀਆਂ ਅਤੇ ਅਖੌਤੀ ਧਰਮ ਸ਼ਾਸਤਰਾਂ ਦੀ ਪ੍ਰਭੂਸੱਤਾ ਨੂੰ ਵੰਗਾਰਦੇ ਹੋਏ ਤਥਾਗਤ ਬੁੱਧ ਦੀ ਵਿਚਾਰਧਾਰਾ ਨੂੰ ਪੁਨਰ ਸੁਰਜੀਤ ਕਰਨ ਦਾ ਕ੍ਰਾਂਤੀਕਾਰੀ ਤੇ ਇਤਿਹਾਸਕ ਯਤਨ ਕਰਦੇ ਹਨ। ਬੁੱਧੀਮਤਾ, ਤਰਕਪੂਰਵਿਕ, ਵਿਵੇਕਸ਼ੀਲਤਾ ਦੇ ਆਧਾਰ 'ਤੇ ਭਾਰਤੀ ਸੰਵਿਧਾਨ ਦੀ ਸਿਰਜਣਾ ਦੁਆਰਾ ਕਾਨੂੰਨ ਦੀ ਸ਼ਕਤੀ ਨਾਲ ਛੂਆ-ਛੂਤ ਨੂੰ ਅਪਰਾਧ ਕਰਾਰ ਦੁਆ ਕੇ ਅਤੇ ਸਾਰੇ ਭਾਰਤੀਆਂ ਨੂੰ ਤਰੱਕੀ ਦੇ ਸਮਾਨ ਅਵਸਰ ਪ੍ਰਦਾਨ ਕਰਵਾ ਕੇ ਉਹ ਭਾਰਤ ਨੂੰ ਬੁੱਧਮਈ ਦੇਸ਼ ਬਣਾਉਣ ਦਾ ਸੁਪਨਾ ਲੈਂਦੇ ਹੋਏ 14 ਅਕੂਬਰ 1956 ਨੂੰ ਹਿੰਦੂ ਧਰਮ ਤਿਆਗ ਕੇ ਬੁੱਧ ਧੱਮ ਵਿਚ ਦੀਕਸ਼ਤ ਹੁੰਦੇ ਹਨ। ਬੁੱਧ ਧੱਮ ਅਪਣਾਉਣ ਦਾ ਆਪ ਜੀ ਦਾ ਮੂਲ ਉਦੇਸ਼ ਹੀ ਇਹ ਸੀ ਕਿ ਸਦੀਆਂ ਤੋਂ ਪਿਛਾੜੇ ਤੇ ਦੁਰਕਾਰੇ 'ਅਛੂਤਾਂ' ਵਿਚ ਸਵੈ-ਮਾਣ, ਸਵੈ-ਭਰੋਸਾ, ਤਰਕਸ਼ੀਲਤਾ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਏਕਤਾ ਵਾਲੇ ਗੁਣ ਪੈਦਾ ਕਰਕੇ ਇਨ੍ਹਾਂ ਨੂੰ ਰੂੜ੍ਹੀਵਾਦੀਆਂ ਨਾਲ ਟੱਕਰ ਲੈਣ ਲਈ ਇਕ ਮੰਚ ਤੇ ਲਿਆਂਦਾ ਜਾਵੇ ਤਾਂ ਕਿ ਏਕੇ ਦੀ ਲੜੀ ਵਿਚ ਪ੍ਰੋ ਹੋ ਕੇ ਇਹ ਰਾਜਨੀਤਿਕ ਸੱਤਾ ਪ੍ਰਾਪਤ ਕਰ ਸਕਣ। ਜਿਸ ਰੂੜ੍ਹੀਵਾਦੀ, ਬ੍ਰਾਹਮਣਵਾਦੀ ਫਲਸਫੇ ਨੇ ਅਛੂਤਾਂ ਅਤੇ ਸ਼ੂਦਰਾਂ ਨੂੰ ਸਦੀਆਂ ਤੋਂ ਗੁਲਾਮ ਬਣਾਈ ਰੱਖਿਆ ਹੈ, ਡਾ. ਅੰਬੇਡਕਰ ਸਾਹਿਬ ਉਸਦਾ ਤਿਆਗ ਕਰਵਾ ਕੇ ਇਨ੍ਹਾਂ ਅੰਦਰ ਇਕ ਨਵੀਂ ਸੋਚ, ਨਵੀਂ ਰੌਸ਼ਨੀ ਅਤੇ ਨਵੇਂ ਆਦਰਸ਼ ਸਥਾਪਤ ਕਰਨਾ ਚਾਹੁੰਦੇ ਸਨ। ਪ੍ਰੰਤੂ ਦੁੱਖ ਇਸ ਗੱਲ ਦਾ ਹੈ ਕਿ ਕਈ 'ਬੇਸਮਝ' ਰੂੜ੍ਹੀਵਾਦੀ ਬਾਬਾ ਸਾਹਿਬ ਦੇ ਵਿਰੋਧ ਵਿਚ ਖੜ੍ਹ ਗਏ ਅਤੇ ਇਹ ਵਿਰੋਧ ਅੱਜ ਵੀ ਜਾਰੀ ਹੈ। ਸਮਾਜ ਨੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ।

ਬਾਬਾ ਸਾਹਿਬ ਨੇ ਸਪਸ਼ਟ ਕਿਹਾ ਸੀ ਕਿ 'ਸਾਡੇ ਅੰਦੋਲਨ ਦਾ ਮੂਲ ਉਦੇਸ਼ ਸ਼ਕਤੀ, ਮਜ਼ਬੂਤੀ, ਸਮਾਨਤਾ, ਸੁਤੰਤਰਤਾ, ਭਾਈਚਾਰਾ ਅਤੇ ਸਮਾਜਿਕ ਨਿਆਂ ਹੈ। ਅਸੀਂ ਕਾਲੇ ਸਮਿਆਂ ਵਿਚ ਰਚੇ ਸ਼ਾਸਤਰਾਂ, ਸਿਮ੍ਰਤੀਆਂ ਦੁਆਰਾ ਸ਼ਾਸ਼ਿਤ ਹੋਣ ਅਤੇ ਇਨ੍ਹਾਂ ਪ੍ਰਤੀ ਪ੍ਰਤੀਬੱਧ ਹੋਣ ਤੋਂ ਇਨਕਾਰ ਕਰਦੇ ਹਾਂ। ਅਸੀਂ ਨਿਆਂ ਅਤੇ ਮਾਨਵਤਾ ਵਿਚ ਵਿਸ਼ਵਾਸ ਰੱਖਦੇ ਹਾਂ।' ਇਹੀ ਮਹਾਂਮਾਨਵ ਬੁੱਧ ਦਾ ਫਲਸਫਾ ਸੀ। ਡਾ. ਅੰਬੇਡਕਰ 'ਅਗਿਆਨਤਾ' ਨੂੰ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਮੰਨਦੇ ਸਨ, ਇਸ ਲਈ ਆਪਣੇ ਲੋਕਾਂ ਨੂੰ ਬੁੱਧੀਵਾਦੀ, ਤਰਕਯੁਕਤ ਅਤੇ ਵਿਵੇਕਸ਼ੀਲ ਬਣਾਉਣਾ ਚਾਹੁੰਦੇ ਸਨ। ਪਰ ਆਪਣੇ ਹੀ ਰੂੜ੍ਹੀਵਾਦੀ ਅਤੇ ਅੰਧ-ਵਿਸ਼ਵਾਸੀ ਆਗੂਆਂ ਦੇ ਪ੍ਰਭਾਵ ਅਧੀਨ ਸਮਾਜ ਹਾਲੇ ਵੀ ਭਟਕਣਾ ਦੀ ਸਥਿਤੀ ਵਿਚ ਹੈ।ਬਾਬਾ ਸਾਹਿਬ ਅਨੁਸਾਰ ਬੁੱਧ ਧੱਮ ਇਕ ਕ੍ਰਾਂਤੀ ਸੀ ਜੋ ਧਾਰਮਿਕ ਕ੍ਰਾਂਤੀ ਤੋਂ ਸ਼ੁਰੂ ਹੋ ਕੇ ਮਨੁੱਖ ਦੁਆਰਾ ਸਿਰਜੇ ਜਾਤੀ ਬੰਧਨਾਂ ਨੂੰ ਤੋੜਕੇ, ਸਾਰਿਆਂ ਨੂੰ ਤਰੱਕੀ ਦੇ ਬਰਾਬਰ ਮੌਕੇ ਪ੍ਰਦਾਨ ਕਰਕੇ ਇਕ ਰਾਜਨੀਤਿਕ ਕ੍ਰਾਂਤੀ ਹੋ ਨਿੱਬੜੀ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਤਥਾਗਤ ਬੁੱਧ ਦੀ ਸਿੱਖਿਆ ਰਕਤ-ਰਹਿਤ ਕ੍ਰਾਂਤੀ ਦੁਆਰਾ ਸਾਮਵਾਦ ਲਿਆ ਸਕਦੀ ਹੈ।

ਇਹ ਸੰਤੁਸ਼ਟੀ ਵਾਲੀ ਗੱਲ ਹੈ ਕਿ 'ਅੰਬੇਡਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਰਾਹੀਂ ਪ੍ਰੇਮ ਕੁਮਾਰ ਚੁੰਬਰ ਜੀ ਅਤੇ ਉਨ੍ਹਾਂ ਦੇ ਸਾਥੀ ਲੇਖਕ ਤੇ ਪੱਤਰਕਾਰ ਜਨ-ਚੇਤਨਾ ਪੈਦਾ ਕਰਨ ਵਿਚ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ। 14 ਅਕਤੂਬਰ 2023 ਨੂੰ 'ਅੰਬੇਡਕਰ ਇੰਟਰਨੈਸ਼ਨਲ ਸੈਂਟਰ' ਮੈਰੀਲੈਂਡ, ਅਮਰੀਕਾ ਵਿਖੇ ਬਾਬਾ ਸਾਹਿਬ ਦੀ ਵਿਸ਼ਾਲ ਤੇ ਪ੍ਰਭਾਵਸ਼ਾਲੀ ਮੂਰਤੀ ਸਥਾਪਤ ਕਰਨ ਦੇ ਸਮਾਗਮ ਨੂੰ ਟੈਲੀਕਾਸਟ ਕਰਨ ਵਿਚ ਨਿਭਾਏ ਗਏ ਪ੍ਰਮੁੱਖ ਯੋਗਦਾਨ ਲਈ ਮੁੱਖ ਸੰਪਾਦਕ ਅਤੇ ਸ੍ਰੀ ਪਾਮਸ ਭੱਟੀ ਸਾਹਿਬ ਵਧਾਈ ਅਤੇ ਧੰਨਵਾਦ ਦੇ ਮੁੱਖ ਪਾਤਰ ਹਨ। ਇਨ੍ਹਾਂ ਸਾਥੀਆਂ ਨੂੰ ਹਾਰਦਿਕ ਸ਼ੁਭ ਇੱਛਾਵਾਂ!

**– ਡਾ. ਜੀ. ਸੀ. ਕੌਲ**

# STATUE OF EQUALITY ਦੀ ਕਹਾਣੀ ਤਸਵੀਰਾਂ ਦੀ ਜ਼ੁਬਾਨੀ

**ਡਾ. ਜੀ. ਸੀ. ਕੌਲ**

ਅੰਬੇਡਕਰ ਇੰਟਰਨੈਸ਼ਨਲ ਸੈਂਟਰ, ਮੈਰੀਲੈਂਡ, ਅਮਰੀਕਾ ਵਿਖੇ ਵਿਸ਼ਵ ਦੇ ਮਹਾਨ ਚਿੰਤਕ, ਭਾਰਤ ਵਿਚ ਸਮਤਾ, ਸੁਤੰਤਰਤਾ, ਭਾਈਚਾਰਕ ਏਕਤਾ ਅਤੇ ਸਮਾਜਿਕ ਇਨਸਾਫ ਲਈ ਅਹਿੰਸਾਤਮਕ ਅੰਦੋਲਨ ਕਰਨ ਵਾਲੇ ਸਿਰਮੌਰ ਆਗੂ, ਮਾਨਵਤਾ ਲਈ ਸੰਘਰਸ਼ ਕਰਨ ਵਾਲੇ ਬੇਜੋੜ ਯੋਧੇ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 19 ਫੁੱਟ ਉਚੇ ਬੁੱਤ ਦੀ 14 ਅਕਤੂਬਰ 2023 ਨੂੰ ਸਥਾਪਤੀ ਅਜੋਕੇ ਇਤਿਹਾਸਕ ਕਾਲ ਦੀ ਇਕ ਮਹਾਨ ਪ੍ਰਾਪਤੀ ਹੈ। ਅਮਰੀਕਾ ਦੀ ਵਿਸ਼ਵ ਪ੍ਰਸਿੱਧ ਪਹਿਚਾਣ STATUE OF LIBERTY ਤੋਂ ਕੁਝ ਮੀਲਾਂ ਦੀ ਦੂਰੀ ਤੇ ਡਾ. ਅੰਬੇਡਕਰ ਸਾਹਿਬ ਦੀ ਪਵਿੱਤਰ ਯਾਦ ਵਿਚ ਸਥਾਪਤ ਕੀਤਾ ਗਿਆ ਉਹਨਾਂ ਦਾ ਸਟੈਚੂ 'ਸਮਾਨਤਾ ਦੀ ਮੂਰਤੀ' ਅਰਥਾਤ STATUE OF EQUALITY ਦੇ ਪ੍ਰਤੀਕ ਵਜੋਂ ਸਦੀਆਂ ਤੱਕ ਮਾਨਵੀ ਹੱਕਾਂ ਲਈ ਸੰਘਰਸ਼ ਕਰਨ ਵਾਲੇ ਯੋਧਿਆਂ ਦਾ ਰਾਹ ਰੁਸ਼ਨਾਉਂਦਾ ਰਹੇਗਾ।

ਇਸ ਸ਼ੁਭ ਅਵਸਰ 'ਤੇ ਇਨ੍ਹਾਂ ਇਤਿਹਾਸਕ ਪਲਾਂ ਨੂੰ ਆਪਣੀਆਂ ਯਾਦਾਂ ਦਾ ਸਦੀਵੀ ਹਿੱਸਾ ਬਣਾਉਣ ਲਈ ਅਮਰੀਕਾ, ਕੈਨੇਡਾ, ਯੂਰਪ ਅਤੇ ਭਾਰਤ ਦੇ ਅਨੇਕ ਸ਼ਹਿਰਾਂ ਤੋਂ ਆਏ ਬਾਬਾ ਸਾਹਿਬ ਅਤੇ 'ਅਛੂਤਾਂ' ਲਈ ਸੰਘਰਸ਼ ਕਰਨ ਵਾਲੇ ਅਨੇਕਾਂ ਮਹਾਂਪੁਰਖਾਂ ਦੇ ਪੈਰੋਕਾਰਾਂ ਨੇ ਇਸ ਪ੍ਰਭਾਵਸ਼ਾਲੀ ਸਮਾਗਮ ਵਿਚ ਸ਼ਿਰਕਤ ਕੀਤੀ। ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਪਾਮਸ ਭੱਟੀ ਨੇ ਇਨ੍ਹਾਂ ਯਾਦਗਾਰੀ ਪਲਾਂ ਨੂੰ ਵੀਡੀਓ, ਇੰਟਰਵਿਊ ਅਤੇ ਤਸਵੀਰਾਂ ਵਿਚ ਅੰਕਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਿਮਨ ਪ੍ਰਕਾਸ਼ਿਤ ਤਸਵੀਰਾਂ ਦੇ ਰੂਪ ਵਿਚ ਪ੍ਰਸਤੁਤ ਹਨ ਇਸ ਇਤਿਹਾਸਕ ਸਮਾਗਮ ਦੇ ਯਾਦਗਾਰੀ ਪਲ:



(ਤਸਵੀਰਾਂ- ਪਾਮਸ ਭੱਟੀ)















The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਪੰਜਾਬ ਭਵਨ ਸਰੀ ਦੇ ਵੇਹੜੇ

ਪੰਜਾਬ ਭਵਨ ਸਰੀ ਦੇ ਬਾਨੀ ਸ਼੍ਰੀ ਸੁੱਖੀ ਬਾਠ, ਅੰਤਰ-ਰਾਸ਼ਟਰੀ ਪੱਧਰ ਦੇ ਕਵੀ ਕਵਿੰਦਰ ਚਾਂਦ ਅਤੇ ਸਿਰਤਾਜ ਲੇਖਕ ਕਵੀ ਅਮਰੀਕ ਪਲਾਹੀ ਵੱਲੋਂ ਪਿਆਰ ਭਰੇ ਸੱਦੇ ਨੂੰ ਸਿਰ ਮੱਥੇ ਮੰਨਦਿਆਂ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਮੈਂਬਰਾਂ, ਅਹੁਹਦੇਦਾਰਾਂ ਦੀ, ਨੇ ਆਪੋ ਆਪਣੀਆਂ ਨਜ਼ਮਾਂ,ਗ਼ਜ਼ਲਾਂ, ਗੀਤਾਂ ਨਾਲ ਆਲੇ ਦੁਆਲੇ "ਚ ਵਿਸਮਾਦ ਭਰ ਦਿੱਤਾ। ਸਥਾਨਿਕ ਕਵੀਆਂ ਜਸਵੀਰ ਭਲੂਰੀਆ, ਕ੍ਰਿਸ਼ਨ ਭਨੋਟ, ਦਰਸ਼ਨ ਸਿੰਘ ਸੰਘਾ, ਹਰਚੰਦ ਸਿੰਘ ਬਾਗੜੀ, ਜਰਨੈਲ ਸਿੰਘ, ਇੰਦਰਜੀਤ ਸਿੰਘ ਧਾਮੀ ਆਦਿ ਨੇ ਜਿੱਥੇ ਵੱਖ ਵੱਖ ਖੇਡੇ ਨਾਟਕਾਂ 'ਲੱਛੂ ਕਬਾੜੀਆ' ਅਤੇ 'ਸੰਦੂਕੜੀ ਖੋਲ੍ਹ ਨਰੈਣਿਆ' ਨੂੰ ਦੇਖਣ ਵਾਲਿਆਂ ਦਾ ਸਮੁੰਦਰੀ-ਇਕੱਠ ਇਹਨਾਂ ਦੀ ਲੋਕ-ਪਸੰਦੀ ਦਾ ਸਬੂਤ ਸੀ।

ਸ.ਅਰਜਨ ਸਿੰਘ ਬਾਠ ਯਾਦਗਾਰੀ ਐਵਾਰਡ, ਪੰਜਾਬ ਭਵਨ ਵੱਲੋਂ ਸਮਾਜ ਸੇਵਕ ਸੁੱਚਾ



ਅਕਤੂਬਰ 8 ਅਤੇ 9 ਦੋ ਦਿਨਾਂ ਕੌਮਾਂਤਰੀ ਪੰਜਾਬੀ ਸਾਹਿਤ, ਚੇਤਨਤਾ ਅਤੇ ਪਰਵਾਸ ਵਿਸ਼ੇ ਉਪਰ ਸਾਲਾਨਾ ਸੰਮੇਲਨ-5' ਵਿੱਚ ਸਨੇਹਭਰੀ ਹਾਜ਼ਰੀ, ਅਮਰੀਕਾ ਕੈਨੇਡਾ ਦੀ ਦੋਸਤੀ ਦੇ ਰੰਗ ਨੂੰ ਹੋਰ ਗੂਹੜਾ ਕਰ ਰਹੀ ਸੀ।ਇਸ ਸੰਮੇਲਨ ਵਿੱਚ ਦੇਸ਼ ਦੁਨੀਆਂ ਤੋਂ ਆਪੋ-ਆਪਣੇ ਵਿਸ਼ਿਆਂ ਦੇ ਮਾਹਿਰ ਡਾ. ਸਾਧੂ ਸਿੰਘ, ਡਾ.ਐਸ.ਪੀ ਸਿੰਘ, ਡਾ.ਬੀ.ਐਸ.ਘੁੰਮਣ, ਡਾ.ਗੁਰਪਿੰਦਰ ਸਿੰਘ ਸਮਰਾ, ਸੁਨੀਲ ਡੋਗਰਾ, ਪਾਲੀ ਭੁਪਿੰਦਰ, ਨਵਨੀਤ ਵਿਨੀਪੈਗ, ਡਾ.ਗੁਰਬਖਸ਼ ਭੰਡਾਲ,ਇੰਦਰਜੀਤ ਸਿੰਘ ਧਾਮੀ, ਕਮਲਜੀਤ ਢਿਲੋਂ, ਸ਼ਿਵ ਰਾਜ ਘੁੰਮਣ, ਡਾ.ਗੋਪਾਲ ਬੁੱਟਰ, ਜਸਵੀਰ ਮੰਗੂਵਾਲ, ਡਾ. ਬਬਨੀਤ ਕੌਰ ਅਤੇ ਜੈਗ ਖੋਸਾ ਆਦਿ ਨੇ ਸਮਾਜ ਨੂੰ ਪੇਸ਼ ਸਮੱਸਿਆਵਾਂ ਦੇ ਵਿਸ਼ਲੇਸ਼ਣ ਨਾਲ ਸਾਂਝ ਪਵਾਈ।

ਧਰਤੀ ਦੇ ਵੱਖ ਵੱਖ ਖਿੱਤਿਆਂ ਤੋਂ ਵਿਸ਼ੇਸ਼ ਤੌਰ ਤੇ ਸੱਦੇ ਕਵੀਆਂ-ਕਵਿੱਤਰੀਆਂ ਬਾਬਾ ਨਜ਼ਮੀ, ਸੁਖਵਿੰਦਰ ਅੰਮ੍ਰਿਤ, ਗੁਰਤੇਜ ਕੋਹਾਰਵਾਲਾ, ਤਾਹਿਰਾ ਸਰਾ, ਡਾ.ਕਰਨੈਲ ਸਿੰਘ ਸ਼ੇਰਗਿੱਲ, ਡਾ.ਗੁਰਮਿੰਦਰ ਸਿੱਧੂ, ਰਵਿੰਦਰ ਸਰਾਅ, ਸੁਰਜੀਤ ਕੌਰ ਟੋਰਾਂਟੋ, ਆਦਿ ਵਿਸ਼ਿਆਂ ਨੂੰ ਆਪਣੇ ਕਲਾਵੇ 'ਚ ਲਈ ਬੈਠੇ ਕਾਵਿ-ਰੂਪਾਂ ਨੂੰ ਪੇਸ਼ ਕੀਤਾ ਉਥੇ ਪੰਜਾਬੀ ਲਿਖਾਰੀ ਸਭਾ ਸਿਆਟਲ ਤੋਂ ਪ੍ਰੋਗਰਾਮ ਦਾ ਹਿੱਸਾ ਬਣੇ, ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਨਸ਼ਿਆਂ ਜਿਹੀ ਕੁਰੀਤੀ ਦੇ ਸੰਬੰਧਿਤ ਗੀਤ, ਮੰਗਤ ਕੁਲਜਿੰਦ ਨੇ ਸੱਭਿਆਚਾਰਕ ਗੀਤ- ਇੱਲਾਂ ਤੇ ਕਾਵਾਂ ਰਲ ਕੇ ਪੁੱਛੇ ਸਿਰਨਾਵੇਂ ਬਈ...., ਸਾਧੂ ਸਿੰਘ ਝੱਜ ਨੇ ਹਾਸਿਆਂ ਭਰੇ ਲਹਿਜ਼ੇ ਵਿੱਚ ਭਾਰਤੀ ਅਤੇ ਅਮਰੀਕਨ ਸਮਾਜ ਦੀ ਤੁਲਨਾ ਅਤੇ ਸਿਹਤ-ਸੁਚੇਤਨਾ ਦੇ ਗਿਆਨੀ ਸਭਾ ਦੇ ਮੈਂਬਰ ਸ਼ਸ਼ੀ ਪਰਾਸ਼ਰ ਨੇ ਹਾਜ਼ਰੀ ਲਵਾਈ।

ਰੂਪ ਦਵਿੰਦਰ ਨਾਹਲ, ਹਰਪ੍ਰੀਤ ਸਿੰਘ, ਨਵਜੋਤ ਢਿਲੋਂ, ਜੈਸਮੀਨ, ਪਰਮਜੀਤ ਸਰਾਏ, ਬਲਦੇਵ ਰਹਿਪਾ, ਪਰਮਿੰਦਰ ਸਵੈਚ, ਸ਼ਾਦੀ ਰਾਮ ਗੋਇਲ,ਪਾਰਸ ਅਤੇ ਸਰੀ ਦੀਆਂ ਹੋਰ ਕਈ ਜਾਣੀਆ ਪਹਿਚਾਣੀਆਂ ਸਖਸ਼ੀਅਤਾਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ। ਹਰ ਇਕ ਵਿਸ਼ੇ ਤੇ ਔਰਤਾਂ ਦੀ ਅੱਧ ਤੋਂ ਵੱਧ ਨੁਮਾਇੰਗੀ ਇਸ ਪ੍ਰੋਗਰਾਮ ਦੀ ਪ੍ਰਾਪਤੀ ਸੀ। ਡਾ.ਸਾਹਿਬ ਸਿੰਘ ਨੇ ਬੇਟੀ ਅਰਸ਼ਿਤਾ ਸਿੰਘ ਦੇ ਸਹਿਯੋਗ ਨਾਲ ਦੋਨੋਂ ਦਿਨ ਸਿੰਘ ਕਲੇਰ, ਨਦੀਮ ਪਰਮਾਰ ਸ਼ਾਇਰ, ਮਨਜੀਤ ਗਿੱਲ ਸਮਾਜ ਸੇਵਿਕਾ ਨੂੰ ਦਿੱਤਾ ਗਿਆ ਜਦੋਂ ਕਿ ਧਾਮੀ ਪਰਿਵਾਰ ਯਾਦਗਾਰੀ ਐਵਾਰਡ ਨਾਲ ਬਲਵਿੰਦਰ ਸੰਧੂ (ਭਾਰਤ) ਨੂੰ ਸਨਮਾਨਿਤ ਕੀਤਾ ਗਿਆ।

ਸੰਚਾਰ ਦੇ ਵੱਖ ਵੱਖ ਮਾਧਿਅਮਾਂ ਰਾਹੀਂ ਇਸ ਸੰਮੇਲਨ ਦਾ ਪਲ ਪਲ, ਛਿਣ ਛਿਣ, ਦੇਸ਼ ਵਿਦੇਸ਼ ਬੈਠੇ ਪੰਜਾਬੀ ਪਿਆਰਿਆਂ ਦੇ ਕੰਨਾਂ ਵਿੱਚ ਰਸ ਘੋਲਦਾ ਰਿਹਾ ਅਤੇ ਨਾਲ ਹੀ ਉਹਨਾਂ ਦੀਆਂ ਅੱਖਾਂ ਨੂੰ ਸਕੂਨ ਬਖਸ਼ਦਾ ਰਿਹਾ।

ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ, ਇਸ ਪ੍ਰਭਾਵਸ਼ਾਲੀ ਪ੍ਰੋਗਰਾਮ ਲਈ ਪੰਜਾਬੀ ਭਵਨ ਸਰੀ ਕੈਨੇਡਾ ਅਤੇ ਪੰਜਾਬ ਭਵਨ ਜਲੰਧਰ ਦੀ ਸਮੁੱਚੀ ਟੀਮ ਨੂੰ ਮੁਬਾਰਕਾਂ ਭੇਜਦੀ ਹੈ ਅਤੇ ਉਹਨਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦੀ ਹੈ।

ਬਲਿਹਾਰ ਸਿੰਘ ਲ੍ਹੇਲ ਪ੍ਰਧਾਨ +1 206 244 4663 ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ+1 206 765 9069 ਮੰਗਤ ਕੁਲਜਿੰਦ ਪ੍ਰੈਸ ਸਕੱਤਰ ਮੋ.+1 425 286 0163(ਸਿਆਟਲ)

# ਮੇਲਿਆਂ ਦੀ ਧਰਤੀ 'ਤੇ ਨਿਵੇਕਲਾ ਹੋਏਗਾ 32ਵਾਂ ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ-** ਮੇਲਿਆਂ ਅਤੇ ਤਿਓਹਾਰਾਂ ਦੀ ਧਰਤੀ ਪੰਜਾਬ ਅੰਦਰ ਨਿਵੇਕਲੀ ਪਹਿਚਾਣ ਅਤੇ ਖਿੱਚ ਦਾ ਕੇਂਦਰ ਮੇਲਾ ਗ਼ਦਰੀ ਬਾਬਿਆਂ ਦਾ ਪੰਜਾਬ ਅਤੇ ਦੇਸ਼-ਬਦੇਸ਼ ਤੋਂ ਆ



ਰਹੇ ਮੇਲਾ ਪ੍ਰੇਮੀਆਂ ਨੂੰ ਪਲਕਾਂ ਵਿਛਾ ਕੇ ਉਡੀਕ ਰਿਹਾ ਹੈ। ਦੇਸ਼ ਭਗਤ ਯਾਦਗਾਰ ਹਾਲ ਅੰਦਰ ਮਹੀਨਾ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਦੇਸ਼ ਭਗਤ ਯਾਦਗਾਰ ਹਾਲ ਨੂੰ ਮੇਲੇ ਦੇ ਦਿਨਾਂ 'ਚ ਗ਼ਦਰੀ ਪ੍ਰੋ. ਬਰਕਤ ਉੱਲਾ ਨਗਰ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਵਿਸ਼ਾਲ ਪੰਡਾਲ ਸਜਾਉਣ ਲਈ ਝੰਡੇ, ਮਾਟੋ, ਬੈਨਰ, ਫਲੈਕਸਾਂ, ਰੌਸ਼ਨੀ-ਲੜੀਆਂ, ਰੰਗ ਰੋਗਨ ਆਦਿ ਦਾ ਕੰਮ ਜੋਰਾਂ 'ਤੇ ਹੈ।

ਕਾਲਜਾਂ, ਯੂਨੀਵਰਸਿਟੀਆਂ, ਸਕੂਲਾਂ, ਪਿੰਡਾਂ ਅਤੇ ਸ਼ਹਿਰਾਂ 'ਚ ਸਰਗਰਮ ਸੰਸਥਾਵਾਂ ਨੂੰ ਕੁਇਜ਼, ਪੇਂਟਿੰਗ ਮੁਕਾਬਲਿਆਂ, ਕਵੀ-ਦਰਬਾਰ, ਵਿਚਾਰ-ਚਰਚਾਵਾਂ, ਗੀਤ-ਸੰਗੀਤ ਅਤੇ ਨਾਟਕਾਂ ਦੀ ਦੁਨੀਆਂ 'ਚ ਨੌਜਵਾਨਾਂ, ਵਿਦਿਆਰਥੀਆਂ ਅਤੇ ਸਮੂਹ ਲੋਕਾਂ ਨੂੰ ਸ਼ੁਮਾਰ ਕਰਨ ਲਈ ਸੱਦਾ-ਪੱਤਰ ਦੇਣ ਦੀ ਮੁਹਿੰਮ ਉਤਸ਼ਾਹ ਨਾਲ ਚੱਲ ਰਹੀ ਹੈ। ਅੱਜ ਦੇਸ਼ ਭਗਤ ਯਾਦਗਾਰ ਹਾਲ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਦੇ ਘਾਹ ਪਾਰਕ ਵਿੱਚ ਝੰਡਿਆਂ, ਫਲੈਕਸਾਂ ਦੀਆਂ ਤਿਆਰੀਆਂ ਲਈ ਟੀਮਾਂ ਜੁਟੀਆਂ ਰਹੀਆਂ। ਪੰਜਾਬ ਭਰ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਆਪਣੀਆਂ ਚੱਲ ਰਹੀਆਂ ਸਰਗਰਮੀਆਂ ਵਿੱਚ ਥਾਓਂ ਥਾਈਂ 31 ਅਕਤੂਬਰ ਅਤੇ ਪਹਿਲੀ ਨਵੰਬਰ ਸਾਰਾ ਦਿਨ ਸਾਰੀ ਰਾਤ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਲੱਗ ਰਹੇ 32ਵੇਂ ਮੇਲੇ 'ਚ ਪੁੱਜਣ ਲਈ ਲੋਕਾਂ ਨੂੰ ਅਪੀਲ ਕਰ ਰਹੀਆਂ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਮੇਲੇ ਦੀ ਹਰ ਪੱਖੋਂ ਸਫ਼ਲਤਾ ਲਈ ਵਿਚਾਰਾਂ ਕਰਨ ਅਤੇ ਲੋੜੀਂਦੀ ਸਮੱਗਰੀ ਚੈੱਕ ਕਰਨ ਲਈ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਤੇਜਿੰਦਰ ਵਿਰਲੀ, ਐਡਵੋਕੇਟ ਰਾਜਿੰਦਰ ਮੰਡ, ਦਰਸ਼ਨ ਖਟਕੜ, ਡਾ. ਸੈਲੇਸ਼ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਹਾਲ ਦੇ ਮੇਲਾ ਤਿਆਰੀਆਂ 'ਚ ਜੁਟੇ ਕਾਮੇ ਗੁਰਦੀਪ ਸਿੰਘ, ਭੁਵਨ ਜੋਸ਼ੀ, ਰਾਮਜੀ, ਬੇਟੀ ਕਮਲ, ਰਤਨ, ਰਾਜੂ, ਤਾਲਿਬ, ਕੁਲਵੰਤ ਕਾਕਾ, ਹਰਭਜਨ ਸਿੰਘ ਆਦਿ ਸ਼ਾਮਲ ਸਨ।



# ਵਿਸ਼ਵ ਪ੍ਰਸਿੱਧ ਦਲਿਤ ਚਿੰਤਕ ਅਤੇ ਲੇਖਕ ਡਾਕਟਰ ਸੂਰਜ ਯੇਂਗਡੇ ਨੇ ਇਤਿਹਾਸਕ ਤਪ ਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਦੇ ਜਨਮ ਅਸਥਾਨ ਬੂੰਗਾ ਸਾਹਿਬ ਦਾ ਦੌਰਾ ਕੀਤਾ


ਵਿਸ਼ਵ ਪ੍ਰਸਿੱਧ ਐਕਟਵਿਸਟ, ਲੇਖਕ ਅਤੇ ਕਾਲਮ ਨਵੀਸ ਡਾਕਟਰ ਸੂਰਜ ਯੇਂਗਡੇ ਨੇ ਆਪਣੀ ਟੀਮ ਸ਼੍ਰੀ ਪ੍ਰਸ਼ਾਂਤ ਇੰਗੋਲੇ ਲੈਕਚਰਾਰ ਅਤੇ ਐਡਵੋਕੇਟ ਰਵਨੀਤ ਕੌਰ ਨਾਲ ਸ਼੍ਰੀ ਗੁਰੂ ਰਵਿਦਾਸ ਜੀ ਇਤਿਹਾਸਕ ਤਪ ਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ, ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਦਾ ਦੌਰਾ ਕੀਤਾ। ਉਸਨੇ ਇਸ ਇਤਿਹਾਸਕ ਸਥਾਨ ਤੇ ਅਪਣੀ ਟੀਮ ਨਾਲ ਪੂਰਾ ਦਿਨ ਬਿਤਾਇਆ ਜਿੱਥੇ ਸਤਿਗੁਰੂ ਰਵਿਦਾਸ ਮਹਾਰਾਜ ਨੇ ਚਾਰ ਸਾਲ ਤੋਂ ਵੱਧ ਸਮਾਂ ਬਿਤਾਇਆ ਸੀ। ਡਾਕਟਰ ਸੂਰਜ ਯੇਂਗਡੇ ਇੱਕ ਬਹੁ-ਭਾਸ਼ਾਈ ਲੇਖਕ ਹੈ। ਉਹ ਬੈਸਟ ਸੇਲਰ ਕਿਤਾਬ ਕਾਸਟ ਮੈਟਰਸ ਦਾ ਲੇਖਕ ਹੈ ਅਤੇ ਡਾਕਟਰ ਆਨੰਦ ਤੇਲਤੁੰਬਡੇ, ਦਾ ਰੈਡੀਕਲ ਇਨ ਅੰਬੇਡਕਰ: ਕ੍ਰਿਟੀਕਲ ਰਿਫਲੈਕਸ਼ਨਜ਼ ਦੇ ਨਾਲ ਪੁਰਸਕਾਰ ਜੇਤੂ ਸੰਗ੍ਰਹਿ ਦਾ ਸਹਿ-ਸੰਪਾਦਕ ਹੈ। ਉਸਨੇ ਚਾਰ ਮਹਾਂਦੀਪਾਂ (ਏਸ਼ੀਆ, ਅਫਰੀਕਾ, ਯੂਰਪ, ਉੱਤਰੀ ਅਮਰੀਕਾ) ਵਿੱਚ ਪੜ੍ਹਾਈ ਕੀਤੀ ਹੈ ਅਤੇ ਉਹ ਅਫਰੀਕੀ ਯੂਨੀਵਰਸਿਟੀ ਤੋਂ ਪੀ ਐਚ ਡੀ ਕਰਨ ਵਾਲਾ ਪਹਿਲਾ ਦਲਿਤ ਹੈ। ਉਸਨੂੰ ਭਾਰਤ ਦੇ ਸਰਵਉੱਚ ਸਾਹਿਤਕ ਪੁਰਸਕਾਰ 'ਸਾਹਿਤ ਅਕਾਦਮੀ' ਲਈ ਨਾਮਜ਼ਦ ਕੀਤਾ ਗਿਆ ਹੈ ਅਤੇ 'ਡਾਕਟਰ ਅੰਬੇਡਕਰ ਸਮਾਜਿਕ ਨਿਆਂ ਐਵਾਰਡ' ਅਤੇ 'ਰੋਹਿਤ ਵੇਮੂਲਾ ਮੈਮੋਰੀਅਲ ਸਕਾਲਰ ਅਵਾਰਡ' ਦਾ ਪ੍ਰਾਪਤਕਰਤਾ ਹੈ। ਉਸ ਦੀਆਂ ਲਿਖਤਾਂ ਅਲ ਜਜ਼ੀਰਾ, ਬੀਬੀਸੀ, ਦਿ ਕੈਰਾਵੈਨ, ਲਾਈਵਮਿੰਟ, ਦਾ ਸੰਡੇ ਵਰਲਡ, ਦਿ ਵਾਇਰ, ਸਕ੍ਰੌਲ, ਮੇਲ ਐਂਡ ਗਾਰਡੀਅਨ ਅਫਰੀਕਾ, ਸ਼ਨੀਵਾਰ ਸਟਾਰ, ਓਪਨ ਡੈਮੋਕਰੇਸੀ ਵਿੱਚ ਛਪੀਆਂ ਹਨ। ਉਸਨੇ 150 ਤੋਂ ਵੱਧ ਅਕਾਦਮਿਕ ਅਤੇ ਗੈਰ-ਅਕਾਦਮਿਕ ਲੇਖ ਪ੍ਰਕਾਸ਼ਿਤ ਕੀਤੇ ਹਨ ਅਤੇ ਜਾਤ ਦੇ ਵਿਸ਼ੇ ਤੇ ਉਹ ਇੱਕ ਪ੍ਰਮੁੱਖ ਵਿਸ਼ਵ ਵਿਦਵਾਨ ਹੈ। ਉਹ ਸੰਸਾਰ ਵਿੱਚ ਜਾਤੀ-ਕੇਂਦ੍ਰਿਤ ਕਾਲਮ ਬਾਰੇ ਇੱਕ ਕਾਲਮ ਲੇਖਕ ਹੈ। ਉਹ 'ਦਲੀਤਾ' ਨਾਮਕ ਇੱਕ ਪ੍ਰਸਿੱਧ ਕਾਲਮ ਲਈ ਲਿਖਦਾ ਹੈ ਜੋ ਪ੍ਰਿੰਟ ਮੀਡੀਆ ਵਿੱਚ ਦਲਿਤ-ਕੇਂਦ੍ਰਿਤ ਵਿਚਾਰਾਂ ਵਾਲਾ ਇੱਕ ਕਾਲਮ ਹੈ। ਇਸ ਤੋਂ ਇਲਾਵਾ ਉਸਨੇ 'ਰੋਜ਼ਾਨਾ ਲੋਕਸੱਤਾ' ਲਈ ਮਰਾਠੀ ਭਾਸ਼ਾ ਵਿੱਚ 'ਅੰਬੇਦਕਰਵਾਦ' ਨਾਮਕ ਇੱਕ ਮਹੀਨਾਵਾਰ ਕਾਲਮ ਲਿਖਿਆ। ਉਸਨੇ ਦੱਸਿਆ ਕਿ ਇਸ ਦੌਰੇ ਦਾ ਮੰਤਬ ਪੰਜਾਬ ਵਿੱਚ ਅਧਿਆਤਮਿਕ ਅਤੇ ਦਲਿਤ ਇਤਿਹਾਸ ਸਬੰਧੀ ਹੋਰ ਖੋਜ ਕਰਨਾ ਹੈ। ਉਸਨੇ ਕਿਹਾ ਕਿ ਸਤਿਗੁਰੂ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਨਾਲ-ਨਾਲ ਉਹ ਸ਼੍ਰੋਮਣੀ ਸੰਤ ਗੁਰੂ ਰਵਿਦਾਸ ਜੀ ਨੂੰ ਉੱਤਰੀ ਭਾਰਤ ਵਿੱਚ ਪੈਦਾ ਹੋਏ ਇੱਕ ਮਹਾਨ ਜਾਤ-ਵਿਰੋਧੀ ਯੋਧੇ ਮੰਨਦੇ ਹਨ। ਉਸਨੇ ਦੱਸਿਆ ਕਿ ਉਹ ਮਹਾਨ ਕ੍ਰਾਂਤੀਕਾਰੀ ਸੰਤਾਂ ਦੇ ਜਾਤ-ਪਾਤ ਵਿਰੋਧੀ ਸਿਧਾਂਤ ਨੂੰ ਵਿਸ਼ਵ ਪੱਧਰ ਤੇ ਅੱਗੇ ਵਧਾਉਣ ਲਈ ਕੰਮ ਕਰਨ ਦੀ ਯੋਜਨਾ ਬਣਾ ਰਹੇ ਹਨ। ਇਤਿਹਾਸਕ ਤਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮੌਜੂਦ ਪ੍ਰਚਾਰਕਾਂ ਅਤੇ ਕਮੇਟੀ ਮੈਂਬਰਾਂ ਕੇਵਲ ਸਿੰਘ, ਨਰੇਸ਼ ਸਿੰਘ, ਸੁਖਦੇਵ ਸਿੰਘ ਨਾਲ ਡਾਕਟਰ ਯੇਂਗਡੇ ਨੇ ਵਿਚਾਰ ਵਟਾਂਦਰਾ ਗੱਲਬਾਤ ਕੀਤਾ ਅਤੇ ਉਨ੍ਹਾਂ ਨੂੰ ਦੱਸਿਆ ਕਿ ਉਹ ਮਹਾਨ ਗੁਰੂ ਰਵਿਦਾਸ ਜੀ ਬਾਰੇ ਵਿਸਥਾਰ ਵਿੱਚ ਲਿਖਣਗੇ। ਕਮੇਟੀ ਮੈਂਬਰਾਂ ਨੇ ਡਾਕਟਰ ਯੇਂਗਡੇ ਅਤੇ ਹੋਰ ਟੀਮ ਮੈਂਬਰਾਂ ਨੂੰ ਸਨਮਾਨਿਤ ਕੀਤਾ। ਡਾਕਟਰ ਯੇਂਗਡੇ ਬਹੁਜਨ ਆਗੂ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਜਨਮ ਅਸਥਾਨ ਸ੍ਰੀ ਬੂੰਗਾ ਸਾਹਿਬ ਵਿਖੇ ਵੀ ਗਏ ਅਤੇ ਸਾਹਿਬ ਦੀ ਭੈਣ ਬੀਬੀ ਸਵਰਨ ਕੌਰ ਅਤੇ ਰਵਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਬਾਬੂ ਕਾਂਸ਼ੀ ਰਾਮ ਚੈਰੀਟੇਬਲ ਫਾਊਂਡੇਸ਼ਨ ਦੇ ਸਕੱਤਰ ਐਡਵੋਕੇਟ ਲਖਵੀਰ ਸਿੰਘ ਨੇ ਡਾਕਟਰ ਸੂਰਜ ਯੇਂਗਡੇ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਸਾਹਿਬ ਕਾਂਸ਼ੀ ਰਾਮ ਦਾ ਕੁਝ ਵਿਸ਼ੇਸ਼ ਸਾਹਿਤ ਵੀ ਪ੍ਰਦਾਨ ਕੀਤਾ। ਡਾਕਟਰ ਯੇਂਗਡੇ ਨੇ ਨੰਗਲ ਦਾ ਵੀ ਦੌਰਾ ਕੀਤਾ ਅਤੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਦੇ ਆਗੂ ਕੁਲਦੀਪ ਚੰਦ ਦੋਬੇਟਾ ਨੇ ਉਨ੍ਹਾਂ ਨਾਲ ਮੌਜੂਦਾ ਸਮੇਂ ਵਿੱਚ ਸਮਾਜ ਨੂੰ ਦਰਪੇਸ਼ ਚੁਣੌਤੀਆਂ, ਸਮਾਜਿਕ, ਆਰਥਿਕ, ਰਾਜਨੀਤਿਕ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ ਬਾਰੇ ਚਰਚਾ ਕੀਤੀ। ਪੰਜਾਬ ਦੀ ਮੌਜੂਦਾ ਸਿਆਸੀ, ਸਮਾਜਿਕ ਹਾਲਤਾਂ ਬਾਰੇ ਵੀ ਚਰਚਾ ਕੀਤੀ ਗਈ। ਸੋਸਾਇਟੀ ਦੀ ਟੀਮ ਨੇ ਪ੍ਰਸ਼ੰਸਾ ਕੀਤੀ ਕਿ ਆਕਸਫੋਰਡ ਅਤੇ ਹਾਰਵਰਡ ਵਿਦਵਾਨ ਜੋ ਅਮਰੀਕਾ ਤੋਂ ਸਤਿਗੁਰੂ ਰਵਿਦਾਸ ਜੀ ਅਤੇ ਸਾਹਿਬ ਕਾਂਸ਼ੀ ਰਾਮ ਨਾਲ ਸਬੰਧਤ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਨ ਲਈ ਆਏ ਹਨ ਨੂੰ ਇਹਨਾਂ ਬਾਰੇ ਕਾਫੀ ਜਾਣਕਾਰੀ ਸੀ ਅਤੇ ਇਨ੍ਹਾਂ ਨੇ ਡਾਕਟਰ ਯੇਂਗਡੇ ਨੂੰ ਸਨਮਾਨਿਤ ਕੀਤਾ।



**ਕੁਲਦੀਪ ਚੰਦ 941756-30544**

# ਅਮਰੀਕਾ ਦੇ ਇਲੀਨੋਇਸ ਰਾਜ ਵਿਚ ਚਾਕੂ ਨਾਲ ਕੀਤੇ ਹਮਲੇ ਵਿੱਚ ਇਕ 6 ਸਾਲਾ ਬੱਚੇ ਦੀ ਹੱਤਿਆ, ਮਾਂ ਗੰਭੀਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਇਲੀਨੋਇਸ ਰਾਜ ਦੇ ਸ਼ਿਕਾਗੋ ਖੇਤਰ ਵਿਚ ਇਕ ਲੈਂਡਲਾਰਡ ਵੱਲੋਂ ਇਕ ਫਲਸਤੀਨੀ-ਅਮਰੀਕੀ ਬੱਚੇ ਦੀ ਹੱਤਿਆ ਕਰਨ ਤੇ ਉਸ ਦੀ ਮਾਂ ਨੂੰ ਜ਼ਖਮੀ ਕਰ ਦੇਣ ਦੀ ਖਬਰ ਹੈ। ਇਲੀਨੋਇਸ ਪੁਲਿਸ ਅਨੁਸਾਰ 71 ਸਾਲਾ ਸ਼ੱਕੀ ਜੋਸਫ ਜ਼ੂਬਾ ਨੂੰ ਹੱਤਿਆ ਤੇ ਨਫਰਤੀ ਅਪਰਾਧ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਇਸ ਘਟਨਾ ਨੂੰ ਇਜ਼ਰਾਈਲ- ਹਮਾਸ ਜੰਗ ਨਾਲ ਜੋੜਿਆ ਹੈ। ਪੁਲਿਸ ਅਨੁਸਾਰ ਸ਼ਿਕਾਗੋ ਦੇ ਬਾਹਰਵਾਰ ਪਲੇਨਫੀਲਡ ਟਾਊਨਸ਼ਿੱਪ ਵਿਚ ਸਵੇਰ ਵੇਲੇ ਵਾਪਰੀ ਇਸ ਦੁੱਖਦਾਈ ਘਟਨਾ ਵਿਚ ਸ਼ੱਕੀ ਦੋਸ਼ੀ ਵੱਲੋਂ 6 ਸਾਲਾ ਬੱਚੇ ਵਾਡੀਆ ਅਲ-ਫਾਯੂਮ ਦੇ ਚਾਕੂ ਨਾਲ 26 ਵਾਰ ਹਮਲਾ ਕੀਤਾ ਗਿਆ ਜਦ ਕਿ ਉਸ ਦੀ ਮਾਂ ਹਨਾਨ ਸ਼ਾਹੀਨ ਦੇ 12 ਤੋਂ ਵਧ ਵਾਰ ਚਾਕੂ ਮਾਰਿਆ ਗਿਆ। ਵਿਲ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਾਂਚਕਾਰ ਇਹ ਪੁਸ਼ਟੀ ਕਰਨ ਵਿਚ ਸਫਲ ਹੋਏ ਹਨ ਕਿ ਇਹ ਘਟਨਾ ਪੀੜਤਾਂ ਦੇ ਮੁਸਲਮਾਨ ਹੋਣ ਤੇ ਚਲ ਰਹੇ ਮੱਧ ਪੂਰਬ ਟਕਰਾਅ ਜਿਸ ਵਿਚ ਹਮਾਸ ਤੇ ਇਜ਼ਰਾਈਲ ਸ਼ਾਮਿਲ ਹੈ, ਕਾਰਨ ਵਾਪਰੀ ਹੈ। ਮ੍ਰਿਤਕ ਬੱਚੇ ਦੇ ਪਿਤਾ ਨੇ ਆਪਣੇ ਪੁੱਤਰ ਤੇ ਮਾਂ ਦੇ ਫਲਸਤੀਨੀ ਹੋਣ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਅਨੁਸਾਰ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਸ਼ੱਕੀ ਦੋਸ਼ੀ ਜੋਸਫ ਜ਼ੂਬਾ ਆਪਣੇ ਘਰ ਨੇੜੇ ਜਮੀਨ ਉਪਰ ਬੈਠਾ ਸੀ ਤੇ ਮੌਕੇ ਤੋਂ ਇਕ ਫੌਜੀ ਕਿਸਮ ਦਾ ਚਾਕੂ ਬਰਾਮਦ ਹੋਇਆ ਹੈ। ਇਕ ਕਮਰੇ ਵਿਚੋਂ ਮਿਲੇ ਮਾਂ ਤੇ ਪੁੱਤਰ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਬੱਚਾ ਦਮ ਤੋੜ ਗਿਆ। ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਜ਼ੂਬਾ ਵਿਰੁੱਧ ਪਹਿਲਾ ਦਰਜ ਕਤਲ, ਪਹਿਲਾ ਦਰਜਾ ਕਤਲ ਦੀ ਕੋਸ਼ਿਸ਼, ਨਫਰਤੀ ਅਪਰਾਧ ਤੇ ਖਤਰਨਾਕ ਹਥਿਆਰ ਦੀ ਵਰਤੋਂ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ।






# ਅਮਰੀਕੀ ਜਿਊਰੀ ਵੱਲੋਂ ਕਾਲੇ ਵਿਅਕਤੀ ਦੀ ਮੌਤ ਦੇ ਮਾਮਲੇ ਵਿਚ ਇਕ ਪੁਲਿਸ ਅਫਸਰ ਦੋਸ਼ੀ ਕਰਾਰ ਤੇ ਇਕ ਨੂੰ ਕੀਤਾ ਬਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਇਕ ਜਿਊਰੀ ਵੱਲੋਂ 2019 ਵਿਚ ਈਲਿਜਾਹ ਮੈਕਲੇਨ ਨਾਮੀ ਇਕ ਕਾਲੇ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਕੋਲੋਰਾਡੋ ਦੇ ਇਕ ਪੁਲਿਸ ਅਫਸਰ ਨੂੰ ਦੋਸ਼ੀ ਕਰਾਰ ਦੇਣ ਤੇ ਇਕ ਨੂੰ ਬਰੀ ਕਰ ਦੇਣ ਦੀ ਖਬਰ ਹੈ। ਕੈਟਾਮਾਈਨ ਦਾ ਟੀਕਾ ਲਾਉਣ ਉਪਰੰਤ ਮੈਕਲੇਨ ਦੀ ਮੌਤ ਹੋ ਗਈ ਸੀ। 12 ਮੈਂਬਰੀ ਜਿਊਰੀ ਨੇ ਆਊਰੋਰਾ ਪੁਲਿਸ ਅਫਸਰ ਰੈਂਡੀ ਰੋਏਡੇਮਾ (41) ਨੂੰ ਅਪਰਾਧਕ ਲਾਪਰਵਾਹੀ ਵਰਤਣ ਤੇ ਤੀਸਰਾ ਦਰਜਾ ਹਮਲੇ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਜਦ ਕਿ ਸਾਬਕਾ ਪੁਲਿਸ ਅਫਸਰ ਜੈਸਨ ਰੋਸਨਬਲਾਟ (34) ਜਿਸ ਨੂੰ 2020 ਵਿਚ ਬਰਖਾਸਤ ਕਰ ਦਿੱਤਾ ਗਿਆ ਸੀ, ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਰੋਏਡੇਮਾ ਨੇ ਫੈਸਲਾ ਸੁਣਨ ਉਪਰੰਤ ਆਪਣਾ ਸਿਰ ਝੁਕਾ ਲਿਆ । ਮੈਕਲੇਨ ਦੀ ਮਾਂ ਸ਼ਹੇਨੀਨ ਮੈਕਲੇਨ ਨੇ ਫੈਸਲੇ ਉਪਰ ਨਿਰਾਸ਼ਤਾ ਪ੍ਰਗਟਾਈ ਹੈ। ਉਸ ਨੇ ਅਦਾਲਤ ਤੋਂ ਬਾਹਰ ਜਾਣ ਸਮੇ ਕਿਹਾ ਕਿ ਇਹ ਵੰਡਿਆ ਹੋਇਆ ਅਮਰੀਕਾ ਹੈ ਤੇ ਇਸ ਮਾਮਲੇ ਵਿਚ ਵੀ ਅਜਿਹਾ ਹੀ ਹੋਇਆ ਹੈ।



# ਰਾਕੇਸ਼ ਸੈਣੀ ਪ੍ਰੈਸ ਕਲੱਬ ਰਜਿਸਟਰਡ ਨੰਗਲ ਜਿਲ੍ਹਾ ਰੂਪਨਗਰ ਦੇ ਪ੍ਰਧਾਨ ਬਣੇ

ਪ੍ਰੈਸ ਕਲੱਬ ਨੰਗਲ ਰਜਿਸਟਰਡ ਦੀ ਇਕ ਵਿਸ਼ੇਸ਼ ਮੀਟਿੰਗ ਕਲੱਬ ਦੇ ਸੀਨੀਅਰ ਮੈਂਬਰ ਅਤੇ ਸਰਪ੍ਰਸਤ ਗੁਰਪ੍ਰੀਤ ਗਰੇਵਾਲ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਪੱਤਰਕਾਰ ਰਾਜਵੀਰ ਦੀਕਸ਼, ਧਰਮਪਾਲ ਸੁਖਸਾਲ, ਅਸ਼ੋਕ ਚੋਪੜਾ, ਸੁਰਜੀਤ ਸਿੰਘ ਢੇਰ, ਗੁਰਭਾਗ ਸਿੰਘ, ਕੁਲੀਦਪ ਚੰਦ, ਸਤਨਾਮ ਸਿੰਘ ਸ਼ੇਰਾ, ਸੁਧੀਰ ਪ੍ਰਿੰਸ, ਅਭੀ ਰਾਣਾ, ਕਰਨ ਚੋਪੜਾ, ਰਾਜ ਕੁਮਾਰ, ਅਵੀਨਾਸ਼ ਅੱਤਰੀ, ਜਸਕੀਰਤ ਸਿੰਘ, ਪਰਵੀਨ ਦੱਤਾ ਆਦਿ ਹਾਜਰ ਸਨ। ਇਸ ਮੀਟਿੰਗ ਵਿਚ ਇਲਾਕੇ ਦੇ ਪੱਤਰਕਾਰਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਤੇ ਵੱਖ ਵੱਖ ਪੱਤਰਕਾਰਾਂ ਵਲੋਂ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਪ੍ਰੈਸ ਕਲੱਬ ਦੇ ਸਾਬਕਾ ਪ੍ਰਧਾਨ ਅਸ਼ੋਕ ਚੋਪੜਾ ਨੇ ਆਪਣੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਤੇ ਚਾਨਣਾ ਪਾਇਆ। ਕਲੱਬ ਦੇ ਸਰਪ੍ਰਸਤ ਗੁਰਪ੍ਰੀਤ ਗਰੇਵਾਲ ਦੀ ਅਗਵਾਈ ਵਿੱਚ ਨਵੇਂ ਪ੍ਰਧਾਨ ਦੀ ਚੋਣ ਦੀ ਕਾਰਵਾਈ ਕੀਤੀ ਗਈ ਅਤੇ ਬਹੁ ਸੰਮਤੀ ਨਾਲ ਸਿਨੀਅਰ ਪੱਤਰਕਾਰ ਰਾਕੇਸ਼ ਸੈਣੀ ਨੂੰ ਕਲੱਬ ਦਾ ਪ੍ਰਧਾਨ ਚੁੱਣਿਆ ਗਿਆ। ਇਸ ਮੌਕੇ ਤੇ ਕਲੱਬ ਦੇ ਨਵੇਂ ਬਣੇ ਪ੍ਰਧਾਨ ਰਾਕੇਸ਼ ਸੈਣੀ ਨੇ ਪੱਤਰਕਾਰਾਂ ਅਤੇ ਪ੍ਰੈਸ ਕਲੱਬ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਕਲੱਬ ਦੇ ਮੈਂਬਰਾਂ ਨੇ ਪ੍ਰਧਾਨ ਰਕੇਸ਼ ਸੈਣੀ ਨੂੰ ਵਿਸ਼ਵਾਸ਼ ਦਿਤਾ ਕਿ ਉਨ੍ਹਾਂ ਵਲੋਂ ਕੀਤੇ ਜਾਣ ਵਾਲੇ ਕੰਮਾਂ ਲਈ ਉਹ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ।



**- ਕੁਲਦੀਪ ਚੰਦ 94175-63054**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਜਨਮ ਦਿਨ ‘ਤੇ ਨਵਾਂਸ਼ਹਿਰ ਵਿਖੇ ਲਗਾਇਆ ਖ਼ੂਨਦਾਨ ਕੈਂਪ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਜਨਮ ਦਿਵਸ ‘ਤੇ ਰਾਜ ਵਿਆਪੀ ਖ਼ੂਨਦਾਨ ਕੈਂਪਾਂ ਦੀ ਲੜੀ ਵਿੱਚ ਸਥਾਨਕ ਬੀ.ਡੀ.ਸੀ. ਬਲੱਡ ਸੈਂਟਰ ਨਵਾਂਸ਼ਹਿਰ ਵਿਖੇ ਮੈਗਾ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਖ਼ੂਨਦਾਨ ਕੈਂਪ ਦਾ ਉਦਘਾਟਨ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਸਤਨਾਮ ਸਿੰਘ ਚੇਚੀ ਜਲਾਲਪੁਰ ਅਤੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਬੱਲੂ ਵਲੋਂ ਕੀਤਾ ਗਿਆ। ਇਸ ਮੌਕੇ ‘ਤੇ ਗਗਨ ਅਗਨੀਹੋਤਰੀ ਚੇਅਰਮੈਨ ਮਾਰਕਿਟ ਕਮੇਟੀ, ਜਿਲ੍ਹਾ ਪ੍ਰਧਾਨ ਮਹਿਲਾ ਵਿੰਗ ਰਾਜਦੀਪ ਸ਼ਰਮਾ, ਲਖਵਿੰਦਰ ਲੱਕੀ ਲੱਧੜ, ਲੱਡੂ ਮਹਾਲੋਂ, ਵਿਨੋਦ ਕੁਮਾਰ ਪਿੰਕਾ, ਗੀਤਾਂ ਦੇਵੀ, ਬਲਵਿੰਦਰ ਕੁਮਾਰ, ਪਰਮਜੀਤ ਕੌਰ ਮਹਾਲੋਂ, ਮੰਜੀਤ ਲੰਗੜੋਆ, ਰਾਜਿੰਦਰ ਕੌਰ, ਰਾਕੇਸ਼ ਕੁਮਾਰ ਵੀ ਵਿਸ਼ੇਸ਼ ਤੌਰ ‘ਤੇ ਮੌਜੂਦ ਸਨ ਲ ਕੈਂਪ ਦੀ ਵਿਲੱਖਣਤਾ ਇਹ ਸੀ ਜ਼ਿਲ੍ਹਾ ਪ੍ਰਧਾਨ ਨੇ ਖ਼ੁੱਦ ਵੀ ਖ਼ੂਨਦਾਨ ਕੀਤਾ। ਬੀ.ਡੀ.ਸੀ ਦੇ ਸਕੱਤਰ ਜਸਪਾਲ ਸਿੰਘ ਗਿੱਦਾ ਨੇ ਆਮ



ਆਦਮੀ ਪਾਰਟੀ ਦੇ ਅਹੁੱਦੇਦਾਰਾਂ ਤੇ ਵਰਕਰਾਂ ਨੂੰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਜਨਮ ਦਿਨ ਨੂੰ ਸਮਾਜ ਸੇਵਾ ਲਈ ਪ੍ਰੇਰਨਾ ਸਰੋਤ ਬਣਾਉਣ ‘ਤੇ ਵਧਾਈ ਦਿੱਤੀ। ਇਸ ਮੌਕੇ ਡਾ. ਅਜੇ ਕੁਮਾਰ ਬੱਗਾ ਅਤੇ ਡਾ. ਦਿਆਲ ਸਰੂਪ ਦੀ ਨਿਗਰਾਨੀ ਹੇਠ ਤਕਨੀਕੀ ਟੀਮ ਨੇ ਸਵੈ-ਇਛੁੱਕ ਖ਼ੂਨਦਾਨੀਆਂ ਤੋਂ ਖ਼ੂਨ ਦੇ ਯੂਨਿਟ ਪ੍ਰਾਪਤ ਕੀਤੇ। ਡਾ. ਅਜੇ ਬੱਗਾ ਨੇ ਦੱਸਿਆ ਕਿ 18 ਤੋਂ 65 ਸਾਲ ਤੱਕ ਦੀ ਉਮਰ, ਘੱਟੋ ਘੱਟ 45 ਕਿਲੋ ਸਰੀਰਕ ਵਜਨ ਵਾਲੇ ਤੰਦਰੁਸਤ ਵਿਅਕਤੀ ਡਾਕਟਰੀ ਪ੍ਰਵਾਨਗੀ ਨਾਲ ਤਿੰਨ ਮਹੀਨੇ ਬਾਅਦ ਖ਼ੂਨਦਾਨ ਕਰ ਸਕਦੇ ਹਨ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਜਨਮ ਦਿਨ ‘ਤੇ ਵਿਸ਼ੇਸ਼ ਕੇਕ ਵੀ ਕੱਟਿਆ ਗਿਆ। ਪ੍ਰਧਾਨ ਐਸ.ਕੇ ਸਰੀਨ, ਸਕੱਤਰ ਜੇ.ਐਸ.ਗਿੱਦਾ, ਖਜਾਨਚੀ ਪ੍ਰਵੇਸ਼ ਕੁਮਾਰ, ਡਾਇਰੈਕਟਰ ਜੇ.ਐਸ ਤੂਰ, ਪੀ.ਆਰ ਕਾਲੀਆ, ਡਾ. ਵਿਸ਼ਵ ਮੋਹਿਨੀ, ਅੰਜੂ ਸਰੀਨ, ਐਡਵਾਈਜਰ ਰਾਜਿੰਦਰ ਕੌਰ ਗਿੱਦਾ, ਨੋਬਲ ਸਰੀਨ, ਜੋਗਾ ਸਿੰਘ ਸਾਧੜਾ ਅਤੇ ਐਸ.ਕੇ ਤੂਰ ਦੀ ਅਗਵਾਈ ਵਿੱਚ ਚੈਰੀਟੇਬਲ ਡਲੱਡ ਸੈਂਟਰ ਦੀ ਸੇਵਾ ਪਿਛਲੇ 32 ਸਾਲਾਂ ਤੋਂ ਦਿਨ ਰਾਤ ਕੀਤੀ ਜਾ ਰਹੀ ਹੈ। ਇਸ ਮੌਕੇ ਬੀ.ਟੀ.ਓ ਡਾ. ਦਿਆਲ ਸਰੂਪ, ਮੈਨੇਜਰ ਮਨਮੀਤ ਸਿੰਘ, ਐਨ.ਆਰ.ਆਈ ਗੁਰਨਾਮ ਸਿੰਘ ਡੁਲਕੂ, ਲਤਾ ਨੇਗੀ, ਮੁਕੇਸ਼ ਕੁਮਾਰ, ਰਾਜੀਵ ਕੁਮਾਰ, ਭੁਪਿੰਦਰ ਸਿੰਘ, ਤਾਨੀਆ ਵਰਮਾ ਅਤੇ ਆਮ ਆਦਮੀ ਪਾਰਟੀ ਵਲੋਂ ਗਗਨ ਅਗਨੀਹੋਤਰੀ, ਰਾਜਦੀਪ ਸ਼ਰਮਾ, ਹੈਪੀ, ਪਰਮਜੀਤ ਕੁਮਾਰ ਮਹਾਲੋਂ, ਗੀਤਾ ਦੇਵੀ ਤੋਂ ਇਲਾਵਾ ਹੋਰ ਪ੍ਰਮੁੱਖ ਸਖ਼ਸ਼ੀਅਤਾਂ ਮੌਜੂਦ ਸਨ।

# ਜ਼ਿਲ੍ਹੇ ਦੇ ਸਕੂਲਾਂ, ਬਾਲ ਸੁਰੱਖਿਆ ਕਮੇਟੀਆਂ ਅਤੇ ਪਿੰਡਾਂ ਨੇ ਲਈ ਬਾਲ ਵਿਆਹ ਦੇ ਖਿਲਾਫ ਸਹੁੰ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਵੱਲੋ ਪ੍ਰਾਪਤ ਦਿਸ਼ਾ-ਨਿਰਦੇਸ਼ਾ ਤਹਿਤ ਅਤੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਰਹਿਨੁਮਾਈ ਹੇਠ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੀ ਜਨਮ ਭੂਮੀ ਪਿੰਡ ਖਟਕੜਕਲਾਂ ਵਿਖੇ ‘ਬਾਲ ਵਿਆਹ ਮੁਕਤ ਭਾਰਤ’ ਕੰਪੇਨ ਚਲਾਈ ਗਈ। ਇਸ ਮੌਕੇ ਬਚਪਨ ਬਚਾਓ ਅੰਦੋਲਨ ਦੀ ਟੀਮ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ, ਬੰਗਾ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਵੱਲੋ ਬਾਲ ਵਿਆਹ ਮੁਕਤ ਭਾਰਤ ਲਈ ਸਹੁੰ ਚੱਕਦੇ ਹੋਏ ਬੱਚਿਆਂ ਦੀ ਛੋਟੀ ਉਮਰ ਵਿੱਚ ਵਿਆਹ ਨਾ ਕਰਵਾਉਣ ਸਬੰਧੀ ਵਚਨ ਲਿਆ ਗਿਆ। ਪ੍ਰੋਗਰਾਮ ਦੌਰਾਨ ਬਚਪਨ ਬਚਾਓ ਅੰ-ਦੋਲਨ ਅਧੀਨ ਸਟੇਟ ਕੋਆਰਡੀਨੇਟਰ ਰਚਿਤਾ ਗੁਪਤਾ ਅਤੇ ਯਾਦਵਿੰਦਰ ਸਿੰਘ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਵੱਲੋ ਬਾਲ ਵਿਆਹ ਨਾ ਕਰਨ ਸਬੰਧੀ ਨਾਰੇ ਲਗਾਉਂਦੇ ਹੋਏ ਇਸ ਕੰਪੇਨ ਨੂੰ ਬੜਾਵਾ ਦਿੱਤਾ ਗਿਆ। ਪਿੰਡ ਪੱਧਰ ਤੇ ਬਾਲ ਸੁਰੱਖਿਆ ਕਮੇਟੀਆਂ ਵੱਲੋ ਵੀ ਇਸ ਪ੍ਰੋਗਰਾਮ ਵਿੱਚ ਭਾਗ ਲਿਆ ਗਿਆ। ਮੌਕੇ ‘ਤੇ ਹਾਜ਼ਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੌੜਾ ਨੇ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੀ ਲੜਕੀ ਅਤੇ 21 ਸਾਲ ਤੋਂ ਘੱਟ ਉਮਰ ਦੇ ਲੜਕੇ ਦਾ ਵਿਆਹ ਕਰਨਾ ਕਾਨੂੰਨੀ ਅਪਰਾਧ ਹੈ।

ਅਜਿਹਾ ਕਰਨ ‘ਤੇ ਬਾਲ ਵਿਆਹ ਕਰਵ-ਾਉਣ ਵਾਲੇ ਨੂੰ ਜੁਵੇਨਾਇਲ ਜਸਟਿਸ ਐਕਟ, 2015 ਦੇ ਤਹਿਤ ਸਖਤ ਸਜਾ ਤੇ ਜ਼ੁਰਮਾਨਾ ਹੋ ਸਕਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਸਮਾਜ ਵਿੱਚ ਕੋਈ ਵੀ ਬਾਲ ਵਿਆਹ ਦੀ ਜਾਣਕਾਰੀ ਮਿਲਣ ‘ਤੇ ਇਸ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਕਰਮਾ ਨੰ. 313, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸ਼ਹੀਦ ਭਗਤ ਸਿੰਘ ਨਗਰ ਵਿਖੇ ਸੂਚਿਤ ਕੀਤਾ ਜਾਵੇ, ਤਾਂ ਜੋ ਬਾਲ ਵਿਆਹ ਨੂੰ ਰੋਕਿਆ ਜਾ ਸਕੇ। ਉਕਤ ਅਨੁਸਾਰ ਬਾਲ ਵਿਆਹ ਮੁਕਤ ਭਾਰਤ ਕੰਪੇਨ ਚਲਾਉਣ ਦਾ ਮੁੱਖ ਮੰਤਵ ਵੱਧ ਤੋਂ ਵੱਧ ਆਮ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਬੱਚਿਆ ਦੇ ਘੱਟ ਉਮਰ ਵਿੱਚ ਵਿਆਹ ਨੂੰ ਰੋਕਣਾ ਹੈ। ਉਕਤ ਪ੍ਰੋਗਰਾਮ ਦੌਰਾਨ ਬਾਲ ਵਿਕਾਸ ਪ੍ਰੋਜੈਕਟ ਅਫਸਰ ਬੰਗਾ ਦਵਿੰਦਰ ਕੌਰ, ਸੁਪਰਵਾਈਜ਼ਰ ਸਟਾਫ ਅਤੇ ਆਂਗਣਵਾੜੀ ਵਰਕਰਾਂ ਬਲਾਕ ਬੰਗਾ ਨੇ ਵੀ ਭਾਗ ਲਿਆ ਗਿਆ। ਇਸ ਮੌਕੇ ‘ਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੋਂ ਰਜਿੰਦਰ ਕੌਰ, ਬਾਲ ਸੁਰੱਖਿਆ ਅਫਸਰ (ਐਨ.ਆਈ.ਸੀ) ਅਤੇ ਦਫਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਤੋਂ ਨਿਰਮਲ ਸਿੰਘ, ਜ਼ਿਲ੍ਹਾ ਪ੍ਰੋਗਰਾਮ ਸਹਾਇਕ ਅਤੇ ਪੂਨਮ ਰਾਣੀ, ਕਲਰਕ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਬੱਚੇ ਤੇ ਇਲਾਕਾ ਵਾਸੀ ਹਾਜ਼ਰ ਸਨ।

# 19 ਅਕਤੂਬਰ ਨੂੰ ਦਿੱਤੇ ਜਾ ਰਹੇ ਧਰਨੇ ਵਿਚ ਭਰਵੀਂ ਸ਼ਮੂਲੀਅਤ ਕਰਨਗੀਆਂ ਪ੍ਰਵਾਸੀ ਔਰਤਾਂ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਨਵਾਂਸ਼ਹਿਰ ਦੀ ਇਕ ਪ੍ਰਵਾਸੀ ਔਰਤ ਲਈ ਇਨਸਾਫ਼ ਲੈਣ ਲਈ ਪ੍ਰਵਾਸੀ ਮਜਦੂਰ ਜਥੇਬੰਦੀਆਂ ਵਲੋਂ 19 ਅਕਤੂਬਰ ਨੂੰ ਥਾਣਾ ਸਿਟੀ ਨਵਾਂਸ਼ਹਿਰ ਅੱਗੇ ਲਾਏ ਜਾ ਰਹੇ ਧਰਨੇ ਵਿਚ ਪ੍ਰਵਾਸੀ ਔਰਤਾਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨਗੀਆਂ। ਇਹ ਫੈਸਲਾ ਬੀਤੇ ਕਲ ਪ੍ਰਵਾਸੀ ਔਰਤਾਂ ਦੀ ਨਵਾਂਸ਼ਹਿਰ ਵਿਖੇ ਹੋਈ ਇਕ ਭਰਵੀਂ ਮੀਟਿੰਗ ਵਿਚ ਲਿਆ ਗਿਆ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਰਨਜੀਤ ਕੌਰ,ਰੇਣੂ,ਮੰਜੂ ਦੇਵੀ,ਪਰਵਾਸੀ ਮਜਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ ਅਤੇ ਰੇਹੜੀ ਵਰਕਰਜ਼ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਅਤੇ ਹਰੀ ਲਾਲ ਨੇ ਕਿਹਾ ਕਿ 30 ਸਤੰਬਰ ਨੂੰ ਸ਼ਾਮ ਸਮੇਂ ਇਕ ਗੁੰਡੇ ਵਲੋਂ ਮਮਤਾ ਨਾਂਅ ਦੀ ਪ੍ਰਵਾਸੀ ਔਰਤ ਦੇ ਘਰ ਦਾਖਲ ਹੋਕੇ ਉਸ ਨਾਲ ਗੁੰਡਾਗਰਦੀ ਕੀਤੀ ਗਈ। ਪੁਲਸ ਕੋਲ ਸ਼ਿਕਾਇਤ ਦਰਜ ਕਰਵਾਉਣ ਦੇ ਬਾਵਜੂਦ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਪਿਛਲੇ 18 ਦਿਨਾਂ ਤੋਂ ਕਥਿਤ ਦੋਸ਼ੀ ਵਿਰੁੱਧ ਕਾਰਵਾਈ ਕਰਨ ਦੀ ਥਾਂ ਉਸਨੂੰ ਬਚਾਅ ਰਹੀ ਹੈ। ਉਹਨਾਂ ਕਿਹਾ ਕਿ ਪੀੜਤ ਔਰਤ ਪਿਛਲੇ14 ਸਾਲਾਂ ਤੋਂ ਮਾਨਸਿਕ ਬਿਮਾਰੀਆਂ ਦੇ ਡਾਕਟਰ ਕੋਲੋਂ ਆਪਣਾ ਇਲਾਜ ਕਰਾ ਰਹੀ ਹੈ। ਕਿਸੇ ਵਿਅਕਤੀ ਵਲੋਂ ਇਕ ਮਾਨਸਿਕ ਰੋਗੀ ਔਰਤ ਨਾਲ ਗੁੰਡਾਗਰਦੀ ਕਰਨਾ ਹੋਰ ਵੀ ਸੰਗੀਨ ਅਪਰਾਧ ਹੈ ਪਰ ਪੁਲਸ ਇਸ ਮੁੱਦੇ ਵਲ ਆਉਂਣ ਦੀ ਥਾਂ ਹੋਰ ਹੀ ਕਹਾਣੀਆਂ ਘੜਕੇ ਸਮਾਂ ਲੰਘਾਉਂਦਿਆ ਦੋਸ਼ੀ ਦੀ ਮੱਦਦ ਕਰ ਰਹੀ ਹੈ।

# ਡੇਂਗੂ ਰੋਕੂ ਗਤੀਵਿਧੀਆਂ ਨੂੰ ਹੋਰ ਅਸਰਦਾਰ ਢੰਗ ਨਾਲ ਚਲਾਇਆ ਜਾਵੇ - ਡਿਪਟੀ ਕਮਿਸ਼ਨਰ

## ਸਰਵੇਖਣ, ਜਾਂਚ ਤੇ ਜਾਗਰੂਕਤਾ ਗਤੀਵਿਧੀਆਂ ’ਚ ਲਿਆਂਦੀ ਜਾਵੇ ਤੇਜ਼ੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਸਿਹਤ ਵਿਭਾਗ ਦੇ ਰਾਸ਼ਟਰੀ ਅਤੇ ਸੂਬਾਈ ਸਿਹਤ ਪ੍ਰੋਗਰਾਮਾਂ ਸਮੇਤ ਮੌਜੂਦਾ ਸਮੇਂ ਵਿਚ ਡੇਂਗੂ ਦੇ ਖ਼ਤਰੇ ਦੇ ਮੱਦੇਨਜ਼ਰ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ



ਦੀ ਸਮੀਖਿਆ ਲਈ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਸਮੀਖਿਆ ਮੀਟਿੰਗ ਆਯੋਜਿਤ ਕੀਤੀ।

ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਮੀਟਿੰਗ ਵਿੱਚ ਹਾਜ਼ਰ ਸਮੂਹ ਪ੍ਰਤੀਨਿਧੀਆਂ ਨੂੰ ‘ਜੀ ਆਇਆਂ ਨੂੰ’ਕਿਹਾ ਤੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਸ਼ੁਰੂਆਤ ਕੀਤੀ। ਮੀਟਿੰਗ ਵਿੱਚ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਮਹੀਨਾ ਸਤੰਬਰ-2023 ਦੌਰਾਨ ਵੱਖ-ਵੱਖ ਸਿਹਤ ਪ੍ਰੋਗਰਾਮਾਂ ਅਧੀਨ ਕੀਤੇ ਗਏ ਕੰਮਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ।

ਡਿਪਟੀ ਕਮਿਸ਼ਨਰ ਨਵਜੋਤਪਾਲ ਸਿੰਘ ਰੰਧਾਵਾ ਨੇ ਸਿਹਤ ਅਧਿਕਾਰੀਆਂ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਜ਼ਿਲ੍ਹੇ ਵਿਚ ਡੇਂਗੂ ਅਤੇ ਚਿਕਨਗੁਨੀਆ ਦੇ ਕੇਸ ਸਾਹਮਣੇ ਆਉਣ ’ਤੇ ਸਿਹਤ ਵਿਭਾਗ ਅਤੇ ਨਗਰ ਕੌਂਸਲਾਂ ਸਮੇਤ ਹੋਰਨਾਂ ਸਹਿਯੋਗੀ ਵਿਭਾਗਾਂ ਨੂੰ ਹੋਰ ਚੌਕਸ ਹੋਣ ਦੀ ਜ਼ਰੂਰਤ ਹੈ। ਉਨ੍ਹਾਂ ਡੇਂਗੂ ਦੀ ਰੋਕਥਾਮ ਲਈ ਸਰਵੇਖਣ, ਜਾਂਚ ਤੇ ਜਾਗਰੂਕਤਾ ਮੁਹਿੰਮ ਨੂੰ ਹੋਰ ਤੇਜ਼ ਕਰਨ ਦੀ ਹਦਾਇਤ ਕਰਦਿਆਂ ਕਿਹਾ ਜ਼ਿਲ੍ਹੇ ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿਚ ਨਿਰੰਤਰ ਇਹ ਗਤੀਵਿਧੀਆਂ ਚਲਾਈਆਂ ਜਾਣ। ਉਨ੍ਹਾਂ ਕਿਹਾ ਕਿ ਹਫ਼ਤੇ ਦੇ ‘ਹਰ ਸ਼ੁੱਕਰਵਾਰ ਡੇਂਗੂ ’ਤੇ ਵਾਰ’ਮੁਹਿੰਮ ਨੂੰ ਹਦਾਇਤਾਂ ਅਨੁਸਾਰ ਹੋਰ ਅਸਰਦਾਰ ਢੰਗ ਨਾਲ ਚਲਾਇਆ ਜਾਵੇ। ਡੇਂਗੂ ਤੋਂ ਬਚਾਅ ਲਈ ਆਪਣੇ ਆਲੇ-ਦੁਆਲੇ ਅਤੇ ਹਫ਼ਤੇ ਵਿਚ ਇਕ ਵਾਰ ਕੂਲਰਾਂ, ਫਰਿੱਜ਼ ਦੀ ਟਰੇਅ ਦੀ ਸਫਾਈ ਕਰਨ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤਾਂ ਜੋ ਮੱਛਰ ਦੇ ਲਾਰਵੇ ਨੂੰ ਖਤਮ ਕੀਤਾ ਜਾ ਸਕੇ।ਜ਼ਿਲ੍ਹੇ ਵਿੱਚ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਅਧੀਨ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਉਲੰਘਣਾ ਕਰਨ ਵਾਲਿਆਂ ’ਤੇ ਸਖਤ ਕਾਰਵਾਈ ਦੀ ਹਦਾਇਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਹੜੀਆਂ ਗੈਰ-ਤੰਬਾਕੂ ਦੁਕਾਨਾਂ ’ਤੇ ਤੰਬਾਕੂ ਉਤਪਾਦ ਵੇਚੇ ਜਾਂਦੇ ਹਨ, ਉਨ੍ਹਾਂ ’ਤੇ ਛਾਪੇਮਾਰੀ ਕਰਕੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿਹਾ ਕਿ ਵਿਦਿਅਕ ਅਦਾਰਿਆਂ ਨੇੜੇ ਸਥਿਤ ਦੁਕਾਨਾਂ ਵਿੱਚ ਤੰਬਾਕੂ ਦੀ ਵਿੱਕਰੀ ਕਰਨ ਵਾਲਿਆਂ ’ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਜ਼ਿਲ੍ਹੇ ਦੇ ਸਰਕਾਰੀ ਹਸਪਤਾਲਾਂ ਵਿੱਚ ਸੰਸਥਾਗਤ ਜਣੇਪੇ ਨੂੰ ਹੋਰ ਵਧਾਉਣ ਲਈ ਯਤਨ ਕਰਨ ਦੇ ਆਦੇਸ਼ ਦਿੰਦਿਆਂ ਉਨ੍ਹਾਂ ਕਿਹਾ ਕਿ ਗਰਭਵਤੀ ਮਾਵਾਂ ਦੀ ‘ਐਂਟੀਨੇਟਲ ਚੈਕ ਅੱਪ ਰਜਿਸ਼ਟ੍ਰੇਸ਼ਨ’ਵਧਾਈ ਜਾਵੇ ਅਤੇ ਹਰ ਇੱਕ ਉੱਚ ਜ਼ੋਖਿਮ ਵਾਲੀਆਂ ਗਰਭਵਤੀ ਮਹਿਲਾਵਾਂ ਦਾ ਵਿਸ਼ੇਸ਼ ਧਿਆਨ ਰੱਖ ਕੇ, ਉਨ੍ਹਾਂ ਦਾ ਸੁਰੱਖਿਅਤ ਜਣੇਪਾ ਕਰਵਾਉਣ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਜਣੇਪੇ ਦੀ ਦਰ ਨੂੰ ਵਧਾਉਣ ਲਈ ਸਰਕਾਰੀ ਹਸਪਤਾਲਾਂ ਵਿਚ ਜਣੇਪਾ ਕਰਵਾਉਣ ਵਾਲੀਆਂ ਗਰਭਵਤੀ ਔਰਤਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ ਤਾਂ ਜੋ ਸਰਕਾਰੀ ਸਿਹਤ ਸੰਸਥਾਵਾਂ ਵਿਚ ਜਣੇਪੇ ਦੀ ਮੁਫ਼ਤ ਸਹੂਲਤ ਦਾ ਹਰੇਕ ਲੋੜਵੰਦ ਨੂੰ ਲਾਭ ਮਿਲ ਸਕੇ।

# ਜੁਗਾੜੂ ਰੇਹੜਾ ਵਰਕਰਾਂ ਵਲੋਂ ਦੋਆਬਾ ਜੋਨਲ ਕਮੇਟੀ ਦਾ ਗਠਨ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜੁਗਾੜੂ ਰੇਹੜਾ ਯੂਨੀਅਨ( ਇਫਟੂ ) ਨੇ ਅੱਜ ਇੱਥੇ ਮੀਟਿੰਗ ਕਰਕੇ ਸ਼ਹੀਦ ਭਗਤ ਸਿੰਘ ਨਗਰ ਅਤੇ ਜਲੰਧਰ ਜਿਲਿਆਂ ਦੀ 7 ਮੈਂਬਰੀ ਦੁਆਬਾ ਜੋਨ ਐਡਹਾਕ ਕਮੇਟੀ ਬਣਾਈ ਹੈ। ਜਿਸ ਵਿਚ ਜਲੰਧਰ ਜਿਲ੍ਹੇ ਵਿਚੋਂ 4 ਮੈਂਬਰ ਬਿਸ਼ੰਬਰ ਦਾਸ ਅਤੇ ਬਖਸ਼ੀਸ਼ ਸਿੰਘ ਮਹਿਤ ਪੁਰ,ਪਾਲਾ ਪ੍ਰਧਾਨ ਅਤੇ ਰਾਜ ਕੁਮਾਰ ਨੂਰਮਹਿਲ ਅਤੇ 3 ਮੈਂਬਰ ਨਿੱਕੂ ਜੇਮਸ ਮਸੀਹ,ਤਿਲਕ ਰਾਜ ਅਤੇ ਰਾਕੇਸ਼ ਕੁਮਾਰ ਜਿਲਾ ਸ਼ਹੀਦ ਭਗਤ ਸਿੰਘ ਨਗਰ ਲਏ ਗਏ ਹਨ। ਇਸ ਮੀਟਿੰਗ ਵਿਚ ਹੁਸ਼ਿਆਰਪੁਰ, ਕਪੂਰਥਲਾ ਅਤੇ ਰੋਪੜ ਜਿਲਿਆਂ ਵਿਚ ਜਥੇਬੰਦੀ ਬਣਾਕੇ ਇਸ ਜੋਨਲ ਕਮੇਟੀ ਨੂੰ ਵਿਸਥਾਰ ਦੇਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਪ੍ਰੈਸ ਸਕੱਤਰ ਜਸਬੀਰ ਦੀਪ ਅਤੇ ਉੱਪ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਦੋਆਬਾ ਖੇਤਰ ਵਿਚ ਜੁਗਾੜੂ ਰੇਹੜਾ ਚਾਲਕਾਂ ਦੀ ਗਿਣਤੀ ਬਹੁਤ ਵੱਡੀ ਹੈ। ਜੋ ਜੋਨਲ ਪੱਧਰ ਉੱਤੇ ਜਥੇਬੰਦ ਨਹੀਂ ਸਨ। ਇਹ ਕਮੇਟੀ ਬਣਨ ਨਾਲ ਇਹਨਾਂ ਦੀ ਤਾਕਤ ਵਧੀ ਹੈ। ਉਹਨਾਂ ਨੇ ਜੁਗਾੜੂ ਰੇਹੜਾ ਚਾਲਕਾਂ ਨੂੰ ਤਿੱਖੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।


# ਭਾਈ ਉੰਕਾਰ ਸਿੰਘ ਤੇ ਬੇਗਮਪੁਰਾ ਸੋਸਾਇਟੀ ਵਲੋਂ ਸਰਕਾਰੀ ਹਸਪਤਾਲ ਨੂੰ ਦਵਾਈਆਂ ਕੀਤੀਆਂ ਭੇਂਟ

**ਲਸਾੜਾ ਉੜਾਪੜ (ਬੱਗਾ ਸੇਲਕੀਆਣਾ)-** ਸ਼੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਤੇ ਬੇਗਮਪੁਰਾ ਕਲਚਰ ਸੋਸਾਇਟੀ ਵਲੋਂ ਆਪਣੀ ਕਿਰਤ ਕਮਾਈ ਨੂੰ ਸਫਲ ਕਰਦੇ ਹੋਏ ਕਸਬਾ ਮੁਕੰਦਪੁਰ ਦੇ ਸਰਕਾਰੀ ਹਸਪਤਾਲ ਨੂੰ ਪੌਣੇ ਦੋ ਲੱਖ ਰੁਪਏ ਦੀਆਂ ਦਵਾਈਆਂ ਭੇਂਟ ਕੀਤੀਆਂ ਗਈਆਂ ਇਸ ਮੋਕੇ ਗੱਲਬਾਤ ਕਰਦਿਆਂ ਭਾਈ ਉੰਕਾਰ ਸਿੰਘ ਗੜਪਧਾਣਾ ਨੇ ਦੱਸਿਆ ਕਿ ਇਨਸਾਨ ਦੀ ਚੰਗੀ ਸਿਹਤ ਉਸਦਾ ਗਹਿਣਾ ਹੈ ਤੇ ਸਿੱਖਿਆ ਇਨਸਾਨ ਦਾ ਤੀਜਾ ਨੇਤਰ ਹੈ ਤੇ ਬਹੁਤ ਲੋਕ ਇਲਾਜ ਨਾ ਕਰਵਾਉਣ ਕਾਰਨ ਇਸ ਜਹਾਨ ਤੋ ਚਲੇ ਜਾਂਦੇ ਹਨ ਤੇ ਕੁਝ ਲੋਕ ਸਿੱਖਿਆ ਤੋਂ ਵਾਂਝੇ ਰਹਿ ਕੇ ਆਪਣਾ ਭਵਿੱਖ ਨਹੀ ਬਣਾ ਸਕਦੇ ਤੇ ਸਮਾਂਜ ਵਿੱਚ ਇਨ੍ਹਾਂ ਚੀਜ਼ਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਾਡੇ ਐਨ ਆਰ ਆਈ ਵੀਰ ਤੇ ਧਾਰਮਿਕ ਸੰਸਥਾਵਾਂ ਤੇ ਕਮੇਟੀਆਂ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦੀਆਂ ਰਹਿੰਦੀਆਂ



ਹਨ ਤੇ ਇਸ ਘਾਟ ਨੂੰ ਪੂਰਾ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਉਨਾਂ ਇਸ ਕਾਰਜ ਲਈ ਸ਼੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਤੇ ਬੇਗਮਪੁਰਾ ਕਲਚਰਲ ਸੁਸਾਇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਇਸ ਤਰ੍ਹਾਂ ਦੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਂਦੀਆਂ ਰਹਿਣਗੀਆਂ ਇਸ ਮੌਕੇ ਡਾ ਰਵਿੰਦਰ ਸਿੰਘ ਐਸ ਐਮ ਓ ਮੁਕੰਦਪੁਰ ਨੇ ਭਾਈ ਉੰਕਾਰ ਸਿੰਘ ਗੜਪਧਾਣਾ, ਸ਼੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਤੇ ਬੇਗਮਪੁਰਾ ਕਲਚਰਲ ਸੁਸਾਇਟੀ ਦੇ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਆਖਿਆ ਕਿ ਸਰਕਾਰੀ ਹਸਪਤਾਲਾਂ ਵਿੱਚ ਲੋੜਬੰਦ ਪ੍ਰੀਵਾਰ ਦਵਾਈਆਂ ਲੈਣ ਆਉਦੇ ਹਨ ਤੇ ਜੋ ਸਰਕਾਰ ਵਲੋਂ ਭੇਜੀਆਂ ਜਾਂਦੀਆਂ ਹਨ ਉਹ ਅਸੀ ਬਿਮਾਰੀ ਦੇ ਮੁਤਾਬਕ ਦਿੰਦੇ ਹਾਂ ਤੇ ਕਈ ਵਾਰ ਕੁਝ ਬਿਮਾਰੀਆਂ ਇਸ ਤਰ੍ਹਾਂ ਦੀਆਂ ਹੁੰਦੀਆਂ ਨੇ ਉਨ੍ਹਾਂ ਦੀਆਂ ਦਵਾਈਆਂ ਮਹਿੰਗੀਆਂ ਹੋਣ ਕਾਰਨ ਉਹ ਮਰੀਜ ਦਵਾਈਆਂ ਲੈ ਨਹੀਂ ਸਕਦੇ ਤੇ ਐਨਆਰਆਈ ਵੀਰਾਂ ਇਹ ਜੋ ਕਾਰਜ ਕੀਤਾ ਬਹੁਤ ਹੀ ਸਲਾਘਾ ਯੋਗ ਹੈ ਇਸ ਮੌਕੇ ਸਮੂੰਹ ਸਟਾਫ ਮੁਲਾਜ਼ਮ ਸਾਹਿਬਾਨ ਹਾਜ਼ਰ ਸਨ।

# ਡਾ. ਹਰਭਜ ਮਹਿਮੀ ਤੇ ਸੰਮਤੀ ਮੈਂਬਰ ਸੰਤੋਖ ਲਾਲ ਆਪਣੇ ਸਾਥੀਆਂ ਨਾਲ ਆਪ ਵਿੱਚ ਸ਼ਾਮਿਲ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੀ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਬਸਪਾ ਨੂੰ ਅਲਵਿਦਾ ਆਖਦੇ ਹੋਏ ਡਾ.ਹਰਭਜ ਮਹਿਮੀ ਜ਼ਿਲ੍ਹਾ ਇੰਚਾਰਜ ਬਸਪਾ ਤੇ ਸੰਮਤੀ ਮੈਂਬਰ ਸੰਤੋਖ ਲਾਲ ਆਪਣੇ ਲੱਗਭਗ ਦੋ ਦਰਜਨ ਦੇ ਕਰੀਬ ਸਾਥੀਆਂ ਨਾਲ ਹਲਕਾ ਵਿਧਾਇਕ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਏ।

ਸ਼ਾਮਿਲ ਹੋਣ ਵਾਲੇ ਸਾਥੀਆਂ ਦੇ ਪਾਰਟੀ ਦੇ ਮਫਲਰ ਪਹਿਨਾ ਕੇ ਰੌੜ ਨੇ ਪਾਰਟੀ 'ਚ ਸ਼ਾਮਿਲ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੀ ਦੁਆਰਾ ਹਰ ਵਰਗ ਲਈ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਦੇ ਚੰਗੇ ਲੋਕ ਆਪ 'ਚ ਸ਼ਾਮਿਲ ਹੋ ਰਹੇ ਹਨ।

ਉਹਨਾਂ ਨਵੇਂ ਆਏ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹਨਾਂ ਨੂੰ ਪਾਰਟੀ 'ਚ ਬਣਡਾ ਮਾਨ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਡਾ. ਹਰਭਜ ਮਹਿਮੀ ਤੇ ਸੰਮਤੀ ਮੈਂਬਰ ਸੰਤੋਖ ਲਾਲ ਨੇ ਕਿਹਾ ਕਿ ਉਹ ਹਲਕਾ ਵਿਧਾਇਕ ਦੇ ਨਿਰਪੱਖਤਾ ਨਾਲ ਹਲਕੇ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਸ਼ਾਮਿਲ ਹੋਏ ਹਨ।

# ਟੈਕਸਟਾਇਲ-ਹੌਜਰੀ ਕਾਮਗਾਰ ਯੂਨੀਅਨ ਵੱਲੋਂ ਪੰਜਾਬ ਸਰਕਾਰ ਦੇ ਓਵਰਟਾਇਮ ਦੇ ਘੰਟੇ ਵਧਾਉਣ ਦੇ ਫੈਸਲੇ ਖਿਲਾਫ ਮੀਟਿੰਗ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਲੁਧਿਆਣੇ ਦੇ ਸੱਨਅਤੀ ਮਜ਼ਦੂਰਾਂ ਦੀ ਜਥੇਬੰਦੀ ਟੈਕਸਟਾਇਲ-ਹੌਜਰੀ ਕਾਮਗਾਰ ਯੂਨੀਅਨ, ਪੰਜਾਬ ਦੇ ਸਰਗਰਮ ਕਾਰਕੁਨਾਂ ਦੀ ਮੀ-ਟਿੰਗ ਮਜਦੂਰ ਲਾਇਬ੍ਰੇਰੀ, ਈ.ਡਬਲਯੂ.ਐਸ. ਕਲੋਨੀ ਲੁ-ਧਿਆਣਾ ਵਿਖੇ ਕੀਤੀ ਗਈ। ਮੀਟਿੰਗ ਵਿੱਚ ਭਗਵੰਤ ਮਾਨ ਸਰਕਾਰ ਵੱਲੋਂ ਜਾਰੀ ਕੀਤੇ ਓਵਰਟਾਇਮ ਦੇ ਘੰਟੇ ਵਧਾਉਣ ਦੇ ਮਜਦੂਰ ਵਿਰੋਧੀ ਫੈਸਲੇ ਬਾਰੇ ਵਿਚਾਰ-ਚਰਚਾ ਕੀਤੀ ਗਈ। ਯੂਨੀਅਨ ਦੇ ਪ੍ਰਧਾਨ ਜਗਦੀਸ਼ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਨੇ ਪਿਛਲੇ ਦਿਨੀਂ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਓਵਰਟਾਇਮ ਦੇ ਘੰਟੇ ਵਧਾਉਣ ਦੀ ਗੱਲ ਕਹੀ ਹੈ। ਜਿਸ ਨਾਲ ਇੱਕ ਦਿਨ ਵਿੱਚ ਓਵਰਟਾਇਮ ਦੇ ਵੱਧ ਤੋਂ ਵੱਧ ਘੰਟੇ ਦੋ ਤੋਂ ਵਧਾ ਕੇ 4 ਕਰ ਦਿੱਤੇ ਗਏ ਹਨ, ਭਾਵੇਂ ਕਿ ਇੱਕ ਹਫਤੇ ਦੇ ਕੁੱਲ ਕੰਮ ਦੇ ਘੰਟੇ (ਸਮੇਤ ਓਵਰਟਾਇਮ) 60 ਹੀ ਰੱਖੇ ਗਏ ਹਨ। ਇਸਦੇ ਨਾਲ਼ ਹੀ ਤਿੰਨ ਮਹੀਨੇ ਵਿੱਚ ਜਿੱਥੇ ਓਵਰਟਾਇਮ ਦੇ ਕੰਮ ਦੇ ਘੰਟੇ 75 ਹੋ ਸਕਦੇ ਸੀ ਹੁਣ ਵਧ ਕੇ 115 ਕਰ ਦਿੱਤੇ ਗਏ ਹਨ। ਸਰਕਾਰ ਦਾ ਇਹ ਫੈਸਲਾ ਮਜ਼ਦੂਰ ਵਿਰੋਧੀ ਹੈ। ਵਧਦੀ ਮਹਿੰਗਾਈ ਦੇ ਹਿਸਾਬ ਨਾਲ਼ ਮਜਦੂਰਾਂ ਦੀ ਤਨਖਾਹ/ਪੀਸਰੇਟ ਵਧਾਉਣ ਦੀ ਥਾਂ ਸਰਕਾਰ ਕੰਮ ਦੇ ਘੰਟੇ ਵਧਾ ਕੇ ਮਜਦੂਰਾਂ ਦੀ ਜਿੰਦਗੀ ਦੁੱਭਰ ਕਰਨ ਦੀ ਰਾਹ ਤੇ ਤੁਰੀ ਹੋਈ ਹੈ। ਇਸ ਫੈਸਲੇ ਨੇ ਆਮ ਆਦਮੀ ਪਾਰਟੀ ਦੇ ਮਜਦੂਰ-ਵਿਰੋਧੀ ਚਿਹਰੇ ਨੂੰ ਨੰਗਾ ਕੀਤਾ ਹੈ। ਉਹਨਾਂ ਨੇ ਕਿਹਾ ਕਿ ਪਹਿਲਾਂ ਹੀ ਸਰਮਾਏਦਾਰਾਂ ਵੱਲੋਂ ਕਿਰਤ-ਕਨੂੰਨਾਂ ਦਾ ਉਲੰਘਣ ਕਰਕੇ ਮਜਦੂਰਾਂ ਤੋਂ ਤਿੰਨ-ਤਿੰਨ, ਚਾਰ-ਚਾਰ ਘੰਟੇ ਫੈਕਟਰੀਆਂ ਵਿੱਚ ਓਵਰਟਾਇਮ ਕਰਵਾਇਆ ਜਾਂਦਾ ਹੈ ਅਤੇ ਹੁਣ ਜਦਕਿ



ਸਰਕਾਰ ਨੇ ਓਵਰਟਾਇਮ ਦੇ ਘੰਟੇ ਵਧਾਉਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਤਾਂ ਸਰਮਾਏਦਾਰਾਂ ਨੂੰ ਮਜਦੂਰਾਂ ਦੀ ਹੋਰ ਜਿਆਦਾ ਲੁੱਟ ਕਰਨ ਦੀ ਖੁੱਲੀ ਛੂਟ ਹੋ ਜਾਵੇਗੀ। ਇਸ ਲਈ ਅੱਜ ਮਜਦੂਰ ਜਮਾਤ ਨੂੰ ਸਰਕਾਰ ਦੇ ਇਸ ਫੈਸਲੇ ਦਾ ਏਕੇ ਦੇ ਦਮ ਤੇ ਵਿਰੋਧ ਕਰਨ ਦੀ ਲੋੜ ਹੈ। ਮੀਟਿੰਗ ਵਿੱਚ ਸ਼ਾਮਿਲ ਸਾਰੇ ਕਾਰਕੁਨਾਂ ਨੇ ਓਵਰਟਾਇਮ ਦੇ ਘੰਟੇ ਵਧਾਉਣ ਦਾ ਨੋਟੀਫਿਕੇਸ਼ਨ ਜਾਰੀ ਕਰਨ ਦੇ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕੀਤਾ। ਇਸ ਮੌਕੇ ਮਜਦੂਰ ਕਾਰਕੁਨਾਂ ਨੇ ਲੋਕਪੱਖੀ ਪੱਤਰਕਾਰਾਂ ਤੇ ਮੋਦੀ ਸਰਕਾਰ ਦੇ ਹਮਲੇ ਅਤੇ ਟ੍ਰੇਡ ਯੂਨੀਅਨ ਆਗੂ ਲਖਵਿੰਦਰ ਤੇ ਝੂਠਾ ਪਰਚਾ ਦਰਜ ਕਰਨ ਦੀ ਨਿੰਦਾ ਕੀਤੀ।







# ਸੂਬਾ ਪੱਧਰੀ ਵਾਲੀਵਾਲ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਣ ਤੇ ਪਿੱਪਲੀਵਾਲ ਦੇ ਮੋਨੀ ਅਤੇ ਲਕਸ਼ ਨੂੰ ਕੀਤਾ ਸਨਮਾਨਿਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪਿਛਲੇ ਦਿਨੀਂ ਹੋਇਆ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਸੂਬਾ ਪੱਧਰੀ



ਵਾਲੀਵਾਲ ਮੁਕਾਬਲੇ (14 ਸਾਲਾਂ) ਵਿੱਚ ਖੇਡਦੀਆਂ ਮੋਨੀ ਜਿੰਦਲ ਪੁੱਤਰ ਸੰਜੀਵ ਕੁਮਾਰ ਪਿੱਪਲੀਵਾਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਜਿੱਤਿਆ। ਜਿਸ ਨਾਲ ਕਿ ਸਮੂਹ ਪਿੰਡ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

ਜਿਕਰ ਯੋਗ ਹੈ ਕਿ ਪਿੱਪਲੀਵਾਲ ਪਿੰਡ ਵਿਚੋਂ ਸੂਬਾ ਪੱਧਰੀ ਵਾਲੀਵਾਲ ਮੁਕਾਬਲੇ ਵਿੱਚ ਜਾਣ ਵਾਲਾ ਮੋਨੀ ਪਹਿਲਾ ਬੱਚਾ ਹੈ। ਜਦੋਂ ਇਸ ਗੱਲ ਦਾ ਦੇਸ਼ ਵਿਦੇਸ਼ ਵਿੱਚ ਬੈਠੇ ਪਿੰਡ ਦੇ ਲੋਕਾਂ ਨੂੰ ਪਤਾ ਲੱਗਿਆ ਤਾਂ ਸਾਰੀਆਂ ਨੇ ਮਿਲ ਕੇ ਹੌਂਸਲਾ ਅਫਜ਼ਾਈ ਕਰਨ ਦੀ ਸਲਾਹ ਬਣਾਈ ਅਤੇ ਇਸ ਦੇ ਤਹਿਤ ਕੁਲਵਿੰਦਰ ਕਿਸਾਨਾਂ ਆਸਟ੍ਰੇਲੀਆ ਨੇ ਮੋਨੀ ਲਈ 11000 ਦੀ ਇਨਾਮੀ ਰਾਸ਼ੀ ਭੇਜੀ ਅਤੇ ਇਸ ਦੇ ਨਾਲ ਹੀ ਪਿੰਡ ਦੀਆਂ ਮੋਹਤਵਾਰ ਸ਼ਖਸ਼ੀਅਤਾਂ ਜਿਨ੍ਹਾਂ ਵਿਚੋਂ ਸੰਜੀਵ ਕੁਮਾਰ ਨੇ ਇਕ ਵਾਲੀਵਾਲ ਕਮਲ ਭੁੰਬਲਾ ਨੇ ਇੱਕ ਵਾਲੀਵਾਲ ਅਤੇ ਰਾਜੇਸ਼ ਕੁਮਾਰ ਪੰਚ ਵਲੋਂ ਇਕ ਵਾਲੀਵਾਲ ਦਿੱਤਾ ਗਿਆ।

ਮੋਨੀ ਅਤੇ ਲਕਸ਼ ਲਈ ਪਿੰਡ ਦੀ ਪੰਚਾਇਤ ਵੱਲੋਂ ਇਕ ਇਕ ਟਰੈਕ ਸੂਟ ਅਤੇ ਖੇਡਣ ਲਈ ਬੂਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜੋਗਿੰਦਰ ਲਾਲ ਪੰਚ, ਸ਼ੇਰ ਸਿੰਘ ਜਿੰਦਲ, ਸੰਜੀਵ ਕੁਮਾਰ ਸੰਜੂ, ਹਰਮੇਸ਼ ਲਾਲ, ਅਮਨਦੀਪ, ਪ੍ਰਿੰਸ, ਮਨੋਜ ਕੁਮਾਰ, ਸਮਾਜ ਸੇਵੀ ਸੰਜੇ ਕੁਮਾਰ ਅਤੇ ਸਮੂਹ ਵਾਲੀਵਾਲ ਟੀਮ ਹਾਜਰ ਸਨ।

# ਗੁਰਦੁਆਰਾ ਸਿੰਘ ਸਭਾ ਬਿਨਪਾਲਕੇ ਵੱਲੋਂ ਪਹਿਲੀ ਧਾਰਮਿਕ ਪੁਸਤਕ ਪ੍ਰਤੀਯੋਗਤਾ ਦਾ ਆਯੋਜਨ

ਬੱਚਿਆਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੋੜਨ ਵਾਸਤੇ ਗੁਰਦੁਆਰਾ ਸਿੰਘ ਸਭਾ ਬਿਨਪਾਲਕੇ (ਰਜਿ). ਵਲੋਂ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਦੇ ਸਹਿਯੋਗ ਨਾਲ ਪਹਿਲੀ ਧਾਰਮਿਕ ਪੁਸਤਕ ਪ੍ਰਤਿਯੋਗਤਾ 29 ਅਕਤੂਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਪਿੰਡ ਬਿਨਪਾਲਕੇ ਜ਼ਿਲ੍ਹਾ ਜਲੰਧਰ ਵਿਖੇ ਕਰਵਾਈ ਜਾ ਰਹੀ ਹੈ। ਪ੍ਰਤੀਯੋਗਤਾ ਦੀ ਪੁਸਤਕ ਨੂੰ ਰਿਲੀਜ ਕਰਨ ਮੌਕੇ ਸਭਾ ਦੇ ਪ੍ਰਧਾਨ ਨਰਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਤਿੰਨ ਗਰੁੱਪ ਹੋਣਗੇ ਪਹਿਲਾ ਗਰੁੱਪ ਪੰਜਵੀਂ ਤੋਂ ਅੱਠਵੀਂ ਦੂਸਰਾ ਨੌਵੀਂ ਤੋਂ ਬਾਰਵੀਂ ਅਤੇ ਤੀਸਰਾ ਜਨਰਲ ਗਰੁੱਪ ਹੋਵੇਗਾ। ਪ੍ਰਤੀਯੋਗਤਾ ਦਾ ਨਤੀਜਾ 01 ਨਵੰਬਰ ਨੂੰ ਸੰਤ ਬਾਬਾ ਸੰਤ ਸਿੰਘ ਪ੍ਰਦੇਸੀ ਜੀ ਦੀ ਬਰਸੀ ਦੇ ਸਮਾਗਮ ਮੌਕੇ ਐਲਾਨ ਕੀਤਾ ਜਾਵੇਗਾ ਅਤੇ ਪਹਿਲੇ ਦੂਜੇ ਅਤੇ ਤੀਜੇ ਦਰਜੇ ਤੇ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਤਕਸੀਮ ਕੀਤੇ ਜਾਣਗੇ। ਪ੍ਰਤਿਯੋਗਤਾ ਵਿੱਚ ਭਾਗ ਲੈਣ ਬਾਕੀ ਪ੍ਰਤੀਯੋਗੀਆਂ ਅਤੇ ਜਨਰਲ ਗਰੁੱਪ ਦੇ ਪ੍ਰਤਿਯੋਗੀਆਂ ਨੂੰ ਕੇਵਲ ਸਨਮਾਨ ਪੱਤਰ ਪ੍ਰਦਾਨ ਕੀਤੇ ਜਾਣਗੇ। ਇਹ ਪ੍ਰਤੀਯੋਗਤਾ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ) ਵੱਲੋਂ ਪ੍ਰਕਾਸ਼ਿਤ ਮੁਫ਼ਤ ਪੁਸਤਕਾਂ "ਆਉ ਗੁਰ-ਇਤਿਹਾਸ ਜਾਣੀਏ" ਅਤੇ "ਖੂਨ ਸ਼ਹੀਦਾਂ ਦਾ" ਵਿੱਚੋਂ ਓਬਜੈਕਟਿਵ ਟਾਈਪ ਸਵਾਲਾਂ ਦੁਆਰਾ ਲਈ ਜਾਵੇਗੀ। ਗੁਰਦੁਆਰਾ ਸਿੰਘ ਸਭਾ ਬਿਨਪਾਲਕੇ ਪਾਸੋਂ ਵਿਦਿਆਰਥੀ ਇਨ੍ਹਾਂ ਪੁਸਤਕਾਂ ਦੀ ਪੀ. ਡੀ. ਐਫ. ਵੀ ਮੰਗਵਾ ਸਕਦੇ ਹਨ। ਪ੍ਰਤੀਯੋਗਤਾ ਦੀਆਂ ਕਿਤਾਬਾਂ ਰਿਲੀਜ ਕਰਨ ਮੌਕੇ ਗੁਰਬਚਨ ਸਿੰਘ, ਜਸਵੰਤ ਸਿੰਘ, ਗੁਰਮੀਤ ਸਿੰਘ, ਦੀਦਾਰ ਸਿੰਘ, ਸੁਲਿੰਦਰ ਸਿੰਘ, ਜਸਵੀਰ ਸਿੰਘ, ਚਰਨਜੀਤ ਸਿੰਘ, ਹਰਵਿੰਦਰ ਕੌਰ, ਰੁਪਿੰਦਰ ਕੌਰ, ਬਲਵੀਰ ਕੌਰ, ਹਰਜਿੰਦਰ ਕੌਰ, ਕਰਮਪਾਲ ਕੌਰ ਅਤੇ ਹੋਰ ਮੈਂਬਰ ਹਾਜ਼ਰ ਸਨ।



**ਰਿਪੋਰਟ– ਚਰਨਜੀਤ ਸਿੰਘ ਬਿਨਪਾਲਕੇ**
**78141– 42944**

# ਲੋਕ ਗਾਇਕ ਐਸ ਰਿਸ਼ੀ 'ਕਿਸਮਤ' ਟਰੈਕ ਨਾਲ ਭਰੇਗਾ ਦਮਦਾਰ ਹਾਜ਼ਰੀ



**ਕੈਨੇਡਾ /ਵੈਨਕੂਵਰ– (ਕੁਲਦੀਪ ਚੁੰਬਰ )** ਪੰਜਾਬ ਦੇ ਹੋਣਹਾਰ ਸੁਰੀਲੇ ਲੋਕ ਗਾਇਕ ਐਸ ਰਿਸ਼ੀ ਫਿਰ ਦੁਬਾਰਾ ਗਾਇਕੀ ਗਗਨ ਵਿੱਚ ਆਪਣੀ ਖੂਬਸੂਰਤ ਉਡਾਨ ਆਪਣੇ ਨਵੇਂ ਟਰੈਕ ਨਾਲ ਭਰਨ ਜਾ ਰਿਹਾ ਹੈ । ਇਸ ਸਬੰਧੀ ਵਿਸ਼ੇਸ਼ ਗੱਲਬਾਤ ਕਰਦਿਆਂ ਗਾਇਕ ਐਸ ਰਿਸ਼ੀ ਕਨੇਡਾ ਨੇ ਦੱਸਿਆ ਕਿ ਇਸ ਨਵੇਂ ਆ ਰਹੇ ਟਰੈਕ ਨੂੰ 'ਕਿਸਮਤ' ਟਾਈਟਲ ਹੇਠ ਰਿਲੀਜ਼ ਕੀਤਾ ਜਾ ਰਿਹਾ ਹੈ । ਜਿਸ ਨੂੰ ਨੌਜਵਾਨ ਗੀਤਕਾਰ ਸੋਬਿਤ ਨੇ ਕਲਮਬੱਧ ਕੀਤਾ ਹੈ । ਇਸ ਟਰੈਕ ਦਾ ਮਿਊਜਿਕ ਆਫ ਸ਼ੋਰ ਵਲੋਂ ਦਿੱਤਾ ਗਿਆ ਹੈ । ਇਸ ਦਾ ਵੀਡੀਓ ਅਜੇ ਪ੍ਰੀਤ ਵਲੋਂ ਤਿਆਰ ਕੀਤਾ ਗਿਆ ਹੈ । ਇਸ ਟਰੈਕ ਨੂੰ ਵਿਸ਼ਵ ਪ੍ਰਸਿੱਧ ਕੰਪਨੀ ਆਰ ਜੇ ਬੀਟਸ ਅਤੇ ਰਾਮ ਭੋਗਪੁਰੀਆ ਅਮਰੀਕਾ ਵਲੋਂ ਰਿਲੀਜ਼ ਕੀਤਾ ਜਾਵੇਗਾ । ਜਲਦ ਹੀ ਇਸ ਟਰੈਕ ਨੂੰ ਰਿਲੀਜ਼ ਕਰਨ ਦੀ ਤਿਆਰੀ ਕੀਤੀ ਜਾ ਚੁੱਕੀ ਹੈ । ਇਸ ਟਰੈਕ ਲਈ ਸਤਿੰਦਰ ਸਿੰਘ ਸੁਸਾਣਾ ਯੂ ਐਸ ਏ ਦਾ ਗਾਇਕ ਐਸ ਰਿਸ਼ੀ ਵਲੋਂ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ ਹੈ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਲੋਕ ਗਾਇਕ ਐਸ ਰਿਸ਼ੀ ਕਈ ਪੰਜਾਬੀ ਅਤੇ ਧਾਰਮਿਕ ਟਰੈਕ ਸੱਭਿਆਚਾਰ ਦੀ ਝੋਲੀ ਪਾ ਚੁੱਕੇ ਹਨ।

# ਨੀਲਾ ਝੰਡਾ' ਮਿਸ਼ਨਰੀ ਟਰੈਕ ਨਾਲ ਹੋਏ 6 ਗਾਇਕ ਕਲਾਕਾਰ ਰੂ ਬ ਰੂ- ਰੱਤੂ ਰੰਧਾਵਾ

**ਕੈਨੇਡਾ /ਵੈਨਕੂਵਰ– (ਕੁਲਦੀਪ ਚੁੰਬਰ)** ਤਾਜ ਇੰਟਰਟੇਨਮੈਂਟ ਦੇ ਐਮ ਡੀ ਪ੍ਰਸਿੱਧ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਅਤੇ ਬਸਪਾ ਦੇ ਸਟੇਟ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਹੇਠ ਵੱਖ-ਵੱਖ ਛੇ ਮਿਸ਼ਨਰੀ ਗਾਇਕ ਕਲਾਕਾਰਾਂ ਵਲੋਂ 'ਨੀਲਾ ਝੰਡਾ' ਟਰੈਕ ਹਾਲ ਹੀ ਵਿੱਚ ਬਹੁਜਨਾਂ ਦੇ ਨਾਇਕ ਬਸਪਾ ਬਾਨੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀ ਨਿਰਵਾਣ ਦਿਵਸ ਤੇ ਹੁਸ਼ਿਆਰਪੁਰ ਰੈਲੀ ਵਿਚ ਰਿਲੀਜ਼ ਕੀਤਾ ਗਿਆ । ਇਸ ਟਰੈਕ ਨੂੰ ਕਲਮਬੱਧ ਪ੍ਰਸਿੱਧ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਨੇ ਕੀਤਾ ਹੈ ਜਦਕਿ ਇਸ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਬੀ ਆਰ ਡਿਮਾਣਾ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਟਰੈਕ ਨੂੰ ਗਾਇਕ ਮਲਕੀਤ ਬੰਬੇਲੀ, ਰਾਜ ਦਦਰਾਲ ,ਰੂਪ ਲਾਲ ਧੀਰ ,ਬਲਵਿੰਦਰ ਬਿੱਟੂ, ਕਮਲ ਤੱਲ੍ਹਣ, ਵਿੱਕੀ ਬਹਾਦਰਕੇ ਨੇ ਆਪਣੀ ਬੁਲੰਦ ਆਵਾਜ਼ ਵਿੱਚ ਗਾਇਆ ਹੈ। 'ਨੀਲਾ ਝੰਡਾ' ਟਰੈਕ ਬਹੁਜਨ ਸਮਾਜ ਦੀ ਆਵਾਜ਼ ਅਤੇ ਇਕਸੁਰਤਾ ਨੂੰ ਬੁਲੰਦ ਕਰਦਾ ਹੈ। ਇਸ ਟਰੈਕ ਵਿੱਚ ਭਰਪੂਰ ਜੋਸ਼ ਅਤੇ ਹੌਂਸਲਾ ਲੇਖਕ ਵਲੋਂ ਭਰਿਆ ਗਿਆ ਹੈ।




ਇਸ ਟਰੈਕ ਨੂੰ ਸੁਰਜੀਤ ਬਡੇਸਰੋਂ ਯੂ ਐਸ ਏ ਅਤੇ ਓਂਕਾਰ ਖਾਟੀ ਇਟਲੀ ਤੋਂ ਇਲਾਵਾ ਬੀਜਾ ਬੰਸੀਆਂ ਵਾਲਾ ਯੂ ਕੇ ,ਬਸਪਾ ਆਗੂ ਪ੍ਰਵੀਨ ਬੰਗਾ ਨੇ ਵੀ ਭਰਪੂਰ ਸਹਿਯੋਗ ਦਿੱਤਾ ਹੈ। ਵੀਡੀਓ ਡਾਇਰੈਕਟਰ ਬਾਬਾ ਕਮਲ ਹਨ ਜਦਕਿ ਇਸ ਦਾ ਪੋਸਟਰ ਜੱਸੀ ਆਰਟਸ ਵਲੋਂ ਰਵਾਇਤੀ ਅੰਦਾਜ਼ ਵਿੱਚ ਤਿਆਰ ਕੀਤਾ ਗਿਆ ਹੈ। 'ਨੀਲਾ ਝੰਡਾ' ਟਰੈਕ ਬਹੁਜਨਾਂ ਲਈ ਇੱਕ ਮੀਲ ਪੱਥਰ ਸਾਬਤ ਹੋ ਰਿਹਾ ਹੈ ਅਤੇ ਸੋਸ਼ਲ ਸਾਈਟਾਂ ਤੇ ਕਾਫੀ ਚਰਚਿਤ ਹੈ। ਗੀਤਕਾਰ ਰੱਤੂ ਰੰਧਾਵਾ ਨੇ ਕਿਹਾ ਕਿ ਇਸ ਟਰੈਕ ਨੂੰ ਕਲਮਬੱਧ ਕਰਨ ਵਿੱਚ ਉਹਨਾਂ ਦਾ ਵਿਸ਼ੇਸ਼ ਸਹਿਯੋਗ ਸਟੇਟ ਪ੍ਰਧਾਨ ਬਸਪਾ ਸ. ਜਸਵੀਰ ਸਿੰਘ ਗੜ੍ਹੀ ਵਲੋਂ ਦਿੱਤਾ ਗਿਆ ਹੈ।

# ਬੇਗਮਪੁਰਾ ਏਡ ਇੰਟਰਨੈਸ਼ਨਲ ਨੇ ਭਾਰਤ ਵਿੱਚ ਹਜ਼ਾਰਾਂ ਦੁੱਖੀ ਪਰਿਵਾਰਾਂ ਦੇ ਘਰਾਂ 'ਚ ਲਿਆਂਦੀਆਂ ਖੁਸ਼ੀਆਂ ਵਾਪਸ - ਭਾਈ ਰਾਮ ਸਿੰਘ ਮੈਂਗੜਾ

**ਫਗਵਾੜਾ 15 ਅਕਤੂਬਰ (ਬੀ.ਕੇ.ਰੱਤ)–** ਬੇਗਮਪੁਰਾ ਏਡ ਇੰਟਰਨੈਸ਼ਨਲ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੇ ਦੱਸਿਆਂ ਕੇ ਇਹ ਸੰਸਥਾ ਮਾਨਵਤਾਵਾਦੀ ਸੋਚ ਨੂੰ ਸਮਰਪਿਤ ਹੈ ਤੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ " ਬੇਗਮਪੁਰਾ ਸਹਰ ਕੋ ਨਾਉ " ਗੁਰੂ ਸਾਹਿਬ ਜੀ ਵੱਲੋਂ ਦਿੱਤੇ ਉਪਦੇਸ਼ਾਂ ਤੇ ਚੱਲਕੇ " ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ) ਜੀ ਦੇ ਉਪਦੇਸ਼ ਨੂੰ ਮੰਨਦੇ ਹੋਏ ਸੇਵਾਵਾ ਕਰ ਰਹੀ ਹੈ । ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੇ ਸੰਸਥਾ ਦੇ ਸ਼ੁਰੂਆਤ ਵਾਰੇਂ ਗੱਲ ਕਰਦਿਆਂ ਕਿਹਾ ਪਹਿਲਾਂ ਅਸੀ ਲੌਕ ਡੌਨ ਲੱਗਣ ਤੇ ਜਰੂਰਤ ਮੰਦ ਲੋਕਾਂ ਦੇ ਘਰਾਂ ਤੱਕ ਸੁੱਕਾ ਰਾਸ਼ਣ ਤੇ ਖਾਣਾ ਪੀਣ ਵਾਲਿਆਂ ਕੁਝ ਹੋਰ ਜਰੂਰਤ ਅਨੁਸਾਰ ਸਮਾਨ ਪਹੁੰਚਾਉਣ ਦੀ ਸੇਵਾ ਸ਼ੁਰੂ ਕੀਤੀ ਸੀ । ਜੋ ਸੇਵਾ ਕਰਕੇ ਮੰਨ ਨੂੰ ਬਹੁਤ ਹੀ ਸਕੂਨ ਮਿਲੀਆਂ ਤੇ ਲੋਕਾਂ ਦੀਆ ਮੁਸ਼ਕਲਾ ਨੂੰ ਬਹੁਤ ਨੇੜੇ ਤੋਂ ਹੋ ਕੇ ਦੇਖਿਆ ਅਤੇ ਫਿਰ ਅਸੀ ਸੋਚਿਆ ਕਿਉਂ ਨਾ ਸੰਸਥਾ ਬਣਾਕੇ ਲੀਗਲ ਤਰੀਕੇ ਨਾਲ ਇਹ ਸੇਵਾਵਾ ਲਗਾਤਾਰ ਕੀਤੀਆ ਜਾਣ । ਅਸੀ ਫਰਾਂਸ ਵਿੱਚ ਵੱਸਦੇ ਭਾਰਤੀ ਪੰਜਾਬੀ ਅਤੇ ਹੋਰ ਸੂਬਿਆਂ ਦੇ ਸਾਥੀਆਂ ਨਾਲ ਵਿਚਾਰ ਚਰਚਾਂ ਕਰਕੇ ਬੇਗਮਪੁਰਾ ਏਡ ਇੰਟਰਨੈਸ਼ਨਲ ਨੂੰ ਹੋਂਦ ਵਿੱਚ ਲਿਆ ਕੇ ਸੰਗਤਾਂ ਦੇ ਰੂਬਰੂ ਹੋਏ । ਸੰਸਥਾ ਸਭ ਤੋਂ ਪਹਿਲਾਂ ਅਸੀ ਪੰਜਾਬ ਵਿੱਚ ਅੰਗਹੀਣ ਬੱਚੇ, ਬਜ਼ੁਰਗ, ਮਾਤਾਵਾਂ ਨੂੰ ਮੈਡੀਕਲ, ਵੀਲਚੇਅਰ, ਟਰਾਈਸਾਇਕਲ, ਫੌੜ੍ਹੀਆਂ, ਮਰੀਜ਼ ਬੈਂਡ, ਕੰਨਾਂ ਵਾਸਤੇ ਮਸ਼ੀਨਾਂ, ਕੈਂਸਰ ਦੇ ਟੈਸਟ, ਸ਼ੂਗਰ ਦੇ ਟੈਸਟ,ਕਿਡਨੀਆਂ ਦੇ ਇਲਾਜ, ਸ਼ੂਗਰ ਦੀ ਬਿਮਾਰੀ ਦੇ ਕਾਰਨ ਹੋਏ ਜ਼ਖ਼ਮਾ ਵਿੱਚ ਪਏ ਕੀੜਿਆਂ ਦੇ ਇਲਾਜ, ਜਰੂਰਤ ਅਨੁਸਾਰ ਦੇ ਕੇ ਸੇਵਾ ਸ਼ੁਰੂ ਕੀਤੀਆ ਤੇ ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਵੱਲੋਂ ਇਹ ਫੈਸਲਾ ਕੀਤਾ ਗਿਆ ਕੇ ਪੰਜਾਬ ਤੇ ਹੋਰਨਾਂ ਸੂਬਿਆ ਵਿੱਚ ਅੰਗਹੀਣ ਭੈਣ ਭਰਾਵਾਂ ਦੀ ਉਹਨਾਂ ਦੀ ਜਰੂਰਤ ਅਨੁਸਾਰ ਮੱਦਦ ਕੀਤੀ ਜਾਵੇ ਅਤੇ ਅੱਜ ਤੱਕ ਇਹ ਸੇਵਾਵਾ ਜਾਰੀ ਹਨ । ਸੰਸਥਾ ਵੱਲੋਂ ਵਿਧਵਾ ਅਤੇ ਜ਼ਰੂਰਤ ਮੰਦ ਔਰਤਾ ਦੇ ਰੋਜ਼ਗਾਰ ਲਈ ਸਲਾਈ ਮਸ਼ੀਨਾਂ ਸੈਕੜਿਆਂ ਦੀ ਗਿਣਤੀ ਵਿੱਚ ਦਿੱਤੀਆਂ ਤਾਂ ਕੇ ਉਹ ਆਪਣੇ ਪੈਰਾਂ ਤੇ ਖਲੋਹ ਸਕਣ ਤੇ ਰੋਜੀ ਰੋਟੀ ਕਮਾ ਸਕਣ । ਸੰਸਥਾ ਵੱਲੋਂ ਲੋੜਮੰਦ ਬੱਚਿਆਂ ਨੂੰ ਵਰਦੀਆਂ ਸਕੂਲ ਦੀਆਂ ਫੀਸਾਂ ਤੇ ਖਾਣ ਪੀਣ ਦੇ ਖਰਚੇ ਸਮੇਤ ਸਕੂਲਾਂ ਵਿੱਚ ਪੜਨੇ ਪਾ ਕੇ ਬਹੁਤ ਸਾਰੇ ਬੱਚਿਆਂ ਨੂੰ ਪੜਾਈ ਕਰਵਾ ਰਹੀ ਹੈ । ਇਸੇ ਤਰ੍ਹਾਂ ਜਰੂਰਤਮੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਵਿੱਚ ਜਰੂਰਤ ਦਾ ਸਮਾਨ ਜਿਵੇਂ ਕੇ ਪੇਟੀਆਂ, ਬੈਡ, ਸੋਫੇ ਸੈਟ, ਪੱਖੇ ਕੂਲਰ, ਸਲਾਈ ਮਸੀਨਾਂ ਕੱਪੜਿਆਂ ਸਮੇਤ ਨਗਦ ਰਾਸ਼ੀ ਦੇ ਕੇ ਸੇਵਾ ਕਰ ਰਹੀ ਹੈ । ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਨੇ ਹਜਾਰਾਂ ਹੀ ਬਿਮਾਰ ਲੋਕਾਂ ਦੀ ਬਾਹ ਫ਼ੜਕੇ ਉਹਨਾਂ ਦਾ ਹਰ ਤਰਾ ਦਾ ਇਲਾਜ਼ ਕਰਵਾਇਆ ਤੇ ਅੱਗੇ ਵੀ ਕਰਵਾ ਰਹੀ ਹੈ । ਉਨ੍ਹਾਂ ਨੂੰ ਦਵਾਈਆ ਦੇ ਨਾਲ ਨਾਲ ਕਿਸੇ ਨੂੰ ਖੂਨ ਦੀ ਜਾਂ ਗਲੂਗੋਸ਼ ਦੀ ਜ਼ਰੂਰਤ ਹੋਵੇ ਤਾਂ ਉਹ ਵੀ ਮੁਹੱਈਆਂ ਕਰਵਾ ਕੇ ਦੇ ਰਹੀ ਹੈ। ਵਾਤਾਵਰਨ ਦੀ ਸੰਭਾਲ ਲਈ ਸੰਸਥਾ ਵੱਲੋਂ ਹੁਣ ਤੱਕ ਹਜਾਰਾਂ ਦੀ ਗਿਣਤੀ ਵਿੱਚ ਛਾਂਦਾਰ ਫ਼ਲਦਾਰ ਬੂਟੇ ਲਗਾਕੇ ਉਹਨਾਂ ਦਾ ਪਾਲਣ ਪੋਸ਼ਣ ਵੀ ਕਰ ਰਹੀ ਹੈ । ਇਸ ਤੋਂ ਇਲਾਵਾ ਸੰਸਥਾ ਵੱਲੋਂ ਇਸ ਹੀ ਸਾਲ ਵਿੱਚ ਸਤਿਗੁਰੂ ਰਵਿਦਾਸ ਜੀ ਮਹਾਰਜ ਜੀ ਦੇ ਜਨਮ ਦਿਹਾੜੇ ਤੇ ਕਾਂਸੀ ਬਨਾਰਸ ਵਿਖੇ ਮੈਡੀਕਲ ਕੈਂਪ ਵੀ ਲਗਾਇਆ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਹਰੇਕ ਸਾਲ ਸੰਗਤਾਂ ਆਉਦੀਆਂ ਨੇ (75) ਹਜਾਰ ਤੋਂ ਵੀ ਵੱਧ ਲੋਕਾਂ ਨੇ ਦਵਾਈਆਂ ਲੈ ਕੇ ਡਾਕਟਰ ਟੀਮ ਅਤੇ ਮੈਡੀਕਲ ਕੈਂਪ ਦਾ ਲਾਭ ਲਿਆ । ਗੁਰੂ ਘਰਾਂ ਦੇ ਗ੍ਰੰਥੀ ਸਿੰਘ, ਕੀਰਤਨੀਆਂ ਸਿੰਘ,ਕਵੀਸ਼ਰ ਸਿੰਘ,ਢਾਡੀ ਸਿੰਘ,ਦੇ ਡੇਢ ਸੌਂਹ ਤੋਂ ਵੱਧ ਹਰ ਮਹੀਨੇ ਉਹਨਾਂ ਦੇ ਖਾਣ ਵਾਸਤੇ ਰਾਸ਼ਨ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਉਹਨਾਂ ਦੇ ਬੱਚਿਆਂ ਨੂੰ ਸਕੂਲ ਦੀਆਂ ਫ਼ੀਸਾਂ ਤੇ ਸਕੂਲ ਵਰਦੀਆਂ ਦੀ ਸੇਵਾ ਦੇ ਨਾਲ ਮਾਲੀ ਮਦਦ ਵੀ ਦੇ ਰਹੀ ਹੈ । ਇਸ ਤੋਂ ਇਲਾਵਾ ਵੀ ਬਹੁਤ ਸਾਰੇ ਲੋੜਵੰਦ ਪਰਿਵਾਰਾਂ ਨੂੰ ਹਰੇਕ ਮਹੀਨੇ ਰਾਸ਼ਣ ਦੀ ਸੇਵਾ ਦਿੱਤੀ ਜਾਂਦੀ ਹੈ। ਪੰਜਾਬ ਦੇ ਨਾਲ ਨਾਲ ਪੂਰੇ ਭਾਰਤ ਵਿੱਚ ਬੇਗਮਪੁਰਾ ਏਡ ਇੰਟਰਨੈਸ਼ਨਲ ਸੇਵਾਵਾਂ ਕਰ ਰਹੀ ਹੈ । ਜਿਵੇਂ ਹੁਣ ਉੜੀਸਾ ਵਿੱਚ ਬਿਰਧ ਔਰਤਾਂ ਨੂੰ ਤੰਨ ਢੱਕਣ ਲਈ ਕੱਪੜੀਆਂ ਸਮੇਤ ਰਾਸ਼ਣ ਪਾਣੀ ਦੀ ਸੇਵਾਵਾ ਤੇ ਆਦਿ-ਵਾਸੀ ਬਸਤੀਆ ਜਿੱਥੇ ਦੇ ਲੋਕ ਟੋਇਆਂ ਟੋਬਿਆਂ ਦਾ ਗੰਦਾ ਪਾਣੀ ਕਾਰਣ ਹਰ ਘਰ ਵਿੱਚ ਇਕ ਜਾਂ ਦੋ ਬੰਦਿਆ ਦੀਆਂ ਕਿਡਨੀਆਂ ਖਰਾਬ ਹੋਣ ਕਾਰਣ ਬਿਮਾਰ ਹਨ। ਉਹਨਾਂ ਕੋਲ ਕੋਈ ਕਮਾਈ ਦਾ ਸਾਧਨ ਨਾ ਹੋਣ ਕਾਰਣ ਆਪਣਾ ਇਲਾਜ ਵੀ ਨਹੀਂ ਕਰਵਾ ਸਕਦੇ ਸਨ। ਬੇਗਮਪੁਰਾ ਏਡ ਇੰਟਰਨੈਸ਼ਨਲ ਨੇ ਉਸ ਬਸਤੀ ਵਿੱਚ ਪੀਣ ਵਾਲੇ ਸਾਫ ਪਾਣੀ ਦਾ ਬੋਰ ਬਿਲ ਕਰਵਾਕੇ ਸੇਵਾ ਕੀਤੀ ।



ਜੇਕਰ ਇੰਟਰਨੈਸ਼ਨਲ ਸੇਵਾਵਾਂ ਦੀ ਗੱਲ ਕਰੀਏ ਤਾਂ ਯੁਕਰੇਨ ਰੂਸ ਯੁੱਧ ਦੌਰਾਨ ਯੁਕਰੇਨ ਦੇ ਬਾਡਰ ਤੇ ਖਾਣ ਪੀਣ ਦੇ ਸਮਾਨ ਸਮੇਤ ਦੁਵਾਈਆ ਸੰਸਥਾ ਦੇ ਸਾਥੀਆਂ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾ ਲੰਮਾ ਸਮਾਂ ਯੁਕਰੇਨ ਵਿੱਚ ਰਹਿ ਕੇ ਇਹ ਸੇਵਾਵਾ ਕੀਤੀਆ । ਇਸੇ ਤਰ੍ਹਾਂ ਜਦੋਂ ਪਾਕਿਸਤਾਨ ਵਿੱਚ ਹੜ੍ਹ ਆਏ ਤਾਂ ਉਥੇ ਵੀ ਬੇਗਮਪੁਰਾ ਏਡ ਇੰਟਰਨੈਸ਼ਨਲ ਦੇ ਸੇਵਾਦਾਰਾਂ ਨੇ ਆਪ ਜਾ ਕੇ ਤਰਪਾਲਾ ਤੇ ਖਾਣ ਵਾਸਤੇ ਰਾਸ਼ਣ, ਪੀਣ ਵਾਸਤੇ ਸਾਫ਼ ਪਾਣੀ, ਦਵਾਈਆ ਦੀ ਹੜ੍ਹ ਆਏ ਇਲਾਕੀਆਂ ਵਿੱਚ ਜਾ ਕੇ ਸੇਵਾਵਾ ਵੀ ਕੀਤੀਆਂ । ਇਥੇ ਹੀ ਜਿਕਰਯੋਗ ਭਾਰਤ ਪੰਜਾਬ ਦੇ ਹੱੜ ਆਏ ਹੋਏ ਇਲਾਕੀਆਂ ਵਿੱਚ ਮਿੱਟੀ ਦੇ ਖਾਲੀ ਬੋਰੇ, ਡੇਢ ਮਹੀਨੇ ਤੋਂ ਵੀ ਵੱਧ ਪੂਰੇ ਪਿੰਡ ਸਰਦੂਲਗੜ ਅਤੇ ਹੋਰਨਾਂ ਪਿੰਡਾਂ ਦੇ ਲੋਕਾਂ ਨੂੰ ਖਾਣਾ ਤਿਆਰ ਕਰਕੇ ਦਿੱਤਾ ਤੇ ਦਵਾਈਆ ਦੀ ਸੇਵਾਵਾ ਵੀ ਕੀਤੀਆਂ । ਇਸੇ ਤਰ੍ਹਾਂ ਜਦੋਂ ਤੁਰਕੀ ਵਿੱਚ ਭੂਚਾਲ ਆਏ ਤੇ ਬਹੁਤ ਹੀ ਨੁਕਸਾਨ ਹੋਇਆ ਸੀ ਤਾਂ ਤੁਰਕੀ ਜਾ ਕੇ ਵੀ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਵੱਲੋਂ ਸੇਵਾਵਾਂ ਕੀਤੀਆਂ। ਜਿਹਨਾਂ ਤੁਰਕੀ ਵਾਸੀਆਂ ਦੇ ਘਰ ਭੂਚਾਲ ਆਉਣ ਕਾਰਣ ਤਬਾਹ ਹੋਏ ਸਨ ਉਹਨਾਂ ਨੂੰ ਕਨਟੇਨਰ ਹਾਉਸ ਬਣੇ ਬਣਾਏ ਲੈ ਕੇ ਦਿੱਤੇ ਅਤੇ ਦੋ ਹਜ਼ਾਰ ਘਰਾਂ ਦੇ ਲੋਕਾਂ ਨੂੰ ਰਾਸ਼ਣ, ਪਾਣੀ, ਦਵਾਈਆ ਸਮੇਤ ਸੇਵਾਵਾਂ ਕੀਤੀਆਂ ਅਤੇ ਅੱਜ ਵੀ ਦੇਸ਼ਾਂ ਵਿਦੇਸਾਂ ਵਿੱਚ ਸੇਵਾਵਾਂ ਲਗਤਾਰ ਚੱਲ ਰਹੀਆਂ ਹਨ ।

ਬੇਗਮਪੁਰਾ ਏਡ ਇੰਟਰਨੈਸ਼ਨਲ ਲੱਗ ਭੱਗ ਪਿੱਛਲੇ ਢਾਈ ਸਾਲਾਂ ਤੋ ਆਪਣੀਆਂ ਸੇਵਾਵਾਂ ਦੇ ਰਹੀ ਹੈ ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ 19 ਮਾਰਚ 2021 ਵਿੱਚ ਫਰਾਂਸ ਵਿੱਚ ਰਾਮ ਸਿੰਘ ਮੈਂਗੜਾ ਦੇ ਨਾਮ ਤੇ ਰਜਿਸ਼ਟਰ ਹੋਈ ਸੀ। ਅੱਜ ਬਹੁਤ ਖੁਸ਼ੀ ਵਾਲੀ ਗੱਲ ਹੈ ਕੇ ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਬ੍ਰਾਂਚ ਭਾਰਤ ਵਿੱਚ ਵੀ ਰਜਿਸ਼ਟਰ ਹੋਈ ਹੈ ਇਸ ਲਈ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਦੇ ਸਾਰੇ ਸੇਵਾਦਾਰ ਵਧਾਈਆਂ ਦੇ ਪਾਤਰ ਨੇ ਬੇਗਮਪੁਰਾ ਏਡ ਇੰਟਰਨੈਸ਼ਨਲ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਜੀ ਨੇ ਸਾਰੇ ਹੀ ਸੰਸਥਾ ਦੇ ਮੈਬਰਾਂ ਸਪੋਟਰਾ ਦਾ ਤੇ ਸੰਸਥਾ ਨੂੰ ਹਰ ਪੱਖੋਂ ਸਹਿਯੋਗ ਕਰਨ ਵਾਲੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਉਮੀਦ ਹੈ ਤੁਸੀਂ ਅੱਗੇ ਤੋ ਵੀ ਸੰਸਥਾ ਦੀ ਹਰ ਪੱਖੋਂ ਮਦਦ ਕਰਦੇ ਰਹੋਂਗੇ ਉਹਨਾਂ ਕਿਹਾ (ਬੇਗਮਪੁਰਾ ਏਡ ਇੰਟਰਨੈਸ਼ਨਲ) ਟੀਮ ਦੇ ਸਾਰੇ ਸੇਵਾਦਾਰ ਹਮੇਸ਼ਾ ਜ਼ਰੂਰਤਮੰਦਾਂ ਪ੍ਰਵਾਰਾ ਦੀ ਮਦਦ ਕਰਨ ਲਈ ਤਿਆਰ ਬਰ ਹਨ ਅਤੇ ਇਹ ਸੇਵਾਵਾਂ ਉਹ ਸਦਾ ਹੀ ਕਰਦੇ ਰਹਿਣਗੇ।

# ਸਮਾਜਿਕ ਕ੍ਰਾਂਤੀ ਦੀ ਭਾਵਨਾ ਨੇ ਰੱਖੀ ਜਲੰਧਰ ਵਿਚ ਸਿੱਖਿਆ ਦੀ ਨੀਂਹ

## 4 ਯੂਨੀਵਰਸਿਟੀਆਂ, 29 ਕਾਲਜ ਅਤੇ ਹਰ ਪਿੰਡ ਵਿਚ ਸਕੂਲ ਨੈਟਵਰਕ







**ਜਲੰਧਰ–** ਜਲੰਧਰ ਵਿਚ ਸਿੱਖਿਆ ਦੀ ਨੀਂਹ ਸਮਾਜਿਕ ਕ੍ਰਾਂਤੀ ਦੀ ਭਾਵਨਾ ਨਾਲ ਰੱਖੀ ਗਈ। ਅੱਜ 4 ਯੂਨੀਵਰਸਿਟੀਆਂ, 2 ਨੈਸ਼ਨਲ ਇੰਸਟੀਚਿਊਟ ਅਤੇ ਹਰ ਪਿੰਡ ਵਿਚ ਸਕੂਲਾਂ ਦਾ ਨੈਟਵਰਕ ਹੈ। ਸਭ ਤੋਂ ਵੱਡੀ ਪ੍ਰਾਈਵੇਟ ਯੂਨੀਵਰਸਿਟੀ ਵਿਚੋਂ ਇਕ ਐਲ. ਪੀ. ਯੂ. ਇੱਥੇ ਹੈ, ਜਿਸ ਵਿਚ 35 ਹਜ਼ਾਰ ਤੋਂ ਜ਼ਿਆਦਾ ਵਿਦਿਆਰਥੀ ਪੜ੍ਹਾਈ ਕਰਦੇ ਹਨ। ਜਲੰਧਰ ਦੀਆਂ ਸਿੱਖਿਆ ਸੰਸਥਾਵਾਂ ਵਰਗੀ ਮਿਸਾਲ ਦੂਜੇ ਸ਼ਹਿਰ ਵਿਚ ਨਹੀਂ ਹੈ। 1886 ਵਿਚ ਆਰੀਆ ਸਮਾਜੀ ਲਾਲਾ ਦੇਵਰਾਜ ਨੇ ਕੰਨਿਆ ਮਹਾਂਵਿਦਿਆਲਿਆ ਦੀ ਨੀਂਹ ਰੱਖੀ, ਤਾਂ ਜੋ ਲੜਕੀਆਂ ਨੂੰ ਪੜ੍ਹਾਇਆ ਜਾਵੇ। ਆਰੀਆ ਸਭਾ ਨੇ ਅਲਾਵਲਪੁਰ, ਰੁੜਕਾ ਕਲਾਂ, ਕਰਤਾਰਪੁਰ ਵਿਚ ਸਕੂਲ ਖੋਲ੍ਹੇ। ਫਿਰ 1913 ਵਿਚ ਆਰੀਆ ਸਮਾਜੀ ਪੰਡਤ ਮੇਹਰਚੰਦ ਨੇ ਡੀ. ਏ. ਵੀ. ਕਾਲਜ ਦੀ ਨੀਂਹ ਰੱਖੀ। ਆਰੀਆ ਸਮਾਜ ਨੇ ਡੀ. ਏ. ਵੀ. ਕਾਲਜ ਦੀ ਨੀਂਹ ਰੱਖੀ। ਆਰੀਆ ਸਮਾਜ ਦੀਆਂ ਸਿੱਖਿਆ ਸੰਸਥਾਵਾਂ ਵਿਚ ਸਮਾਜ ਦੇ ਸਾਰੇ ਵਰਗਾਂ ਦੇ ਬੱਚੇ ਇਕ ਹੀ ਬੈਂਚ 'ਤੇ ਬੈਠ ਕੇ ਪੜ੍ਹਦੇ ਸਨ। ਸ੍ਰੀ ਗੁਰ ਸਿੰਘ ਸਭਾ (ਮਿੰਟਗੁਮਰੀ) ਨੇ ਲਾਇਲਪੁਰ ਖਾਲਸਾ ਕਾਲਜ ਦੀ ਨੀਂਹ ਰੱਖੀ। ਸਮਾਜਿਕ ਸੰਗਠਨਾਂ ਦੀ ਇਹ ਕੋਸ਼ਿਸ਼ ਕਿਉਂ ਸੀ। ਇਸਾਈ ਸੰਗਠਨਾਂ ਨੇ 1944 ਵਿਚ ਲੜਕਿਆਂ ਦੇ ਲਈ ਜਲੰਧਰ ਵਿਚ ਚਰਚ ਹਾਈ ਸਕੂਲ ਖੋਲ੍ਹਿਆ ਅਤੇ ਲੜਕੀਆਂ ਦੇ ਲਈ ਵੋਕੇਸ਼ਨਲ ਸੈਂਟਰ। 1952 ਵਿਚ ਗੁਰੂ ਰਵਿਦਾਸ ਸਭਾ ਨੇ ਸਕੂਲ ਖੋਲ੍ਹਿਆ। ਇੱਥੇ ਜੇ. ਵੀ. ਟੀ. ਦਾ ਕੋਰਸ ਆਰੰਭ ਕੀਤਾ। ਜਲੰਧਰ ਦੇ ਸਮਾਜਿਕ ਸੰਗਠਨਾਂ ਨੇ ਵਿਦੇਸ਼ੀ ਸਿੱਖਿਆ ਸ਼ੈਲੀ ਦੀ ਬਜਾਏ ਆਪਣੀ ਸਿੱਖਿਆ ਸੰਸਥਾ ਬਣਾਉਣ ਦੀ ਲੋੜ ਨੂੰ ਮਹਿਸੂਸ ਕੀਤਾ। ਸੰਗਠਨਾਂ ਦੇ ਖੋਲ੍ਹੇ ਇੰਸਟੀਚਿਊਟ ਜਲੰਧਰ ਦੀ ਤਰੱਕੀ ਦੇ ਗਵਾਹ ਹਨ।

ਜਲੰਧਰ ਦੀਆਂ ਸੰਸਥਾਵਾਂ ਨੇ ਫਿਰੋਜ਼ਪੁਰ, ਕਪੂਰਥਲਾ, ਹੁਸ਼ਿਆਰਪੁਰ, ਮੋਗਾ ਅਤੇ ਤਰਨਤਾਰਨ ਤੱਕ ਨੂੰ ਸਿੱਖਿਆ ਦਿੱਤੀ। ਹੁਣ ਨਵੀਆਂ ਲੋੜਾਂ ਦੇ ਮੁਤਾਬਕ ਸੋਚ ਬਦਲੀ ਹੈ। ਇਸਦਾ ਆਧਾਰ ਉਦਯੋਗ ਮਿਲਨ ਦੇ ਕਨਵੀਟਰ ਆਸ਼ੂਤੋਸ਼ ਵਧਾਵਾ ਦੱਸਦੇ ਹਨ ਕਿ ਡੀ. ਏ. ਵੀ. ਕਾਲਜ ਵਿਚ ਇੰਡਸਟਰੀ ਦੇ ਪ੍ਰਮੁੱਖ ਕਾਰੋਬਾਰੀ ਪਹੁੰਚੇ। ਉਹਨਾਂ ਨੇ ਨੌਜਵਾਨਾਂ ਨੂੰ ਕਾਰੋਬਾਰ ਦੇ ਆਈਡੀਏ ਪੁੱਛੇ।

ਇਕ ਨੌਜਵਾਨ ਨੇ ਡਿਜੀਟਲ ਐਪ ਦਾ ਪ੍ਰੋਜੈਕਟ ਦੱਸਿਆ, ਜੋ ਕਿ ਸਕ੍ਰੈਪ ਇਕੱਠਾ ਕਰਨ ਦਾ ਮੰਚ ਹੋਵੇਗਾ। ਇਸ ਨਾਲ ਘਰਾਂ ਤੋਂ ਰੱਦ ਤੱਕ ਇਕੱਠੀ ਕਰਨ ਦਾ ਕੰਮ ਸੰਗਠਿਤ ਹੋ ਜਾਵੇਗਾ। ਇਕ ਵਿਦਿਆਰਥਣ ਖੁਦ ਦੀ ਰੈਸਪੀ ਬਣਾ ਰਹੀ ਹੈ, ਆਨਲਾਈਨ ਵਿੱਕਰੀ ਦਾ ਇਰਾਦਾ ਰੱਖਦੀ ਹੈ। ਸਟੂਡੈਂਟਸ ਨੇ ਇੰਡਸਟ੍ਰੀਅਲ ਡਿਜਾਇਨ ਦੇ ਪ੍ਰਾਜੈਕਟ ਦੱਸੇ। ਵਧਾਵਾ ਨੇ ਕਿਹਾ ਕਿ ਅੱਜ ਪੁਰਾਣੀ ਇੰਡਸਟਰੀ ਚਲਾਉਣ ਦੇ ਕਾਰੋਬਾਰ ਲਈ ਖੁਦ ਨੌਜਵਾਨਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਜਲੰਧਰ ਦੀ ਤਰੱਕੀ ਵਿਚ ਇੱਥੇ ਸਕਾਰਾਤਮਕ ਪਹਿਲੂ ਹੈ। ਸਾਡੇ ਕਾਲਜ ਨੌਜਵਾਨਾਂ ਨੂੰ ਸਟਾਰਟਅਪ ਅਤੇ ਇਨੋਵੇਸ਼ਨ ਦੇ ਲਈ ਤਿਆਰ ਕਰ ਰਹੇ ਹਨ। ਉਥੇ ਹੀ ਸੀਨੀਅਰ ਐਜੂਕੇਸ਼ਨਿਸਟ ਡਾ. ਸੁਭਾਸ਼ ਸ਼ਰਮਾ ਕਹਿੰਦੇ ਹਨ ਕਿ ਜਲੰਧਰ ਇੰਟਰਨੈਸ਼ਨਲ ਲੋੜਾਂ ਨੂੰ ਦੇਖ ਰਿਹਾ ਹੈ। ਇਹੀ ਕਾਰਨ ਹੈ ਕਿ ਪੂਰੀ ਦੁਨੀਆਂ ਤੋਂ ਵਿਦਿਆਰਥੀ ਇੱਥੇ ਦਾਖਲਾ ਲੈਣ ਲਈ ਆਉਂਦੇ ਹਨ।

### ਉਚ ਸਿੱਖਿਆ ਸਹੂਲਤਾਂ

* ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ
* ਪੰਜਾਬ ਟੈਕਨੀਕਲ ਯੂਨੀਵਰਸਿਟੀ
* ਡੀ. ਏ. ਵੀ. ਯੂਨੀਵਰਸਿਟੀ
* ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ
* ਡਾ. ਬੀ. ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੌਜੀ।
* ਨੈਸ਼ਨਲ ਇੰਸਟੀਚਿਊਟ ਆਫ ਹੈਂਡਟੂਲ।
* ਪੰਜਾਬ ਇੰਸਟੀਚਿਊਟ ਆਫ ਹੈਲਥ ਸਾਇੰਸਿਜ਼।
* ਡੀ. ਏ. ਵੀ. ਆਯੁਰਵੈਦਿਕ ਕਾਲਜ।
* ਸੈਂਟਰ ਲੈਦਰ ਇੰਸਟੀਚਿਊਟ।
* ਪੰਜਾਬ ਸਕਿੱਲ ਡਿਵੈਲਪਮੈਂਟ ਸੈਂਟਰ।
* ਆਰਟਸ ਕ੍ਰਾਫਟਸ ਇੰਸਟੀਚਿਊਟ-18
* ਪਾਲੀਟੈਕਨੀਕ- 332
* ਟੀਚਰਜ਼- 3177
* ਕਾਲਜ- 29
* ਸ. ਸੀ. ਸਟੂਡੈਂਟਸ- 81774

### ਸਿੱਖਿਆ ਸੰਸਥਾਵਾਂ ਦੇ 4 ਵੱਡੇ ਕੰਮ

ਇਸ ਬਾਰੇ ਡੀ. ਏ. ਵੀ. ਕਾਲਜ ਦੇ ਪੰਜਾਬੀ ਵਿਭਾਗ ਦੇ ਹੈਡ ਰਹੇ ਡਾ. ਗਿਆਨ ਚੰਦਰ ਕੌਲ ਕਹਿੰਦੇ ਹਨ- ਸਾਡੇ ਪ੍ਰਾਚੀਨ ਸਿੱਖਿਆ ਸੰਸਥਾਵਾਂ ਨੇ 4 ਵੱਡੇ ਕੰਮ ਕੀਤੇ

**ਪਹਿਲਾ–** ਸਮਾਜਿਕ ਬਰਾਬਰੀ ਦੀ ਭਾਵਨਾ ਪੈਦਾ ਕੀਤੀ।

**ਦੂਜਾ–** ਰਾਜਨੀਤਿਕ ਸਹਿਯੋਗ ਵਧਾਇਆ।

**ਤੀਜਾ–** ਸਰਕਾਰੀ ਨੌਕਰੀਆਂ ਵਿਚ ਆਉਣ ਨਾਲ ਆਰਥਿਕ-ਸਮਾਜਿਕ ਤੌਰ 'ਤੇ ਪਿਛੜੇ ਪਰਿਵਾਰਾਂ ਦੀ ਤਰੱਕੀ ਦਾ ਰਸਤਾ ਖੁੱਲ੍ਹਿਆ ਹੈ।

**ਚੌਥਾ–** ਕਾਲਜਾਂ ਨੇ ਸਮੇਂ ਦੇ ਮੁਤਾਬਕ ਖੁਦ ਨੂੰ ਬਦਲਿਆ ਹੈ। ਹੁਣ ਨਵੀਂ ਰਿਸਰਚ ਅਤੇ ਇਨੋਵੇਸ਼ਨ 'ਤੇ ਫੋਕਸ ਕੀਤਾ ਜਾ ਰਿਹਾ ਹੈ।

### ਐਜੂਕੇਸ਼ਨ ਸਿਸਟਮ ਦਾ ਅਗਲਾ ਪੱਧਰ

* ਹਰ ਸਾਲ 15 ਹਜ਼ਾਰ ਤੋਂ ਜ਼ਿਆਦਾ ਵਿਦਿਆਰਥੀ ਦੇਸ਼-ਵਿਦੇਸ਼ ਤੋਂ ਜਲੰਧਰ ਵਿਚ ਪੜ੍ਹਾਈ ਲਈ ਪਹੁੰਚ ਰਹੇ ਹਨ। ਚੰਗੀ ਗੱਲ ਹੈ ਕਿ ਦੱਖਣੀ ਭਾਰਤ ਦੇ ਵਿਦਿਆਰਥੀ ਵੀ ਆ ਰਹੇ ਹਨ।
* ਹੁਣ ਕਾਲਜ ਆਪਣੀ ਰਿਸਰਚ ਨੂੰ ਪੇਟੈਂਟ ਕਰਵਾ ਰਹੇ ਹਨ। ਇਸ ਨਾਲ ਉਦਯੋਗਾਂ ਦਾ ਵਿਕਾਸ ਹੋਵੇਗਾ। ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਕਾਲਜਾਂ ਨੂੰ ਰਾਇਲਟੀ ਮਿਲੇਗੀ।
* ਕਾਰਪੋਰੇਟ ਸੈਕਟਰ ਦੀਆਂ ਲੋੜਾਂ ਨੂੰ ਸਮਝਦੇ ਹੋਏ ਕੋਰਸ ਵਿਚ ਪੜ੍ਹਾਈ ਦੇ ਤੌਰ-ਤਰੀਕੇ ਵਿਕਸਤ ਕਰ ਰਹੇ ਹਨ। ਇਸ ਨਾਲ ਕੁਸ਼ਲ ਲੋਕਾਂ ਦੀ ਕਮੀ ਨਹੀਂ ਹੋਵੇਗੀ।
* ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੇ ਆਰਥਿਕ ਤੌਰ 'ਤੇ ਪੱਛੜੇ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਸਕੂਲ ਤੋਂ ਬਾਅਦ ਡ੍ਰਾਪ ਆਊਟ ਰੇਟ ਨੂੰ ਰਿਕਾਰਡ ਘਟਾਇਆ ਹੈ, ਜਿਸ ਕਾਰਨ ਹਾਇਰ ਐਜੂਕੇਸ਼ਨ ਦੀ ਦਰ ਵੱਧ ਰਹੀ ਹੈ।

### ਸਾਰੇ ਪਿੰਡਾਂ ਵਿਚ ਸਕੂਲਾਂ ਦਾ ਨੈਟਵਰਕ
### 950 ਪਿੰਡ ਅਤੇ 1836 ਸਕੂਲ ਤਿਆਰ ਕਰ ਰਹੇ ਨੇ ਭਵਿੱਖ

ਅੱਜ ਸਾਰੇ ਪਿੰਡਾਂ ਵਿਚ ਸਕੂਲਾਂ ਦਾ ਨੈਟਵਰਕ ਉਪਲਬਧ ਹੈ। ਪ੍ਰਤੀ 2 ਕਿਲੋਮੀਟਰ ਦੇ ਘੇਰੇ ਵਿਚ ਸਕੂਲ ਮਿਲ ਜਾਂਦਾ ਹੈ। ਜਲੰਧਰ ਜ਼ਿਲ੍ਹੇ ਵਿਚ ਪ੍ਰਾਈਵੇਟ ਕਰੀਬ 300 ਸਕੂਲ ਹਨ, ਜਦਕਿ ਸਰਕਾਰੀ 1536 ਸਕੂਲ ਹਨ। ਹਰ ਪਿੰਡ ਵਿਚ ਸਕੂਲ ਦਾ ਨੈਟਵਰਕ ਉਪਲਬਧ ਹੈ। ਜ਼ਿਲ੍ਹਾ ਵਿਚ 941 ਪ੍ਰਾਇਮਰੀ, ਮਿਡਲ ਸਕੂਲ 164, ਹਾਈ ਸਕੂਲ 121, ਸੀਨੀਅਰ ਸਕੈਂਡਰੀ ਸਕੂਲ 152, ਏਡਡ ਸਕੂਲਾਂ ਵਿਚ ਪ੍ਰਾਇਮਰੀ 8, ਸੀਨੀਅਰ ਸਕੈਂਡਰੀ 36, ਮਿਡਲ 3, ਹਾਈ ਸਕੂਲ 12 ਹਨ। ਹਰ ਬਲਾਕ ਵਿਚ ਕਾਲਜ ਉਪਲਬਧ ਹੈ।

### ਸੀ. ਏ., ਸੀ. ਐਸ., ਲਾਅ ਅਤੇ ਤਕਨੀਕੀ ਕੋਰਸਾਂ ਨਾਲ ਬਦਲਿਆ ਸਿੱਖਿਆ ਸਿਸਟਮ

ਪਹਿਲਾਂ ਵਿਦਿਆਰਥੀਆਂ ਦਾ ਫੋਕਸ ਸਰਕਾਰੀ ਸੈਕਟਰ ਵਿਚ ਕੈਰੀਅਰ ਨੂੰ ਲੈ ਕੇ ਸੀ। ਹੁਣ ਵਿਦਿਆਰਥੀ ਵਕਾਲਤ, ਚਾਰਟਡ ਅਕਾਊਟੈਂਟ, ਕੰਪਨੀ ਸੈਕਟਰੀ, ਇਨਫਰਮੇਸ਼ਨ ਟੈਕਨਾਲੌਜੀ ਅਤੇ ਤਕਨੀਕੀ ਕੋਰਸਾਂ 'ਤੇ ਫੋਕਸ ਕਰ ਰਹੇ ਹਨ। ਪੜ੍ਹਾਈ ਚਾਹੇ ਐਗਰੋ ਦੀ ਹੋਵੇ ਜਾਂ ਵਕਾਲਤ ਦੀ, ਸਾਰਿਆਂ ਦੇ ਲਈ ਮਾਹੌਲ ਲੋੜ ਮੁਤਾਬਕ ਹੋਵੇ। ਵਕਾਲਤ ਦੀ ਪੜ੍ਹਾਈ ਨੂੰ ਮੂਟ ਕੋਰਟ ਵਰਗਾ ਬੁਨਿਆਦੀ ਢਾਂਚਾ ਤਿਆਰ ਕੀਤਾ ਗਿਆ ਹੈ।


# ਜਲੰਧਰ ਨੇ 3 ਮੁੱਖ ਮੰਤਰੀ, 1 ਪ੍ਰਧਾਨ ਮੰਤਰੀ ਅਤੇ ਕੈਬਨਿਟ ਮੰਤਰੀ ਦਿੱਤੇ

**ਜਲੰਧਰ–** ਲੋਕਰਾਜ ਨੂੰ ਮਜ਼ਬੂਤ ਕਰਨ ਵਿਚ ਜਲੰਧਰ ਦਾ ਖਾਸ ਯੋਗਦਾਨ ਰਿਹਾ ਹੈ। ਜਲੰਧਰ ਦੀ ਸਿਆਸਤ ਦੀ ਵੱਡੀ ਖਾਸੀਅਤ ਇਹ ਰਹੀ ਕਿ ਸਮਾਜਿਕ-ਆਰਥਿਕ ਤੌਰ 'ਤੇ ਪੱਛੜੇ ਵਰਗ ਦੀ ਤਰੱਕੀ ਵਿਚ ਇਸਨੇ ਇਤਿਹਾਸਕ ਹਿੱਸਦਾਰੀ ਦਿੱਤੀ ਹੈ। ਵਰਤਮਾਨ ਵਿਚ ਜਲੰਧਰ ਪੰਜਾਬ ਦੇ ਦੁਆਬਾ ਖੇਤਰ ਦੀ ਸਿਆਸਤ ਵਿਚ ਕਿੰਗ ਹੈ।


ਜਲੰਧਰ ਦੇ ਦੌਰੇ 'ਤੇ ਸਮੇਂ-ਸਮੇਂ 'ਤੇ ਅਲੱਗ ਅਲੱਗ ਪ੍ਰਧਾਨ ਮੰਤਰੀ ਆਏ। ਇਹਨਾਂ ਵਿਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਮੋਰਾਰਜੀ ਦੇਸਾਈ, ਲਾਲ ਬਹਾਦਰ ਸ਼ਾਸਤਰੀ, ਅਟਲ ਬਿਹਾਰੀ ਵਾਜਪਾਈ, ਡਾ. ਮਨਮੋਹਨ ਸਿੰਘ ਅਤੇ ਨਰਿੰਦਰ ਮੋਦੀ ਸ਼ਾਮਲ ਹਨ। ਰਾਸ਼ਟਰਪਤੀ ਏ. ਪੀ. ਜੇ. ਅਬਦੁਲ ਕਾਲਮ ਨੇ ਵੀ ਜਲੰਧਰ ਦਾ ਦੌਰਾ ਕੀਤਾ ਸੀ।

ਆਜ਼ਾਦ ਭਾਰਤ ਵਿਚ ਜਲੰਧਰ ਸਮਾਜਿਕ ਬਰਾਬਰੀ ਦੀ ਲਹਿਰ ਦਾ ਗਵਾਹ ਬਣਿਆ: ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਮਾਜਿਕ ਬਰਾਬਰੀ ਦੀ ਲਹਿਰ ਵਿਚ ਜਲੰਧਰ ਗਵਾਹ ਬਣਿਆ। ਇੱਥੇ 1951 ਵਿਚ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਆਏ। ਉਹਨਾਂ ਨੇ ਜਨਸਭਾ ਨੂੰ ਸੰਬੋਧਨ ਕੀਤਾ। ਨਾਲ ਹੀ ਡੀ. ਏ. ਵੀ. ਕਾਲਜ ਵਿਚ ਵਿਦਿਆਰਥੀਆਂ ਵਿਚਕਾਰ ਪਹੁੰਚੇ। ਉਹਨਾਂ ਨੇ ਇੱਥੇ ਲੋਕਤੰਤਰ ਦੇ ਮਹੱਤਵ 'ਤੇ ਆਪਣੇ ਵਿਚਾਰ ਰੱਖੇ। ਇਹ ਜਾਣਕਾਰੀ ਪੰਜਾਬੀ ਵਿਭਾਗ ਦੇ ਮੁਖੀ ਰਹੇ ਗਿਆਨ ਚੰਦ ਕੌਲ ਨੇ ਦਿੱਤੀ। ਉਹਨਾਂ ਕਿਹਾ ਕਿ ਡਾ. ਅੰਬੇਡਕਰ ਦੇ ਪੰਜਾਬ ਦੌਰੇ ਨੇ ਉਸ ਵਕਤ ਰਾਜਨੀਤਿਕ, ਸਮਾਜਿਕ, ਆਰਥਿਕ ਲਹਿਰ ਨੂੰ ਤੇਜ਼ ਕੀਤਾ ਸੀ। ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਨੇ ਜ਼ਿੰਦਗੀ ਭਰ ਜਲੰਧਰ ਵਿਚ ਰਾਜਨੀਤਿਕ ਜਾਗਰਤੀ ਲਈ ਕੰਮ ਕੀਤਾ। ਇਸ ਕਰਕੇ ਬਸਪਾ ਦਾ ਪੰਜਾਬ ਦਫਤਰ ਵੀ ਜਲੰਧਰ ਵਿਚ ਹੀ ਬਣਾਇਆ ਗਿਆ ਹੈ।

**ਕਿੰਗ ਮੇਕਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਬਣਾਇਆ ਯੂ. ਪੀ. ਏ.–** ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ) ਦੇ ਨੇਤਾ ਕਾਮਰੇਡ







ਹਰਕਿਸ਼ਨ ਸਿੰਘ ਸੁਰਜੀਤ ਦਾ ਜੱਦੀ ਪਿੰਡ ਜਲੰਧਰ ਦਾ ਬੁੰਡਾਲਾ ਹੈ। ਉਹ 1992 ਤੋਂ 2005 ਤੱਕ ਪਾਰਟੀ ਦੇ ਜਨਰਲ ਸਕੱਤਰ ਰਹੇ। ਉਹਨਾਂ ਨੇ ਯੂ. ਪੀ. ਏ. ਦੇ ਗਠਨ ਵਿਚ ਅਹਿਮ ਹਿੱਸੇਦਾਰੀ ਕੀਤੀ। ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ। ਉਹਨਾਂ ਨੇ ਕਿਸਾਨ-ਮਜ਼ਦੂਰ ਅਧਿਕਾਰਾਂ ਦੇ ਲਈ ਸਾਰੀ ਉਮਰ ਕੰਮ ਕੀਤਾ। ਉਹਨਾਂ ਦਾ 1 ਅਗਸਤ 2008 ਨੂੰ 92 ਸਾਲ ਦੀ ਉਮਰ ਵਿਚ ਦੇਹਾਂਤ ਹੋਇਆ। ਉਹਨਾਂ ਨੇ ਜੀਵਨ ਦੇ ਸ਼ੁਰੂਆਤੀ ਦਿਨਾਂ ਵਿਚ ਇਨਕਲਾਬੀ ਭਗਤ ਸਿੰਘ ਦੇ ਸੰਗਠਨ ਨੌਜਵਾਨ ਭਾਰਤ ਸਭਾ ਦੀ ਮੈਂਬਰਸ਼ਿਪ ਲਈ ਸੀ। ਸਾਲ 1947 ਵਿਚ ਉਹ ਸੀ. ਪੀ. ਆਈ. ਪੰਜਾਬ ਦੇ ਜਨਰਲ ਸਕੱਤਰ ਬਣਾਏ ਗਏ ਸਨ।

ਪ੍ਰਧਾਨ ਮੰਤਰੀ, ਕੇਂਦਰੀ ਮੰਤਰੀ, ਸੀ. ਐਮ. ਦਿੱਤੀ- ਇੰਦਰ ਕੁਮਾਰ ਗੁਜਰਾਲ ਦੇ ਰੂਪ ਵਿਚ ਜਲੰਧਰ ਨੇ ਦੇਸ਼ ਨੂੰ ਪ੍ਰਧਾਨ ਮੰਤਰੀ ਦਿੱਤਾ। ਉਹ ਅਪ੍ਰੈਲ 1997 ਤੋਂ 1998 ਤੱਕ ਪੀ. ਐਮ. ਰਹੇ। ਇਸੇ ਤਰ੍ਹਾਂ ਸ਼ੰਕਰ ਪਿੰਡ ਨਿਵਾਸੀ ਸਵਰਣ ਸਿੰਘ ਨੇ ਜਵਾਹਰ ਲਾਲ ਨਹਿਰੂ, ਸ੍ਰੀਮਤੀ ਇੰਦਰਾ ਗਾਂਧੀ, ਲਾਲ ਬਹਾਦਰ ਸ਼ਾਸਤਰੀ ਦੀਆਂ ਸਰਕਾਰਾਂ ਵਿਚ ਕੇਂਦਰੀ ਮੰਤਰੀ ਦੇ ਰੂਪ ਵਿਚ ਕੰਮ ਕੀਤਾ। ਉਹ ਖੇਤੀ ਮੰਤਰੀ, ਰੇਲ ਮੰਤਰੀ, ਵਿਦੇਸ਼ ਮੰਤਰੀ ਅਤੇ ਰੱਖਿਆ ਮੰਤਰੀ ਰਹੇ ਸਨ। ਜਲੰਧਰ ਨੇ ਪੰਜਾਬ ਨੂੰ 3 ਮੁੱਖ ਮੰਤਰੀ ਵੀ ਦਿੱਤੇ। ਇਹਨਾਂ ਵਿਚ ਜਲੰਧਰ ਦੇ ਨੌਰਥ ਵਿਧਾਨ ਸਭਾ ਹਲਕੇ ਤੋਂ ਜਿੱਤ ਕੇ 1964 ਵਿਚ ਰਾਮ ਕ੍ਰਿਸ਼ਨ, 1980 ਵਿਚ ਦਰਬਾਰਾ ਸਿੰਘ ਨਕੋਦਰ ਤੋਂ ਜਿੱਤ ਕੇ ਅਤੇ 1992 ਤੋਂ 31 ਅਗਸਤ 1995 ਤੱਕ ਬੇਅੰਤ ਸਿੰਘ ਕੈਂਟ ਹਲਕੇ ਤੋਂ ਜਿੱਤ ਕੇ ਸੀ. ਐਮ. ਰਹੇ। ਪੰਜਾਬ ਦੀ ਕਾਂਗਰਸ, ਭਾਜਪਾ, ਅਕਾਲੀ ਸਿਆਸਤ ਵਿਚ ਜਲੰਧਰ ਦਾ ਤਾਕਤਵਰ ਪ੍ਰਭਾਵ ਰਿਹਾ ਹੈ। ਕਾਂਗਰਸ ਸਰਕਾਰਾਂ ਵਿਚ ਅਵਤਾਰ ਹੈਨਰੀ, ਅਮਰਜੀਤ ਸਿੰਘ ਸਮਰਾ, ਚੌਧਰੀ ਜਗਜੀਤ ਸਿੰਘ, ਚੌਧਰੀ ਸੰਤੋਖ ਸਿੰਘ, ਸ੍ਰੀਮਤੀ ਕੰਵਲਜੀਤ ਕੌਰ, ਕੰਵਲਜੀਤ ਸਿੰਘ ਲਾਲੀ, ਮਹਿੰਦਰ ਸਿੰਘ ਕੇ. ਪੀ. ਮੰਤਰੀ ਰਹੇ। ਉਥੇ ਹੀ ਅਕਾਲੀ-ਭਾਜਪਾ ਸ਼ਾਸਨ ਵਿਚ ਮਨੋਰੰਜਨ ਕਾਲੀਆ, ਭਗਤ ਚੂੰਨੀ ਲਾਲ ਮੰਤਰੀ ਰਹੇ।

### ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵੀ ਸਿਆਸਤ ਵਿਚ ਜਲੰਧਰੀ ਅਹਿਮ

ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਵਿਚ ਉਪਲਬਧ ਦਸਤਾਵੇਜਾਂ ਮੁਤਾਬਕ ਇਨਕਲਾਬੀ ਭਗਤ ਸਿੰਘ ਜਲੰਧਰ ਦੇ ਪਿੰਡ ਖਟਕੜ ਕਲਾਂ ਦੇ ਨਿਵਾਸੀ ਆਜ਼ਾਦੀ ਘੁਲਾਟੀਏ ਅਜੀਤ ਸਿੰਘ ਦੇ ਭਤੀਜੇ ਸਨ। ਉਹਨਾਂ ਨੇ ਦੇਸ਼ ਪ੍ਰੇਮ ਦੀ ਅਲਖ ਜਗਾਈ, ਇਨਕਲਾਬੀ ਭਗਤ ਸਿੰਘ ਨੌਜਵਾਨਾਂ ਦੀ ਪ੍ਰੇਰਨਾ ਸਰੋਤ ਬਣ ਗਏ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਵਿਚਾਰ ਅੱਜ ਵੀ ਨੌਜਵਾਨਾਂ ਦੀ ਪ੍ਰੇਰਨਾ ਸਰੋਤ ਹਨ। ਸਾਲ 1928 ਵਿਚ ਜਲੰਧਰ ਦੀਆਂ ਬੇਟੀਆਂ ਨੇ ਖੁਦ ਬੁਣ ਕੇ ਕੌਮੀ ਝੰਡਾ ਲਹਿਰਾਇਆ। ਫਿਰ 1930 ਵਿਚ ਕਾਂਗਰਸ ਦੇ ਅਧਿਵੇਸ਼ਨ ਵਿਚ ਹਿੱਸਾ ਲਿਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਲੰਧਰੀਆਂ ਦਾ ਸਿਆਸਤ ਵਿਚ ਅਹਿਮ ਰੋਲ ਰਿਹਾ ਹੈ।

### ਰਿਜ਼ਰਵ ਵੋਟ ਬੈਂਕ ਕਾਰਨ ਜਲੰਧਰ ਅਹਿਮ

ਪੰਜਾਬ ਦੇ ਰਿਜ਼ਰਵ ਕੈਟੇਗਰੀ ਵੋਟ ਬੈਂਕ ਦੇ ਪ੍ਰਭਾਵ ਕਾਰਨ ਜਲੰਧਰ ਸਾਰੀਆਂ ਪਾਰਟੀਆਂ ਲਈ ਅਹਿਮ ਹੈ। ਜਲੰਧਰ ਤੋਂ ਪੰਜਾਬ ਦੀ ਵਰਤਮਾਨ ਸਿਆਸਤ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਇਕਲੌਤੇ ਸਾਂਸਦ ਦੇ ਰੂਪ ਵਿਚ ਸੁਸ਼ੀਲ ਰਿੰਕੂ ਹਨ। ਵਰਤਮਾਨ ਸਮੇਂ ਆਦਮਪੁਰ ਤੋਂ ਕਾਂਗਰਸੀ ਵਿਧਾਇਕ ਸੁਖਵਿੰਦਰ ਕੋਟਲੀ, ਕੈਂਟ ਤੋਂ ਪਰਗਟ ਸਿੰਘ, ਨੌਰਥ ਹਲਕੇ ਤੋਂ ਜੂਨੀਅਰ ਬਾਬਾ ਹੈਨਰੀ ਅਤੇ ਸ਼ਾਹਕੋਟ ਤੋਂ ਲਾਡੀ ਸ਼ੇਰੇਵਾਲੀਆ ਹਨ। ਸੱਤਾ ਪੱਖ ਤੋਂ ਨਕੋਦਰ ਤੋਂ ਬੀਬੀ ਇੰਦਰਜੀਤ ਕੌਰ ਮਾਨ, ਵੈਸਟ ਤੋਂ ਸ਼ੀਤਲ ਅੰਗੁਰਾਲ, ਸੈਂਟਰ ਤੋਂ ਰਮਨ ਅਰੋੜਾ ਅਤੇ ਕਰਤਾਰਪੁਰ ਤੋਂ ਬਲਕਾਰ ਸਿੰਘ ਵਿਧਾਇਕ ਹਨ। ਉਹਨਾਂ ਨੂੰ ਲੋਕਲ ਬਾਡੀਜ਼ ਮੰਤਰੀ ਬਣਾਇਆ ਗਿਆ ਹੈ।

# ਧੰਮ-ਚਕਰ ਪ੍ਰਵਰਤਨ ਦਿਵਸ' ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ

## ਸਮਾਜਿਕ ਨਿਆਂ ਲਈ ਸੰਘਰਸ਼ ਜਾਰੀ ਰੱਖਣਾ ਚਾਹੀਦਾ - ਡਾ. ਬਲਬਿੰਦਰ ਕੁਮਾਰ





**ਜਲੰਧਰ-** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ) ਵੱਲੋਂ ਅੰਬੇਡਕਰ ਭਵਨ ਟਰੱਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ), ਪੰਜਾਬ ਇਕਾਈ ਦੇ ਸਹਿਯੋਗ ਨਾਲ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ 'ਧੰਮ-ਚਕਰ ਪ੍ਰਵਰਤਨ ਦਿਵਸ' ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਡਾ. ਬਲਬਿੰਦਰ ਕੁਮਾਰ, ਅਸਿਸਟੈਂਟ ਪ੍ਰੋਫੈਸਰ ਪੋਲੀਟੀਕਲ ਸਾਇੰਸ, ਸੁਆਮੀ ਸਰਵਾਨੰਦ ਗਿਰੀ ਰਿਜਨਲ ਸੈਂਟਰ ਹੁਸ਼ਿਆਰਪੁਰ ਮੁਖ ਮਹਿਮਾਨ ਅਤੇ ਸਤਿਕਾਰਯੋਗ ਭੰਤੇ ਪ੍ਰਗਿਆਬੋਧੀ ਜੀ, ਤਕਸ਼ਲਾ ਮਹਾਬੁੱਧ ਵਿਹਾਰ ਲੁਧਿਆਣਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਭੰਤੇ ਪ੍ਰਗਿਆ ਬੋਧੀ ਜੀ ਅਤੇ ਮੁੱਖ ਮਹਿਮਾਨ ਡਾ. ਬਲਬਿੰਦਰ ਕੁਮਾਰ ਜੀ ਦੁਆਰਾ ਪੰਚਸ਼ੀਲ ਦਾ ਝੰਡਾ ਫਹਿਰਾਉਂਣ ਅਤੇ ਤਥਾਗਤ ਬੁੱਧ ਦੀ ਪ੍ਰਤਿਮਾ ਨੂੰ ਨਤਮਸਤਕ ਹੋਣ ਤੋਂ ਬਾਅਦ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਭੰਤੇ ਪ੍ਰਗਿਆਬੋਧੀ ਜੀ ਨੇ ਹਾਜਰੀਨ ਨੂੰ ਧੰਮ ਦੇਸ਼ਨਾਂ ਦਿੱਤੀ । ਡਾ. ਬਲਬਿੰਦਰ ਕੁਮਾਰਨੇ ਆਪਣੇ ਭਾਸ਼ਣ ਵਿੱਚ ਬੋਲਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ 'ਧੰਮ-ਚਕਰ ਪ੍ਰਵਰਤਨ' ਦੀ ਕ੍ਰਾਂਤੀ 14 ਅਕਤੂਬਰ 1956 ਨੂੰ ਆਪਣੇ ਲੱਖਾਂ ਹੀ ਪੈਰੋਕਾਰਾਂ ਨਾਲ ਬੁੱਧ-ਧੰਮ ਦੀ ਦੀਕਸ਼ਾ ਲੈ ਕੇ ਨਾਗਪੁਰ ਵਿਖੇ ਕੀਤੀ ਅਤੇ ਕਿਹਾ ਕਿ ਮੈਂ ਨਰਕ ਤੋਂ ਛੁੱਟਿਆ ਹਾਂ 'ਤੇ ਮੇਰਾ ਨਵਾਂ ਜਨਮ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਵੱਲੋਂ ਬੁੱਧ ਧੰਮ ਵਿੱਚ ਦੀਕਸ਼ਿਤ ਹੋਣ ਦਾ ਮੂਲ ਮੰਤਵ ਸਦੀਆਂ ਤੋਂ ਪਿਛਾੜੇ ਤੇ ਦੁਰਕਾਰੇ ਅਛੂਤਾਂ ਵਿੱਚ ਸਵੈ -ਭਰੋਸਾ, ਸਵੈ-ਸ਼ਕਤੀ, ਤਰਕਸ਼ੀਲਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਪੈਦਾ ਕਰਨ ਲਈ ਇੱਕ ਮੰਚ ਪ੍ਰਦਾਨ ਕਰਨਾ ਸੀ ਤਾਂ ਕਿ ਉਹ ਏਕਤਾ ਦੀ ਲੜੀ ਵਿੱਚ ਪ੍ਰੋ ਹੋ ਕੇ ਰਾਜਨੀਤਿਕ ਸੱਤਾ ਪ੍ਰਾਪਤ ਕਰ ਸਕਣ ਦੇ ਸਮਰੱਥ ਹੋ ਜਾਣ ਪਰ ਸਮਾਜ ਨੇ ਉਨ੍ਹਾਂ ਦੀ ਇਸ ਵਿਚਾਰਧਾਰਾ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਡਾ. ਬਲਬਿ-




ੰਦਰ ਕੁਮਾਰ ਨੇ ਕਿਹਾ ਕਿ ਸਾਨੂੰ ਸਮਾਜਿਕ ਨਿਆਂ ਲਈ ਸੰਘਰਸ਼ ਜਾਰੀ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਲਗਭਗ 65 ਸਾਲ ਤੋਂ ਡਾ. ਅੰਬੇਡਕਰ ਜੀ ਦੀ ਸਿਧਾਂਤਕ ਵਿਚਾਰਧਾਰਾ ਨੂੰ ਮਰਹੂਮ ਸ੍ਰੀ ਐਲ. ਆਰ. ਬਾਲੀ ਜੀ ਦੀ ਰਹਿਨੁਮਾਈ ਹੇਠ ਅੰਬੇਡਕਰ ਭਵਨ ਅਤੇ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੁਆਰਾ ਨਿਰੰਤਰ ਪ੍ਰਚਾਰਿਤ 'ਤੇ ਪ੍ਰਸਾਰਿਤ ਕਰਨ ਵਿੱਚ ਪਾਏ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਡਾ ਜੀ. ਸੀ. ਕੌਲ ਨੇ ਕਿਹਾ ਕਿ ਬਾਬਾ ਸਾਹਿਬ ਨੇ ਕਿਹਾ ਕਿ ਮੈਂ ਬੁੱਧ ਧੰਮ ਨੂੰ ਇਸ ਲਈ ਪਸੰਦ ਕਰਦਾ ਹਾਂ ਕਿਓਂਕਿ ਇਹ ਤਿੰਨ ਸਿਧਾਂਤਾਂ ਦਾ ਸੁਮੇਲ ਹੈ, ਜੋ ਕਿਸੇ ਹੋਰ ਧਰਮ 'ਚ ਨਹੀਂ । ਬੁੱਧ ਧੰਮ ਅੰਧਵਿਸ਼ਵਾਸ ਅਤੇ ਅਲੌਕਿਕਤਾ ਦੇ ਵਿਰੁੱਧ ਪ੍ਰਗਿਆ (ਤਰਕਸ਼ੀਲਤਾ) ਸਿਖਾਉਂਦਾ ਹੈ, ਇਹ ਕਰੁਣਾ (ਰਹਿਮਦਿਲੀ) ਸਿਖਾਉਂਦਾ ਹੈ ਅਤੇ ਇਹ ਸਮਤਾ (ਬਰਾਬਰੀ) ਸਿਖਾਉਂਦਾ ਹੈ। ਇਹ ਸਮਾਨਤਾ, ਸੁਤੰਤਰਤਾ, ਭਾਈਚਾਰੇ ਦਾ ਧਰਮ ਹੈ। ਡਾ.ਕੋਲ ਨੇ ਕਿਹਾ ਕਿ ਬਾਬਾ ਸਾਹਿਬ ਅਨੁਸਾਰ ਬੁੱਧ ਧੰਮ ਇੱਕ ਕ੍ਰਾਂਤੀ ਸੀ ਜੋ ਧਾਰਮਿਕ ਕ੍ਰਾਂਤੀ ਤੋਂ ਸ਼ੁਰੂ ਹੋ ਕੇ ਮਨੁੱਖ ਦੁਆਰਾ ਸਿਰਜੇ ਜਾਤੀ ਬੰਧਨਾ ਨੂੰ ਤੋੜ ਕੇ ਸਾਰਿਆਂ ਨੂੰ ਤਰੱਕੀ ਦੇ ਬਰਾਬਰ ਮੌਕੇ ਪ੍ਰਦਾਨ ਕਰਕੇ ਇੱਕ ਰਾਜਨੀਤਿਕ ਕ੍ਰਾਂਤੀ ਹੋ ਨਿਬੜੀ। ਡਾ. ਅੰਬੇਡਕਰ ਜੀ ਦਾ ਦ੍ਰਿੜ ਵਿਸ਼ਵਾਸ ਸੀ ਕਿ ਮਹਾ ਮਾਨਵ ਬੁੱਧ ਦੀ ਸਿੱਖਿਆ ਰਕਤ ਰਹਿਤ ਕ੍ਰਾਂਤੀ ਦੁਆਰਾ ਸਾਮਵਾਦ ਲਿਆ ਸਕਦੀ ਹੈ। ਜਸਵਿੰਦਰ ਵਰਿਆਣਾ ਸੂਬਾ ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ), ਪੰਜਾਬ ਇਕਾਈ ਅਤੇ ਸੁਭਾਸ਼ ਚੰਦਰ ਮੁਸਾਫਰ ਪਾਲਮਪੁਰ (ਹਿਮਾਚਲ ਪ੍ਰਦੇਸ਼) ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦੇ ਸ਼ੁਰੂ ਵਿਚ ਅੰਬੇਡਕਰ ਭਵਨ ਟਰੱਸਟ ਜਲੰਧਰ ਦੇ ਫਾਊਂਡਰ ਟਰੱਸਟੀ ਲਾਹੌਰੀ ਰਾਮ ਬਾਲੀ, ਕ੍ਰਾਂਤੀਕਾਰੀ ਸਾਥੀ ਕਮਿਊਨਿਸਟ ਆਗੂ ਗਦਰ ਅਤੇ ਡਾ. ਐਮ ਐਸ ਸਵਾਮੀਨਾਥਨ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਹਰਮੇਸ਼ ਜੱਸਲ, ਟਰਸਟੀ ਅੰਬੇਡਕਰ ਭਵਨ ਟਰਸਟ ਜਲੰਧਰ ਨੇ ਭੰਤੇ ਜੀ ਨੂੰ ਯਾਚਨਾ ਕੀਤੀ। ਸਮਾਗਮ ਸ਼੍ਰੀ ਸੋਹਨ ਲਾਲ ਪ੍ਰਧਾਨ ਅੰ-ਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ) ਦੀ ਪ੍ਰਧਾਨਗੀ ਹੇਠ ਸਫਲਤਾ ਪੂਰਵਕ ਸੰਪਨ ਹੋਇਆ।ਉਨ੍ਹਾਂ ਨੇ ਮਹਿਮਾਨਾਂ ਦੀ ਜਾਣ-ਪਛਾਣ ਕਰਾਉਂਦਿਆਂ ਸਭ ਨੂੰ ਜੀ ਆਇਆਂ ਕਿਹਾ।

ਚਰਨ ਦਾਸ ਸੰਧੂ ਨੇ ਸਟੇਜ ਸੰਚਾਲਨ ਬਾਖੂਬੀ ਕੀਤਾ । ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਬਲਦੇਵ ਰਾਜ ਭਾਰਦਵਾਜ, ਸੁਖਰਾਜ, ਡਾ. ਮਹਿੰਦਰ ਸੰਧੂ, ਕੁਲਦੀਪ ਭੱਟੀ, ਪਰਮਿੰਦਰ ਸਿੰਘ ਖੁੱਤਣ, ਪਿਸ਼ੋਰੀ ਲਾਲ ਸੰਧੂ, ਤਿਲਕ ਰਾਜ, ਨਿਰਮਲ ਬਿਨਜੀ, ਚਰਨਜੀਤ ਸਿੰਘ ਮੱਟੂ, ਮਨੋਹਰ ਲਾਲ ਬਾਲੀ, ਸੋਹਨ ਸੈਹਜਲ,ਅਮਰੀਕ ਐਸ ਮਹੇ, ਰਾਮਨਾਥ ਸੁੰਡਾ, ਰਾਮ ਲਾਲ ਦਾਸ, ਤਰਸੇਮ ਜਲੰਧਰੀ, ਹਰਭਜਨ ਸਾਂਪਲਾ, ਚਮਨ ਦਾਸ ਸਾਂਪਲਾ, ਪੁਰਸ਼ੋਤਮ ਸਰੋਇਆ, ਪ੍ਰਿੰਸੀਪਲ ਪਰਮਜੀਤ ਜਸਲ, ਗੁਰਪਾਲ ਸਿੰਘ ਡੀਪੀਆਈ ਰਿਟਾ., ਚੌਧਰੀ ਹਰੀ ਰਾਮ, ਗੁਰਦਿਆਲ ਜੱਸਲ , ਮਿਹਰ ਮਲਿਕ, ਗੁਰਦੇਵ ਖੋਖਰ, ਵਰਨ ਕਲੇਰ, ਨਰਿੰਦਰ ਲੇਖ ਆਦਿ ਸ਼ਾਮਲ ਹੋਏ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE RETIREMENT
LIFE INSURANCE COLLEGE PLANNING
LONG TERM CARE INS AUTO * HOME
FUNERAL EXPENSE BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਡੀਏਵੀ ਕਾਲਜ ਜਲੰਧਰ ਵਿੱਚ ਕਰਵਾਏ ਗਏ ਹੁਨਰ-2023 ਵਿੱਚ ਪ੍ਰਤਿਭਾਵਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ









ਡੀਏਵੀ ਕਾਲਜ ਜਲੰਧਰ ਵਿਖੇ 14 ਅਕਤੂਬਰ, 2023 ਨੂੰ ਕਾਲਜ ਦੇ ਆਡੀਟੋਰੀਅਮ ਵਿੱਚ "ਹੁਨਰ-2023" ਵਜੋਂ ਇੱਕ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਸ਼ੀਲ ਕੁਮਾਰ ਰਿੰਕੂ ਐਮ.ਪੀ ਜਲੰਧਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ੍ਰੀ ਕੁਲਦੀਪ ਕੁਮਾਰ ਬਾਕਸਿੰਗ ਕੋਚ, ਸਪੋਰਟਸ ਅਥਾਰਟੀ ਆਫ ਇੰਡੀਆ, ਡੀ.ਏ.ਵੀ ਕਾਲਜ, ਜਲੰਧਰ ਦੇ ਰਿਟਾਇਰਡ ਪ੍ਰੋਫੈਸਰ ਡਾ: ਜੀ.ਸੀ. ਕੌਲ, ਸੇਵਾਮੁਕਤ ਏਆਈਜੀ ਪੰਜਾਬ ਪੁਲਿਸ ਅਤੇ ਮੁੱਖ ਕੋਚ ਅਤੇ ਭਾਰਤੀ ਜਿਮਨਾਸਟਿਕ ਟੀਮ ਦੀ ਚੋਣ ਕਮੇਟੀ ਦੇ ਚੇਅਰਮੈਨ, ਪੰਜਾਬ ਜਿਮਨਾਸਟਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਤੇ ਜਿਮਨਾਸਟਿਕ ਫੈਡਰੇਸ਼ਨ ਆਫ਼ ਇੰਡੀਆ ਦੀ ਤਕਨੀਕੀ ਕਮੇਟੀ ਦੇ ਚੇਅਰਮੈਨ ਸ੍ਰੀ ਕੁਲਵਿੰਦਰ ਸਿੰਘ ਥਿਆੜਾ, ਡੀ.ਐਸ.ਪੀ., ਪੰਜਾਬ ਪੁਲਿਸ ਸ੍ਰ. ਗੁਰਵਿੰਦਰ ਸਿੰਘ, ਸ੍ਰੀ ਵਰਿੰਦਰ ਕੁਮਾਰ ਬਾਕਸਿੰਗ ਕੋਚ ਲਾਇਲਪੁਰ ਖਾਲਸਾ ਕਾਲਜ ਜਲੰਧਰ, ਸ. ਹਰਜਿੰਦਰ ਸਿੰਘ ਲੱਡਾ, ਕੌਂਸਲਰ ਅਤੇ ਗੁਰਦਾਸਪੁਰ ਤੋਂ ਉੱਦਮੀ। ਹਰਬੇਜ ਸਿੰਘ ਰਿਆੜ ਨੇ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੁੱਖ ਮਹਿਮਾਨ ਸੰਸਦ ਮੈਂਬਰ ਸ਼੍ਰੀ ਸੁਸ਼ੀਲ ਕੁਮਾਰ ਰਿੰਕੂ ਅਤੇ ਪਤਵੰਤੇ ਮਹਿਮਾਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਡੀਏਵੀ ਕਾਲਜ ਦੇ ਗੀਤ ਅਤੇ ਪਵਿੱਤਰ ਦੀਪ ਜਗਾਉਣ ਦੀ ਰਸਮ ਨਾਲ ਹੋਈ।

ਸੀਨੀਅਰ ਵਾਈਸ ਪ੍ਰਿੰਸੀਪਲ ਪ੍ਰੋ. ਸਲਿਲ ਕੁਮਾਰ ਉੱਪਲ ਨੇ ਆਪਣੇ ਸੰਬੋਧਨ ਵਿੱਚ ਸ਼੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਪੀ. ਦੀ ਗੁਰੂ-ਸ਼ਿਸ਼ਯ ਪਰੰਪਰਾ ਪ੍ਰਤੀ ਸਤਿਕਾਰ ਦਿਖਾਉਣ ਲਈ ਪ੍ਰਸ਼ੰਸਾ ਕੀਤੀ ਕਿਉਂਕਿ ਉਹ ਪ੍ਰੋ ਕੌਲ ਨੂੰ ਇਸ ਸਮਾਗਮ ਵਿੱਚ ਮਹਿਮਾਨ ਵਜੋਂ ਆਪਣੇ ਨਾਲ ਲੈ ਕੇ ਆਏ ਸਨ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਆਪਣੀ ਕੁਸ਼ਲਤਾ ਲਈ ਪੂਰੇ ਭਾਰਤ ਵਿੱਚ ਬਹੁਤ ਪ੍ਰਸਿੱਧੀ ਪ੍ਰਾਪਤ ਕਰਦੇ ਹਨ। ਪ੍ਰੋ. ਉੱਪਲ ਨੇ ਸ਼੍ਰੀ ਸੁਸ਼ੀਲ ਰਿੰਕੂ ਨਾਲ ਹੋਈ ਗੱਲਬਾਤ ਦਾ ਇੱਕ ਅੰਸ਼ ਸਾਂਝਾ ਕੀਤਾ, ਜੋ ਕਿ ਸਾਂਸਦ ਦੇ ਲੋਕਾਂ ਨੂੰ ਰਾਜ ਕਰਨ ਦੀ ਬਜਾਏ ਨਿਮਰਤਾ ਨਾਲ ਸੇਵਾ ਕਰਨ ਦੇ ਪ੍ਰਗਤੀਸ਼ੀਲ ਫਲਸਫੇ ਨੂੰ ਦਰਸਾਉਂਦਾ ਹੈ। ਪ੍ਰੋ: ਉੱਪਲ ਨੇ ਸੰਸਥਾਪਕ ਪ੍ਰਿੰਸੀਪਲ ਪੰਡਿਤ ਮੇਹਰਚੰਦ ਜੀ ਦਾ ਇੱਕ ਕਿੱਸਾ ਵੀ ਸਾਂਝਾ ਕੀਤਾ, ਜਿਸ ਵਿੱਚ ਕਿਹਾ ਗਿਆ ਕਿ ਉਹ ਇੱਕ ਅਦੁੱਤੀ ਸਾਦਗੀ ਵਾਲੇ ਵਿਅਕਤੀ ਸਨ ਅਤੇ ਸੰਸਥਾ ਦੀ ਨਿਰਸਵਾਰਥ ਸੇਵਾ ਦਾ ਪ੍ਰਤੀਕ ਸਨ। ਉਨ੍ਹਾਂ ਨੇ ਸ਼੍ਰੀ ਰਿੰਕੂ ਦੇ ਸਿੱਖਿਆ ਦੇ ਮੌਜੂਦਾ ਦ੍ਰਿਸ਼ ਨੂੰ ਬਦਲਣ ਅਤੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਦੇ ਦ੍ਰਿਸ਼ਟੀਕੋਣ ਨੂੰ ਵੀ ਰੇਖਾਂਕਿਤ ਕੀਤਾ ਤਾਂ ਜੋ ਉਹ ਬੇਰੁਜ਼ਗਾਰੀ ਕਾਰਨ ਪੰਜਾਬ ਨਾ ਛੱਡਣ।

ਪ੍ਰੋਗਰਾਮ ਵਿੱਚ ਡੀਏਵੀ ਕਾਲਜ ਦੇ ਵਿਦਿਆਰਥੀਆਂ ਨੇ ਲੋਕ ਕਲਾ ਅਤੇ ਸੱਭਿਆਚਾਰਕ ਕਲਾਵਾਂ ਦੀਆਂ ਆਪਣੀਆਂ ਮਨਮੋਹਕ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਵਿੱਚ ਪੰਜਾਬੀ ਲੋਕ ਗੀਤ, ਸਮੂਹ ਗੀਤ, ਮਾਈਮ ਪੇਸ਼ਕਾਰੀ, ਲੂਡੀ, ਕਵੀਸ਼ਰੀ, ਮਿਮਿਕਰੀ ਅਤੇ ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ।

ਆਪਣੇ ਸੰਬੋਧਨ ਵਿੱਚ ਸੰਸਦ ਮੈਂਬਰ ਸ਼੍ਰੀ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਕਾਲਜ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਇਸ ਨੇ ਲੱਖਾਂ ਹੋਣਹਾਰ ਵਿਦਿਆਰਥੀ ਪੈਦਾ ਕੀਤੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਈ ਸਾਲ ਪਹਿਲਾਂ ਵੀ ਇਸੇ ਮੰਚ 'ਤੇ ਪ੍ਰਦਰਸ਼ਨ ਕੀਤਾ ਸੀ, ਜਿਸ ਨਾਲ ਉਨ੍ਹਾਂ ਨੂੰ ਆਪਣੇ ਸਿਆਸੀ ਜੀਵਨ ਵਿਚ ਲੋਕਾਂ ਨਾਲ ਜੁੜਨ ਵਿਚ ਮਦਦ ਮਿਲੀ ਸੀ। ਉਸ ਨੇ ਦੱਸਿਆ ਕਿ ਕਾਲਜ ਨੇ ਹਮੇਸ਼ਾ ਉਸ ਦਾ ਕਿਸੇ ਨਾ ਕਿਸੇ ਤਰੀਕੇ ਨਾਲ ਸਹਿਯੋਗ ਕੀਤਾ ਹੈ। ਉਨ੍ਹਾਂ ਸਿੱਖਿਆ ਪ੍ਰਣਾਲੀ ਵਿੱਚ ਬਦਲ ਰਹੇ ਰੁਝਾਨਾਂ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੌਜਵਾਨਾਂ ਨੂੰ ਉਨ੍ਹਾਂ ਦੇ ਹੁਨਰ ਨੂੰ ਅਪਗ੍ਰੇਡ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ ਤਾਂ ਜੋ ਉਹ ਭਾਰਤ ਅਤੇ ਵਿਦੇਸ਼ਾਂ ਵਿੱਚ ਕਿਤੇ ਵੀ ਨੌਕਰੀ ਪ੍ਰਾਪਤ ਕਰ ਸਕਣ। ਉਸ ਨੇ ਖੁੱਲ੍ਹੇ ਦਿਲ ਨਾਲ ਆਪਣੇ ਕਾਲਜ ਨੂੰ 5 ਲੱਖ ਰੁਪਏ ਭੇਟ ਕੀਤੇ।

ਮੁੱਖ ਮਹਿਮਾਨ ਸੰਸਦ ਮੈਂਬਰ ਸ਼੍ਰੀ ਸੁਸ਼ੀਲ ਕੁਮਾਰ ਰਿੰਕੂ ਅਤੇ ਪਤਵੰਤੇ ਮਹਿਮਾਨਾਂ ਨੂੰ ਸ਼ਾਲ ਅਤੇ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਡਾ: ਵਰੁਣ, ਪ੍ਰੋ. ਸਰੂਚੀ ਅਤੇ ਡਾ: ਸਾਹਿਬ ਸਿੰਘ ਨੇ ਸਟੇਜ ਦਾ ਸੰਚਾਲਨ ਕਲਾਤਮਕ ਢੰਗ ਨਾਲ ਕੀਤਾ।

ਪ੍ਰੋਗਰਾਮ ਦੀ ਸਮਾਪਤੀ ਕਰਦੇ ਹੋਏ, ਈਐਮਏ ਡੀਨ ਡਾ. ਰਾਜਨ ਸ਼ਰਮਾ ਨੇ ਮਹਿਮਾਨਾਂ, ਭਾਗੀਦਾਰਾਂ, ਪ੍ਰਬੰਧਕਾਂ, ਸਪਾਂਸਰਾਂ, ਫੈਕਲਟੀ ਮੈਂਬਰਾਂ ਅਤੇ ਨਾਨ-ਟੀਚਿੰਗ ਸਟਾਫ ਦਾ ਧੰਨਵਾਦ ਕੀਤਾ।

ਇਸ ਮੌਕੇ ਪ੍ਰੋ. ਸੁਖਦੇਵ ਰੰਧਾਵਾ, ਡਾ: ਮਾਨਵ ਅਗਰਵਾਲ, ਪ੍ਰੋ: ਨਰੇਸ਼ ਕੁਮਾਰ, ਪ੍ਰੋ: ਪੂਜਾ ਸ਼ਰਮਾ, ਡਾ: ਰੇਣੂਕਾ ਮਲਹੋਤਰਾ, ਪ੍ਰੋ: ਮੀਨਾਕਸ਼ੀ ਮੋਹਨ, ਪ੍ਰੋ: ਰਿਤੂ ਤਲਵਾੜ, ਡਾ: ਦਵਿੰਦਰਾ ਮੰਡ, ਪ੍ਰੋ: ਨਵੀਨ ਸੂਦ, ਪ੍ਰੋ: ਕਮਲਜੀਤ ਸਿੰਘ, ਪ੍ਰੋ. ਰਾਜਕੁਮਾਰ, ਡਾ: ਵਰੁਣ, ਡਾ: ਸੁਰੂਚੀ, ਡਾ: ਸਾਹਿਬ ਸਿੰਘ, ਪ੍ਰੋ: ਰਾਹੁਲ ਸੇਖਾੜੀ, ਪ੍ਰੋ: ਸੁਨੀਲ, ਪ੍ਰੋ: ਸਾਹਿਲ ਨਾਗਪਾਲ, ਪ੍ਰੋ: ਪੰਕਜ ਬੱਗਾ, ਪ੍ਰੋ: ਰਾਜਕਿਰਪਾਲ ਸਿੰਘ, ਡਾ: ਗੁਰਜੀਤ ਕੌਰ, ਪ੍ਰੋ: ਸੋਨਿਕ ਆਰਤੀ ਪ੍ਰੋ. ਰੰਜੀਤਾ ਗੁਗਲਾਨੀ, ਪ੍ਰੋ: ਨਮ੍ਰਿਤਾ ਕਪੂਰ, ਪ੍ਰੋ: ਈਸ਼ਾ, ਪ੍ਰੋ: ਰੀਨਾ, ਡਾ: ਨਿਸ਼ਚੈ ਭੇਲ, ਡਾ: ਮਨੂ ਸੂਦ, ਪ੍ਰੋ. ਗਗਨ, ਡਾ: ਗੁਰਜੀਤ ਕੌਰ, ਪ੍ਰੋ. ਸ਼ੁਭਮ ਕਪਿਲ, ਪ੍ਰੋ. ਅਮਿਤ ਜੈਨ, ਪ੍ਰੋ. ਹਿਨਾ, ਡਾ: ਮਨਪ੍ਰੀਤ ਕੌਰ ਸਮੇਤ ਹੋਰ ਫੈਕਲਟੀ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

ਇਸ ਸਮਾਗਮ ਦੇ ਖੁੱਲ੍ਹੇ ਦਿਲ ਵਾਲੇ ਸਪਾਂਸਰਾਂ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਰਾਸ਼ੀ ਭੇਂਟ ਕੀਤੀ :

1- ਡਾ: ਸੁਮੇਸ਼ ਹਾਂਡਾ, ਨਿਊਰੋਲੋਜਿਸਟ, ਹਾਂਡਾ ਨਿਊਰੋ ਹਸਪਤਾਲ ਜਲੰਧਰ ਨੇ 21,000/

2- ਸ਼੍ਰੀ ਹਰਸੌਰਭ ਸਿੰਘ ਬਜਾਜ, ਅੰਤਰਰਾਸ਼ਟਰੀ ਸਿੱਖਿਆ ਸੇਵਾਵਾਂ ਦੇ ਮੈਨੇਜਿੰਗ ਡਾਇਰੈਕਟਰ।

3- ਡਾ: ਗੁਰਮੇਜ ਸਿੰਘ ਧਾਲੀਵਾਲ, ਚੇਅਰਮੈਨ, ਸਰੀਰਕ ਸਿੱਖਿਆ ਅਤੇ ਖੇਡ ਵਿਭਾਗ, ਐਨ.ਆਈ.ਟੀ., ਜਲੰਧਰ।

4- ਡਾ: ਆਰ.ਕੇ. ਸੇਠ, ਡੀਨ, ਸਾਇੰਸ ਅਤੇ ਇੰਜੀਨੀਅਰਿੰਗ ਅਤੇ ਪ੍ਰੀਖਿਆ ਕੰਟਰੋਲਰ, ਡੀਏਵੀ ਯੂਨੀਵਰਸਿਟੀ, ਜਲੰਧਰ।

5- ਸ਼੍ਰੀ ਜੇ.ਐਸ. ਸੋਢੀ, ਅੰਮ੍ਰਿਤ ਡੇਅਰੀ ਐਂਡ ਸਵੀਟਸ ਮਕਸੂਦਾਂ, ਜਲੰਧਰ।

6- ਸ਼. ਸੌਰਭ ਸਰੀਨ, ਡਿਪੈਂਡੇਬਲ ਓਵਰਸੀਜ਼ ਸਰਵਿਸਿਜ਼, ਜਲੰਧਰ ਦੇ ਮੈਨੇਜਿੰਗ ਡਾਇਰੈਕਟਰ।

7- ਕਾਲਜ ਦੇ ਸਾਬਕਾ ਵਿਦਿਆਰਥੀ ਡਾ. ਅਮਿਤ ਸੇਠੀ, ਡਾਇਰੈਕਟਰ, ਫਿਜ਼ਿਕਸ ਸਟੱਡੀ ਸਰਕਲ, ਜਲੰਧਰ।

8 ਡਾ: ਗੁਰਮੇਜ ਸਿੰਘ ਧਾਲੀਵਾਲ।







# ਹਰਮਿਲਨ ਬੈਂਸ ਜ਼ਿਲ੍ਹੇ ਦੇ ਖਿਡਾਰੀਆਂ ਲਈ ਪ੍ਰੇਰਨਾ ਸਰੋਤ- ਕੋਮਲ ਮਿੱਤਲ

## ਕੈਬਨਿਟ ਮੰਤਰੀ, ਡਿਪਟੀ ਕਮਿਸ਼ਨਰ, ਐਸ.ਐਸ.ਪੀ ਤੋਂ ਇਲਾਵਾ ਖੇਡ ਪ੍ਰੇਮੀਆਂ ਨੇ ਹਰਮਿਲਨ ਬੈਂਸ ਨੂੰ ਕੀਤਾ ਸਨਮਾਨਿਤ





**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਹਾਂਗਜ਼ੂ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿਚ ਔਰਤਾਂ ਦੀ 800 ਮੀਟਰ ਅਤੇ 1500 ਮੀਟਰ ਦੌੜ ਵਿਚ ਚਾਂਦੀ ਦੇ ਤਗਮੇ ਜਿੱਤਣ ਵਾਲੀ ਮਾਹਿਲਪੁਰ, ਹੁਸ਼ਿਆਰਪੁਰ ਦੀ ਹਰਮਿਲਨ ਬੈਂਸ ਦਾ ਜ਼ਿਲ੍ਹੇ ਵਿਚ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਅਤੇ ਜ਼ਿਲ੍ਹਾ ਐਥਲੈਟਿਕਸ ਐਸੋਸੀਏਸ਼ਨ ਦੀ ਤਰਫ਼ੋਂ ਲਾਜਵੰਤੀ ਸਟੇਡੀਅਮ ਵਿੱਚ ਹਰਮਿਲਨ ਦੇ ਸਨਮਾਨ ਵਿਚ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਅਤੇ ਐਸ.ਐਸ.ਪੀ ਹੁਸ਼ਿਆਰਪੁਰ ਸਰਤਾਜ ਸਿੰਘ ਚਾਹਲ ਅਤੇ ਹੋਰ ਹਾਜ਼ਰ ਸਨ। ਹਰਮਿਲਨ ਬੈਂਸ ਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਅੰਤਰਰਾਸ਼ਟਰੀ ਖਿਡਾਰੀਆਂ ਵੱਲੋਂ ਸਨਮਾਨਿਤ ਕੀਤਾ ਗਿਆ।

ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੀ ਧੀ ਹਰਮਿਲਨ ਬੈਂਸ ਨੇ ਪੂਰੇ ਦੇਸ਼ ਦੇ ਨਾਲ-ਨਾਲ ਪੰਜਾਬ, ਹੁਸ਼ਿਆਰਪੁਰ, ਮਾਹਿਲਪੁਰ ਦੇ ਨਾਲ-ਨਾਲ ਬੈਂਸ ਪਰਿਵਾਰ ਦਾ ਨਾਂ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਨਾਂ ਰੋਸ਼ਨ ਕਰਨ ਵਾਲੇ ਹੀ ਸਾਡੇ ਅਸਲੀ ਹੀਰੋ ਹਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਪੰਜਾਬ ਦੇ 33 ਰੀਅਲ ਹੀਰੋਜ਼ (ਖਿਡਾਰੀਆਂ) ਨੇ ਏਸ਼ੀਅਨ ਖੇਡਾਂ ਦੇ 72 ਸਾਲਾਂ ਦੇ ਸਾਰੇ ਰਿਕਾਰਡ ਤੋੜਦਿਆਂ 8 ਸੋਨ, 6 ਚਾਂਦੀ ਅਤੇ 5 ਕਾਂਸੀ ਦੇ ਤਗਮਿਆਂ ਸਮੇਤ ਕੁੱਲ 19 ਤਗਮੇ ਜਿੱਤੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਇਸ ਵਾਰ ਏਸ਼ਿਆਈ ਖੇਡਾਂ ਵਿਚ ਭਾਗ ਲੈਣ ਗਏ 48 ਪੰਜਾਬੀ ਖਿਡਾਰੀਆਂ ਨੂੰ ਤਿਆਰੀ ਲਈ 8 ਲੱਖ ਰੁਪਏ ਪ੍ਰਤੀ ਖਿਡਾਰੀ ਦੇ ਹਿਸਾਬ ਨਾਲ ਕੁੱਲ 4.64 ਕਰੋੜ ਰੁਪਏ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸੂਬੇ ਵਿਚ ਖੇਡ ਗਤੀਵਿਧੀਆਂ ਨੂੰ ਨਿੱਜੀ ਪੱਧਰ 'ਤੇ ਉਤਸ਼ਾਹਿਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿਚ ਸਿੰਥੈਟਿਕ ਟਰੈਕ ਬਣਾਉਣ ਸਬੰਧੀ ਖੇਡ ਮੰਤਰੀ ਨਾਲ ਗੱਲ ਕਰਕੇ ਇਸ ਦਿਸ਼ਾ ਵਿਚ ਜਲਦੀ ਹੀ ਕਾਰਵਾਈ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਹਰਮਿਲਨ ਦੀ ਇਹ ਪ੍ਰਾਪਤੀ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਹਰਮਿਲਨ ਦੇ ਨਾਲ-ਨਾਲ ਉਸ ਦਾ ਪੂਰਾ ਪਰਿਵਾਰ ਇਸ ਪ੍ਰਾਪਤੀ ਲਈ ਵਧਾਈ ਦਾ ਹੱਕਦਾਰ ਹੈ, ਜਿਨ੍ਹਾਂ ਨੇ ਹਮੇਸ਼ਾ ਉਸ ਦਾ ਹੌਸਲਾ ਵਧਾਇਆ ਹੈ। ਇਸ ਦੌਰਾਨ ਉਨ੍ਹਾਂ ਹਰਮਿਲਨ ਤੋਂ ਪ੍ਰੇਰਨਾ ਲੈ ਕੇ ਹੋਰਨਾਂ ਖਿਡਾਰੀਆਂ ਨੂੰ ਵੀ ਜ਼ਿਲ੍ਹੇ ਦਾ ਨਾਂ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ।

ਹਰਮਿਲਨ ਬੈਂਸ ਨੇ ਕਿਹਾ ਕਿ ਪੰਜਾਬ ਦੇ ਖਿਡਾਰੀਆਂ ਖਾਸ ਕਰਕੇ ਹੁਸ਼ਿਆਰਪੁਰ ਦੇ ਖਿਡਾਰੀਆਂ ਵਿਚ ਬਹੁਤ ਸਮਰੱਥਾ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਸਾਡੇ ਖਿਡਾਰੀ ਭਵਿੱਖ ਵਿਚ ਹੋਰ ਵੀ ਤਗਮੇ ਲਿਆ ਕੇ ਸੂਬੇ ਦਾ ਨਾਂ ਰੋਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਕਈ ਸਾਰਥਕ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਖਿਡਾਰੀਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਜੇਕਰ ਤੁਸੀਂ ਦ੍ਰਿੜ ਸੰਕਲਪ ਹੋਵੇ ਤਾਂ ਦੁਨੀਆ 'ਚ ਕੁਝ ਵੀ ਅਸੰਭਵ ਨਹੀਂ ਹੈ।

# ਬੱਬਰ ਅਕਾਲੀ ਕਰਮ ਸਿੰਘ ਦਾ ਪਿੰਡ ਦੌਲਤਪੁਰ .ਗਦਰੀ ਬਾਬਿਆਂ ਦੇ ਮੇਲੇ ਲਈ ਲੈ ਕੇ ਆਇਆ ਰਾਸ਼ਨ

**ਜਲੰਧਰ–** ਬੱਬਰ ਅਕਾਲੀ ਲਹਿਰ ਦੇ ਸ਼ਹੀਦ ਕਰਮ ਸਿੰਘ ਦੌਲਤਪੁਰ ਦੇ ਨਗਰ ਦੌਲਤਪੁਰ (ਸ਼ਹੀਦ ਭਗਤ ਸਿੰਘ ਨਗਰ) ਤੋਂ ਚਰਨਜੀਤ ਸਿੰਘ ਦੌਲਤਪੁਰ, ਉਹਨਾਂ ਦੇ ਸਪੁੱਤਰ ਬਰਜਿੰਦਰਪਾਲ ਸਿੰਘ ਅਤੇ ਇਸ ਨਗਰ ਤੋਂ ਹੀ ਹਰਪ੍ਰੀਤ ਸਿੰਘ 30, 31 ਅਕਤੂਬਰ ਅਤੇ ਪਹਿਲੀ ਨਵੰਬਰ ਸਾਰਾ ਦਿਨ, ਸਾਰੀ ਰਾਤ ਚੱਲਣ ਵਾਲੇ ਗ਼ਦਰੀ ਬਾਬਿਆਂ ਦੇ ਮੇਲੇ ਲਈ ਦੇਸ਼ ਭਗਤ ਯਾਦਗਾਰ ਹਾਲ ਰਾਸ਼ਨ ਲੈ ਕੇ ਆਏ।

ਉਹਨਾਂ ਦੀ ਆਮਦ ਨੂੰ ਜੀ ਆਇਆਂ ਕਹਿੰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ



ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਦੇਖ-ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ ਅਤੇ ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਨੇ ਸ਼ਹੀਦਾਂ ਦੇ ਨਗਰ ਦੌਲਤਪੁਰ ਤੋਂ ਆਏ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਤਾਬਾਂ ਦੇ ਸੈੱਟ ਨਾਲ ਸਨਮਾਨ ਕੀਤਾ।

ਇਸ ਮੌਕੇ ਕਮੇਟੀ ਦੀ ਤਰਫ਼ੋਂ ਇਹਨਾਂ ਹਾਜ਼ਰ ਪ੍ਰਤੀਨਿਧਾਂ ਨੇ ਦੱਸਿਆ ਕਿ 'ਗ਼ਦਰੀ ਬਾਬਿਆਂ ਦਾ ਮੇਲਾ, ਲੋਕਾਂ ਦੁਆਰਾ, ਲੋਕਾਂ ਲਈ ਮੇਲਾ' ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾ ਗ਼ਦਰੀ ਬਾਬਿਆਂ, ਬੱਬਰ ਅਕਾਲੀਆਂ, ਸਮੂਹ ਦੇਸ਼ ਭਗਤਾਂ ਦੇ ਪਿੰਡਾਂ ਅਤੇ ਜਨਤਕ ਜੱਥੇਬੰਦੀਆਂ ਵੱਲੋਂ ਭਰਵਾਂ ਹੁੰਗਾਰਾ ਭਰਦਿਆਂ ਰਾਸ਼ਨ, ਰਾਸ਼ੀ ਅਤੇ ਮੇਲੇ ਦੇ ਦਿਨਾਂ 'ਚ ਚਾਹ ਲਈ ਦੁੱਧ ਆਦਿ ਦੀਆਂ ਸੇਵਾਵਾਂ ਦੀ ਪੂਰਤੀ ਲਈ ਉਤਸ਼ਾਹਜਨਕ ਹੁੰਗਾਰਾ ਮਿਲ ਰਿਹਾ ਹੈ।

ਰਾਸ਼ਨ ਲੈ ਕੇ ਆਏ ਵਫ਼ਦ ਦੀ ਅਗਵਾਈ ਕਰ ਰਹੇ ਚਰਨਜੀਤ ਸਿੰਘ ਦੌਲਤਪੁਰ ਨੇ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਦੇਸ਼ ਭਗਤ ਯਾਦਗਾਰ ਕਮੇਟੀ, ਆਜ਼ਾਦੀ ਸੰਗਰਾਮ ਦੇ ਅਣਗੌਲੇ, ਅਣਮੁੱਲੇ ਇਤਿਹਾਸ ਨੂੰ ਵਰਤਮਾਨ ਚੁਣੌਤੀਆਂ ਦੇ ਦੌਰ 'ਚ ਸਾਹਮਣੇ ਲਿਆਉਣ ਲਈ ਜੋ ਮੇਲਾ ਲਾਉਣ ਦਾ ਉੱਦਮ ਕਰ ਰਹੀ ਹੈ। ਉਹਨਾਂ ਦੱਸਿਆ ਕਿ ਪਿੰਡ ਦੌਲਤਪੁਰ ਹੁੰਮ ਹੁੰਮਾ ਕੇ ਮੇਲੇ 'ਚ ਸ਼ਾਮਲ ਹੋਏਗਾ।

# ਸਭ ਰੰਗ ਸਾਹਿਤ ਸਭ ਗੁਰਦਾਸਪੁਰ ਵੱਲੋਂ ਪੁਸਤਕ ਵਿਮੋਚਨ ਤੇ ਤ੍ਰੈ-ਭਾਸ਼ੀ ਕਵੀ ਦਰਬਾਰ



ਸਭ ਰੰਗ ਸਾਹਿਤ ਸਭਾ ਗੁਰਦਾਸਪੁਰ ਵੱਲੋਂ ਲੇਖਕ ਇੰਦਰਜੀਤ ਸਿੰਘ ਜੋਧਕਾ ਦੀ ਪੁਸਤਕ ਮੇਰੀ ਆਸਟ੍ਰੇਲੀਆ ਯਾਤਰਾ' ਦਾ ਸ਼ੁਭ ਮੰਗਲ ਦਰਸ਼ਨ (ਵਿਮੋਚਨ) ਅਤੇ ਤ੍ਰੈ-ਭਾਸ਼ੀ ਕਵੀ ਦਰਬਾਰ ਫੂਡ ਪਲਾਨਿਟ ਹੋਟਲ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਲੇਖਕ ਬਲਵਿੰਦਰ ਬਾਲਮ, ਬਿਸ਼ਨ ਦਾਸ, ਰਾਜ ਗੁਰਦਾਸਪੁਰੀ, ਮਨਮੋਹਨ ਧਕਾਲਵੀ, ਹਰਭਜਨ ਬਾਜਵਾ, ਹਰਬੰਸ ਸਿੰਘ ਕੰਵਲ, ਮੁਹੰਮਦ ਅਕਰਮ ਵੜੈਚ, ਮੁਹੰਮਦ ਨਸੀਬ ਖਾਨ, ਡਾ. ਕੇਵਲ ਕ੍ਰਿਸ਼ਨ, ਅਨਿਲ ਪਠਾਨਕੋਟੀ, ਰਣਬੀਰ ਆਕਾਸ਼ ਤੇ ਗੁਰਪ੍ਰੀਤ ਸਿੰਘ ਡਾਲਾ ਨੇ ਕੀਤੀ। ਮੁੱਖ ਮਹਿਮਾਨ ਵਜੋਂ ਸ, ਆਗਿਆਪਾਲ ਸਿੰਘ ਰੰਧਾਵਾ ਫਾਰਮਰ ਐਗਜੀਕਿਊਟਿਵ ਦੂਰਦਰਸ਼ਨ, ਮੁਹੰਮਦ ਇਮਤਿਆਜ਼ ਆਕਾਸ਼ਵਾਣੀ ਸ਼ਾਮਿਲ ਹੋਏ।

ਮੁੱਖ ਮਹਿਮਾਨ ਦੀ ਭੂਮਿਕਾ ਪਹਿਲਵਾਨ ਗੁਰਮੇਲ ਸਿੰਘ ਨੇ ਨਿਭਾਈ। ਸ਼ੁਰੂਆਤ ਵਿਚ ਸਭਨਾਂ ਨੂੰ ਜੀ ਆਇਆਂ ਕਹਿਣ ਤੋਂ ਬਾਅਦ ਮਹਿਮਾਨਾਂ ਨੇ ਸ਼ਮ੍ਹਾ ਰੌਸ਼ਨ ਦੀ ਰਸਮ ਅਦਾ ਕੀਤੀ। ਸਮਾਗਮ ਦਾ ਆਗਾਜ਼ ਪ੍ਰਸਿੱਧ ਗੀਤਕਾਰ ਨਿਰਮਲ ਸਿੰਘ ਧਾਰੀਵਾਲ ਅਤੇ ਗਾਇਕ ਮੰਗਲਦੀਪ ਦੇ ਗੀਤ ਨਾਲ ਕੀਤਾ ਗਿਆ। ਇਸ ਪੁਸਤਕ ਉਪਰ ਖੋਜ ਪੂਰਵਕ ਪੇਪਰ ਡਾ. ਰਮਾ ਗੰਡੋਤਰਾ, ਡਾ. ਸੁਖਵਿੰਦਰ ਕੌਰ ਅਤੇ ਪ੍ਰੋ. ਪੁਨੀਤਾ ਸਹਿਗਲ ਨੇ ਪੜ੍ਹੇ। ਵੱਖ-ਵੱਖ ਲੇਖਕਾਂ ਨੇ ਮੌਕੇ ਤੇ ਬੋਲਦੇ ਹੋਏ ਕਿਹਾ ਲੇਖਕ ਇੰਦਰਜੀਤ ਸਿੰਘ ਜੋਧਕਾ ਦੀ ਪੁਸਤਕ ਇਕ ਯਾਦਗਾਰੀ ਪੁਸਤਕ ਹੈ। ਜਿਸ 'ਚੋਂ ਆਸਟ੍ਰੇਲੀਆ ਵੇਖਿਆ ਜਾ ਸਕਦਾ ਹੈ। ਪੁਸਤਕ ਵਿਚ ਮਨੋਰੰਜਨ ਦੇ ਨਾਲ ਨਾਲ ਆਨੰਦਮਈ ਦ੍ਰਿਸ਼ਟੀ ਕੋਣ ਵੀ ਨਜ਼ਰ ਆਉਂਦਾ ਹੈ। ਇਸ ਗਿਆਨ ਵਰਧਕ ਪੁਸਤਕ ਵਿਚ ਆਸਟ੍ਰੇਲੀਆ ਦੀ ਭੌਤਿਕ, ਦੈਹਿਕ, ਵੈਦਿਕ, ਸਾਮਾਜਿਕ, ਅਰਥਿਕ, ਭੂਗੋਲਿਕ, ਭੂੰ-ਮੰਡਲੀਕਰਣ ਦੀਆਂ ਸਭ ਕਿਰਿਆਵਾਂ ਨੂੰ ਸੁਚੱਜੇ ਢੰਗ ਨਾਲ ਉਜਾਗਰ ਕੀਤਾ ਹੈ। ਇਸ 'ਚੋਂ ਸਾਕਰ-ਾਤਮਿਕ ਊਰਜਾ ਮਿਲਦੀ ਹੈ। ਇਹ ਪੁਸਤਕ ਪੜ੍ਹਣਯੋਗ ਹੈ। ਤ੍ਰੈਭਾਸ਼ੀ ਕਵੀ ਦਰਬਾਰ ਵਿਚ ਬਲਵਿੰਦਰ ਬਾਲਮ, ਜੇਪੀ ਖਰਲਾਂ ਵਾਲਾ, ਬਿਸ਼ਨਦਾਸ, ਰਾਜ ਗੁਰਦਾਸਪੁਰੀ, ਮਨਮੋਹਨ ਧਕਾਲਵੀ, ਹਰਬੰਸ ਸਿੰਘ, ਡਾ. ਕੇਵਲ ਕ੍ਰਿਸ਼ਨ, , ਨਿਰਮਲ ਸਿੰਘ, ਰਣਬੀਰ ਆਕਾਸ਼, ਯਸ਼ਪਾਲ ਮਿਤਵਾ, ਪ੍ਰੀਤਮ ਸਰਪੰਚ, ਰਵੀ ਕੁਮਾਰ ਮੰਗਲਾ, ਕਸ਼ਮੀਰ ਬੱਬਰੀ, ਸਰਬਜੀਤ ਚਾਹਲ, ਜਸਵੰਤ ਹਾਂਸ, ਮੰਗਲਦੀਪ,ਰਾਜਪਾਲ, ਡਾ.ਰਮੇਸ਼ ਭਾਰਦਵਾਜ, ਪੂਰਨ ਚੰਦ ਹਿਮਾਚਲ, ਸ਼ੰਕਰ ਦਾਸ ਹਿਮਾਚਲ, ਗਾਇਕ ਜੀਤਾ ਪਵਾਰ, ਹਰਿੰਦਰ ਸਿੰਘ ਗੋਰਾਇਆ, ਰਿਸ਼ੀ ਭੋਗਲ ਤੇ ਵਿਜੇ ਤਾਲਿਬ ਨੇ ਭਾਗ ਲਿਆ। ਇਸ ਸਮਾਗਮ ਦਾ ਮੰਚ ਸੰਚਾਲਨ ਪ੍ਰਸਿੱਧ ਸਹਿਤਕਾਰ ਬਲਵਿੰਦਰ ਬਾਲਮ ਨੇ ਕੀਤਾ।

**ਰਿਪੋਰਟ – ਬਲਵਿੰਦਰ ਬਾਲਮ ਗੁਰਦਾਸਪੁਰ, 91-98156-25409**

# 70 ਸਾਲਾ ਤਪਿੰਦਰ ਸਿੰਘ ਸਾਊਥ ਔਕਲੈਂਡ ਮਾਸਟਰਜ਼ ਗੇਮਜ਼ ਵਿਚ ਵੀ ਜਿੱਤੇ 8 ਤਮਗੇ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** 'ਸਾਊਥ ਆਈਲੈਂਡ ਮਾਸਟਰਜ਼ ਗੇਮਜ਼' ਜੋ ਕਿ ਬਲਿਨਹੇਮ (ਮਾਰਲਬੌਰੋ) ਵਿਖੇ 10 ਅਕਤੂਬਰ ਤੋਂ 23 ਅਕਤੂਬਰ ਤੱਕ ਹੋ ਰਹੀਆਂ ਹਨ, ਦੇ ਵਿਚ ਔਕਲੈਂਡ ਤੋਂ ਇਕੋ-ਇਕ ਸਰਦਾਰ ਜੀ ਸ. ਤਪਿੰਦਰ ਸਿੰਘ (70) ਹੋਰੀਂ ਭਾਗ ਲੈਣ ਪਹੁੰਚੇ। ਉਨ੍ਹਾਂ ਨੇ 4 ਸੋਨੇ ਦੇ ਅਤੇ 4 ਚਾਂਦੀ ਦੇ ਤਮਗੇ ਜਿੱਤ ਕੇ ਨਾਰਥ ਆਈਲੈਂਡ ਵਾਲਿਆਂ ਦਾ ਮਾਣ ਵਧਾਇਆ। ਉਨ੍ਹਾਂ ਨੇ ਹਾਈ ਜੰਪ, ਜੈਵਲਿਨ, 100 ਮੀਟਰ ਦੌੜ, ਲੌਂਗ ਜੰਪ, ਹੈਮਰ ਥ੍ਰੋਅ, ਸ਼ਾਟਪੁੱਟ, ਡਿਸਕਸ ਥ੍ਰੋਅ ਅਤੇ ਟ੍ਰਿਪਲ ਜੰਪ ਵਿਚ ਭਾਗ ਲਿਆ। ਇਸ ਤੋਂ ਪਹਿਲਾਂ ਪਿਛਲੇ ਹਫਤੇ ਹੀ ਉਨਾਂ 19ਵੀਂਆਂ 'ਆਸਟਰੇਲੀਅਨ ਮਾਸਟਰਜ਼ ਗੇਮਜ਼' ਜੋ ਕਿ ਐਡੀਲੇਡ ਵਿਖੇ 6 ਅਕਤੂਬਰ ਤੋਂ 14 ਅਕਤੂਬਰ ਤੱਕ ਹੋਈਆਂ, ਦੇ ਵਿਚ ਦੋ ਕਾਂਸੀ ਦੇ ਤਮਗੇ ਅਤੇ ਇਕ ਚਾਂਦਾ ਦਾ ਤਮਗਾ ਜਿੱਤ ਕੇ ਨਿਊਜ਼ੀਲੈਂਡ ਵਾਸੀਆਂ ਦਾ ਮਾਣ ਵਧਾਇਆ ਸੀ। ਸ. ਤਪਿੰਦਰ ਸਿੰਘ ਹੋਰਾਂ ਨੂੰ ਬਹੁਤ ਬਹੁਤ ਵਧਾਈ ਹੋਵੇ। ਉਨ੍ਹਾਂ ਦੇ ਆਸਟਰੇਲੀਆ ਵਿਖੇ ਹਲਕੀ ਸੱਟ ਵੀ ਲੱਗ ਗਈ ਸੀ, ਪਰ ਉਨ੍ਹਾਂ ਸਾਊਥ ਆਈਲੈਂਡ ਵਾਲੀਆਂ ਖੇਡਾਂ ਦੇ ਵਿਚ ਜਾਣਾਨ ਹੀਂ ਛੱਡਿਆ ਅਤੇ 8 ਤਮਗੇ ਜਿੱਤ ਕੇ ਬਹੁ ਕੌਮੀ ਇਸ ਮੁਲਕ ਦੇ ਵਿਚ ਸਿੱਖ ਸਰਦਾਰਾਂ ਦੀ ਵੀ ਹਾਜ਼ਰੀ ਲਗਵਾਈ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਨੈਸ਼ਨਲ ਪਾਰਟੀ ਵੱਲੋਂ ਸਹਿਯੋਗੀ ਪਾਰਟੀ ਦੇ ਨਾਲ ਰਲ ਕੇ ਸਰਕਾਰ ਬਨਾਉਣ ਦੇ ਸਮਰੱਥ ਹੋਈ

## ਨੈਸ਼ਨਲ ਪਾਰਟੀ ਨੇਤਾ ਸ੍ਰੀ ਕ੍ਰਿਸ ਲਕਸਨ ਹੋਣਗੇ ਪ੍ਰਧਾਨ ਮੰਤਰੀ








**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੀ 54ਵੀਂ ਸੰਸਦ ਦੀ ਰਚਨਾ ਕਰਨ ਦੇ ਲਈ ਆਮ ਚੋਣਾਂ ਜੋ ਕਿ ਹਰ ਤਿੰਨ ਸਾਲ ਬਾਅਦ ਹੁੰਦੀਆਂ ਹਨ, ਦੀਆਂ ਵੋਟਾਂ 2 ਅਕਤੂਬਰ ਤੋਂ 14 ਅਕਤੂਬਰ ਤੱਕ ਪਈਆਂ। ਅੱਜ ਆਖਰੀ ਦਿਨ ਹੋਣ ਕਰਕੇ ਵੋਟਾਂ ਦਾ ਕੰਮ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ 2300 ਤੋਂ ਵੱਧ ਵੋਟਿੰਗ ਸੈਂਟਰਾਂ ਵਿਚ ਹੋਇਆ। ਕੁੱਲ 120 ਸੰਸਦ ਮੈਂਬਰ ਚੁਣੇ ਜਾਂਦੇ ਹਨ ਜਿਨ੍ਹਾਂ ਵਿਚੋਂ 65 ਜਨਰਲ ਚੋਣ ਹਲਕਿਆਂ ਰਾਹੀਂ, 7 ਮਾਓਰੀ ਚੋਣ ਹਲਕਿਆਂ ਰਾਹੀਂ ਅਤੇ ਬਾਕੀ ਦੇ ਪਾਰਟੀ ਵੋਟ ਦੀ ਹਿੱਸੇਦਾਰੀ ਅਤੇ ਜੇਤੂ ਸੀਟਾਂ ਦੇ ਅਨੁਪਾਤ ਰਾਹੀਂ ਚੁਣੇ ਜਾਂਦੇ ਹਨ। ਇਸ ਵਾਰ ਪੋਰਟ ਵਾਇਕਾਟੋ ਦੇ ਇਕ ਉਮੀਦਵਾਰ ਦੀ ਮੌਤ ਹੋ ਜਾਣ ਕਰਕੇ ਇਥੇ ਸਿਰਫ ਪਾਰਟੀ ਵੋਟ ਹੀ ਪਾਈ ਗਈ ਅਤੇ ਅਗਲੀ ਜ਼ਿਮਨੀ ਚੋਣ 25 ਨਵੰਬਰ ਨੂੰ ਹੋਵੇਗੀ। ਇਸ ਦੇ ਚਲਦਿਆਂ ਹੁਣ 121 ਸੀਟਾਂ ਬਣ ਗਈਆਂ ਹਨ। ਅੱਜ ਜਿਹੜੇ ਲੋਕ ਸ਼ਾਮ 7 ਵਜੇ ਲਾਈਨ ਵਿਚ ਸਨ, ਉਨ੍ਹਾਂ ਦੀ ਵੋਟ ਸ਼ਾਮ 7 ਤੋਂ ਬਾਅਦ ਵੀ ਲਈ ਗਈ। ਵਰਨਣਯੋਗ ਹੈ ਕਿ ਇਨ੍ਹਾਂ 13 ਦਿਨਾਂ ਦੌਰਾਨ ਕੋਈ ਸ਼ੋਰ-ਸ਼ਰਾਬਾ ਨਹੀਂ ਹੋਇਆ। ਬੀਤੀ ਅੱਧੀ ਰਾਤ ਇਸ਼ਤਿਹਾਰੀ ਬੋਰਡ ਲਾਹ ਕੇ ਸਾਰੀਆਂ ਥਾਵਾਂ, ਕੰਧਾ ਅਤੇ ਫੈਂਸਾਂ ਸਾਫ ਕਰ ਦਿੱਤੀਆਂ ਗਈਆਂ। ਅੱਜ ਦੇ ਦਿਨ ਕੋਈ ਵੀ ਉਮੀਦਵਾਰ ਵੋਟਾਂ ਦੀ ਮੰਗ ਕਰਦਾ ਨਜ਼ਰ ਨਹੀਂ ਆਇਆ ਅਤੇ ਲੋਕਾਂ ਨੇ ਬਿਨਾਂ ਕਿਸੇ ਦਬਾਅ ਦੇ ਵੋਟਾਂ ਪਾਉਣ ਦਾ ਕੰਮ ਅਮਨ-ਅਮਾਨ ਨਾਲ ਕਰ ਦਿੱਤਾ। ਸ਼ਾਮ 7 ਵਜੇ ਵੋਟਾਂ ਪੈਣ ਦਾ ਕੰਮ ਖਤਮ ਹੋਇਆ ਤਾਂ ਉਸੇ ਵੇਲੇ ਵੋਟਾਂ ਦੀ ਗਿਣਤੀ ਦਾ ਕੰਮ ਸ਼ੁਰੂ ਹੋ ਗਿਆ। ਸਰਕਾਰੀ ਤੌਰ ਉਤੇ ਨਤੀਜੇ 3 ਨਵੰਬਰ ਨੂੰ ਜਾਰੀ ਕੀਤੇ ਜਾਣੇ ਹਨ। ਇਸ ਵਾਰ 35 ਲੱਖ ਦੇ ਕਰੀਬ ਵੋਟਰ ਸਨ ਪਰ 23 ਲੱਖ ਦੇ ਕਰੀਬ ਵੋਟਰਾਂ ਨੇ ਵੋਟਾਂ ਪਾਈਆਂ। ਵਰਨਣਯੋਗ ਹੈ ਕਿ ਪਿਛਲੀਆਂ ਚੋਣਾਂ ਵਿਚ 29 ਲੱਖ 19 ਹਜ਼ਾਰ 086 ਲੋਕਾਂ ਨੇ ਵੋਟਾਂ ਪਾਈਆਂ ਸਨ। ਕਈ ਥਾਵਾਂ ਉਤੇ ਸਿੱਧੀ ਵੋਟ ਪਾਉਣ ਦਾ ਮੌਕਾ ਨਾ ਮਿਲਣ ਕਰਕੇ ਸਪੈਸ਼ਲ ਵੋਟਾਂ ਵੀ ਪਈਆਂ ਜਿਨ੍ਹਾਂ ਦੀ ਗਿਣਤੀ 5 ਲੱਖ ਤੱਕ ਹੋ ਸਕਦੀ ਹੈ ਅਤੇ ਇਹ ਵੋਟਾਂ ਬਾਅਦ ਵਿਚ 3 ਨਵੰਬਰ ਤੱਕ ਗਿਣੀਆਂ ਜਾਣਗੀਆਂ। ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਕ੍ਰਿਸ ਹਿਪਕਿਨਸ ਆਪਣੇ ਹਲਕੇ ਰੇਮੂਟਾਕਾ ਤੋਂ ਚੋਣ ਜਿੱਤ ਗਏ ਹਨ।

**ਭਾਰਤੀਆਂ ਦੀ ਸ਼ਮੂਲੀਅਤ:**

ਬੋਟਨੀ ਹਲਕਾ: ਨੈਸ਼ਨਲ ਪਾਰਟੀ ਦੇ ਨੇਤਾ ਅਤੇ ਪ੍ਰਧਾਨ ਮੰਤਰੀ ਪਦ ਲਈ ਉਮੀਦਵਾਰ ਸ੍ਰੀ ਕ੍ਰਿਸ ਲਕਸਨ ਇਸ ਹਲਕੇ ਤੋਂ ਵੱਡੇ ਫਰਕ 13571 ਦੇ ਨਾਲ ਚੋਣ ਜਿੱਤ ਗਏ ਹਨ। ਉਨ੍ਹਾਂ ਦੇ ਮੁਕਾਬਲੇ ਲੇਬਰ ਪਾਰਟੀ ਵੱਲੋਂ ਪਹਿਲੀ ਵਾਰ ਉਮੀਦਵਾਰ ਬਣਾਏ ਗਏ ਇਕ ਪਗੜੀਧਾਰੀ ਸਿੱਖ ਸ. ਖੜਗ ਸਿੰਘ ਚੋਣ ਹਾਰ ਗਏ ਹਨ। ਸ. ਖੜਗ ਸਿੰਘ ਹੋਰਾਂ ਨੂੰ 6249 ਵੋਟਾਂ ਪਈਆਂ ਜਦ ਕਿ ਸ. ਖੜਗ ਸਿੰਘ ਹੋਰਾਂ ਨੂੰ ਲੇਬਰ ਪਾਰਟੀ ਵੱਲੋਂ ਲਿਸਟ ਐਮ. ਪੀ. ਲਈ 66ਵੇਂ ਨੰਬਰ ਉਤੇ ਰੱਖਿਆ ਗਿਆ ਸੀ।

**ਬੋਟਨੀ ਹਲਕੇ ਦਾ ਜੇਤੂ ਬਣੇਗਾ ਪ੍ਰਧਾਨ ਮੰਤਰੀ:** ਪੰਜਾਬੀ ਉਮੀਦਵਾਰ ਸ. ਖੜਗ ਸਿੰਘ ਨੂੰ ਹਰਾ ਕੇ ਨੈਸ਼ਨਲ ਪਾਰਟੀ ਦੇ ਨੇਤਾ ਸ੍ਰੀ ਕ੍ਰਿਸ ਲਕਸਨ ਜਿੱਥੇ ਸਾਂਸਦ ਬਣੇ ਹਨ ਉਥੇ ਦੇਸ਼ ਦੇ ਪ੍ਰਧਾਨ ਮੰਤਰੀ ਬਨਣ ਦੀ ਕਤਾਰ ਵਿਚ ਸਭ ਤੋਂ ਮੂਹਰੇ ਹਨ। ਇਸ ਵਾਰ ਸ੍ਰੀ ਕ੍ਰਿਸ ਲਕਸਨ ਨੂੰ 19,820 ਵੋਟਾਂ ਪਈਆਂ ਜਦ ਕਿ ਪਿਛਲੀਆਂ 2020 ਦੀਆਂ ਚੋਣਾਂ ਵਿਚ 19,017 ਵੋਟਾਂ ਪਈਆਂ ਸਨ ਅਤੇ ਲੇਬਰ ਪਾਰਟੀ ਦੀ ਨੌਜਵਾਨ ਕੁੜੀ ਚੇਨ ਨਾਇਸੀ ਨੂੰ 15,018 ਵੋਟਾਂ ਪਈਆਂ ਸਨ। ਇਸ ਵਾਰ ਚੇਨ ਨਾਇਸੀ ਈਸਟ ਕੋਸਟ ਬੇਅਜ਼ ਤੋਂ ਚੋਣ ਲੜੀ ਸੀ ਅਤੇ ਉਸਨੂੰ ਨੈਸ਼ਨਲ ਪਾਰਟੀ ਦੀ ਐਰਿਕਾ ਸਟੈਂਡਫੋਰਡ ਨੇ 16,548 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਹੈ। ਅਤੇ ਇਸ ਨੂੰ ਸਿਰਫ 5568 ਵੋਟਾਂ ਪਈਆਂ।

ਸ੍ਰੀ ਕ੍ਰਿਸ ਲਕਸਨ ਇਸ ਵੇਲੇ 53 ਸਾਲਾਂ ਦੇ ਹਨ ਅਤੇ ਇਸ ਤੋਂ ਪਹਿਲਾਂ ਉਹ ਏਅਰ ਨਿਊਜ਼ੀਲੈਂਡ ਦੇ ਚੀਫ ਐਗਜ਼ੀਕਿਊਟਿਵ (2012 ਤੋਂ 2019) ਰਹੇ ਹਨ। 2021 ਦੇ ਵਿਚ ਉਹ ਨੈਸ਼ਨਲ ਪਾਰਟੀ ਦੇ ਨੇਤਾ ਚੁਣੇ ਗਏ ਸਨ। ਉਹ ਕ੍ਰਾਈਸਟਚਰਚ ਵਿਚ ਜਨਮੇ ਸਨ ਪਰ ਹੌਵਿਕ (ਔਕਲੈਂਡ) ਵਿਖੇ ਵੱਡੇ ਹੋਏ ਹਨ। ਕੋਕਲਬੇਅ ਪ੍ਰਾਇਮਰੀ ਸਕੂਲ ਅਤੇ ਹੌਵਿਕ ਕਾਲਜ ਵਿਚ ਪੜ੍ਹਾਈ ਕੀਤੀ। ਇਥ ਹੀ ਉਨ੍ਹਾਂ ਦਾ ਮਿਲਾਪ ਉਨ੍ਹਾਂ ਦੀ ਭਵਿੱਖ ਦੀ ਪਤਨੀ ਅਮਾਂਡਾ ਨਾਲ ਹੋ ਜਾਂਦਾ ਹੈ। ਉਨ੍ਹਾਂ ਨੇ ਉਚ ਪੜ੍ਹਾਈ ਮੁੜ ਕ੍ਰਾਈਸਟਚਰਚ ਜਾ ਕੇ ਬੈਚਲਰ ਅਤੇ ਮਾਸਟਰ ਕਾਮਰਸ (ਬਿਜਨਸ ਅਡਮਨਿਸਟ੍ਰੇਸ਼ਨ) ਵਿਚ ਕੀਤੀ। 18 ਕੁ ਸਾਲ ਦੀ ਉਮਰ ਵਿਚ ਹੀ ਉਨ੍ਹਾਂ ਮਲਟੀਨੈਸ਼ਨਲ ਕੰਪਨੀ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਪੜ੍ਹਾਈ ਦੌਰਾਨ ਉਨ੍ਹਾਂ ਮੈਕਡੋਨਲ ਉਤੇ ਵੀ ਕੰਮ ਕੀਤਾ ਅਤੇ ਇਕ ਹੋਟਲ ਦੇ ਵਿਚ ਵੀ ਕੰਮ ਕੀਤਾ ਜਿੱਥੇ ਮਹਿਮਾਨਾਂ ਦਾ ਆਓ ਭਗਤ ਵੇਲੇ ਸਮਾਨ ਅੰਦਰ ਲਿਜਾਇਆ ਜਾਂਦਾ ਹੈ ਅਤੇ ਵਿਦਾਇਦੀ ਵੇਲੇ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਸਿਡਨੀ, ਲੰਡਨ, ਸ਼ਿਕਾਗੋ ਅਤੇ ਟੋਰਾਂਟੋ ਵੀ ਕੰਮ ਕੀਤਾ ਅਤੇ ਇਥੇ ਇਕ ਕੰਪਨੀ ਦੇ ਪ੍ਰਧਾਨ ਅਤੇ ਸੀ.ਈ.ਓ ਬਣੇ। 2011 ਦੇ ਵਿਚ ਉਹ ਏਅਰ ਨਿਊਜ਼ੀਲੈਂਡ ਦੇ ਮੈਨੇਜਰ ਅਤੇ ਫਿਰ 19 ਜੂਨ 2012 ਨੂੰ ਸੀ.ਈ.ਓ ਬਣੇ। ਇਨ੍ਹਾਂ ਦੇ ਇਕ ਪੁੱਤਰ ਅਤੇ ਇਕ ਪੁੱਤਰੀ ਹੈ। ਨੈਸ਼ਨਲ ਪਾਰਟੀ ਦੇ ਕੋਲ 50 ਸੀਟਾਂ ਹਨ ਅਤੇ ਭਾਈਵਾਲ ਪਾਰਟੀ ਦੀਆਂ 12 ਸੀਟਾਂ ਹੋਣ ਕਰਕੇ ਬਹੁਮਤ ਬਣ ਸਕਦਾ ਹੈ।

ਪੈਨਮਿਊਰ-ਉਟਾਹੂਹੂ:ਨੈਸ਼ਨਲ ਪਾਰਟੀ ਵੱਲੋਂ ਇਥੇ ਪੰਜਾਬੀ ਮੂਲ ਦੇ ਸ. ਨਵਤੇਜ ਸਿੰਘ ਰੰਧਾਵਾ ਲੇਬਰ ਪਾਰਟੀ ਦੀ ਉਮੀਦਵਾਰ ਜੈਨੀ ਸਾਲੇਸਾ ਦੇ ਵਿਚਕਾਰ ਮੁੱਖ ਮੁਕਾਬਲਾ ਸੀ। ਨਵਤੇਜ ਰੰਧਾਵਾ ਨੂੰ 4736 ਵੋਟਾਂ ਪਈਆਂ ਜਦ ਕਿ ਜੈਨੀ ਸਾਲੇਸੀ ਨੂੰ 10232 ਵੋਟਾਂ ਪਈਆਂ। ਇਸ ਵਾਰ ਫਿਰ ਜੈਨੀ ਸਾਲੇਸਾ ਫਿਰ ਵੱਡੇ ਫਰਕ ਦੇ ਨਾਲ ਚੋਣ ਜਿੱਤ ਗਈ ਗਈ ਹੈ। ਪਿਛਲੀ ਵਾਰ ਉਸਨੂੰ 22,818 ਵੋਟਾਂ ਪਈਆਂ ਸਨ ਅਤੇ ਉਨ੍ਹਾਂ ਦੇ ਮੁਕਾਬਲੇ ਸ. ਕੰਵਲਜੀਤ ਸਿੰਘ ਬਖਸ਼ੀ ਹੋਰਾਂ ਨੂੰ 4192 ਵੋਟਾਂ ਪਈਆਂ ਸਨ। ਸ. ਨਵਤੇਜ ਸਿੰਘ ਰੰਧਾਵਾ ਹੋਰਾਂ ਨੂੰ ਨੈਸ਼ਨਲ ਪਾਰਟੀ ਲਿਸਟ ਦੇ ਵਿਚ 46ਵੇਂ ਸਥਾਨ ਉਤੇ ਰੱਖਿਆ ਗਿਆ ਸੀ।

ਮੈਨੁਰੇਵਾ: ਭਾਰਤੀ ਮੂਲ ਦੇ ਸਿਵਾ ਕਿਲਾਰੀ ਨੂੰ ਨੈਸ਼ਨਲ ਪਾਰਟੀ ਵੱਲੋਂ 30ਵੇਂ ਸਥਾਨ ਉਤੇ ਰੱਖਿਆ ਗਿਆ ਸੀ। ਇਨ੍ਹਾਂ ਨੂੰ ਸਿਰਫ 6188 ਵੋਟਾਂ ਪਈਆਂ ਅਤੇ ਇਥੋਂ ਲੇਬਰ ਪਾਰਟੀ ਦੀ ਵਿਲੀਅਮ ਅਰੀਨਾ 5209 ਵੋਟਾਂ ਦੇ ਫਰਕ ਨਾਲ ਚੋਣ ਜਿੱਤ ਗਏ ਹਨ।

ਪਾਕੁਰੰਗਾ: ਡਾ. ਪਰਮਜੀਤ ਕੌਰ ਪਰਮਾਰ ਹੋਰਾਂ ਨੂੰ ਐਕਟ ਪਾਰਟੀ ਲਿਸਟ ਦੇ ਵਿਚ 9ਵੇਂ ਸਥਾਨ ਉਤੇ ਰੱਖਿਆ ਗਿਆ ਸੀ ਅਤੇ ਉਨ੍ਹਾਂ ਨੇ ਪਾਕੁਰੰਗਾ ਹਲਕੇ ਤੋਂ ਚੋਣ ਲੜੀ ਪਰ ਸਿਰਫ 992 ਵੋਟਾਂ ਹੀ ਪ੍ਰਾਪਤ ਕਰ ਸਕੇ ਅਤੇ ਤੀਜੇ ਨੰਬਰ ਉਤੇ ਰਹੇ।

ਮਾਊਂਟ ਰੌਸਕਿਲ: ਰਾਹੁਲ ਚੋਪੜਾ ਹੋਰਾਂ ਨੂੰ ਐਕਟ ਪਾਰਟੀ ਲਿਸਟ ਦੇ ਵਿਚ 26ਵੇਂ ਸਥਾਨ ਉਤੇ ਰੱਖਿਆ ਗਿਆ ਸੀ। ਉਹ ਵੀ ਆਪਣੀ ਚੋਣ ਹਾਰ ਗਏ ਹਨ। ਇਨ੍ਹਾਂ ਨੂੰ ਸਿਰਫ 1584 ਵੋਟਾਂ ਪਈਆਂ ਅਤੇ ਚੌਥੇ ਸਥਾਨ ਉਤੇ ਰਹੇ। ਇਸ ਹਲਕੇ ਤੋਂ ਪਿਛਲੀਆਂ ਚੋਣਾਂ ਵਿਚ ਡਾ. ਪਰਮਜੀਤ ਪਰਮਾਰ ਖੜ੍ਹੇ ਸਨ ਅਤੇ 9,197 ਵੋਟਾਂ ਹਾਸਿਲ ਕਰ ਗਏ ਸਨ। ਉਸ ਵੇਲੇ ਉਹ ਨੈਸ਼ਨਲ ਪਾਰਟੀ ਦੇ ਵਿਚ ਸਨ।

ਮਾਊਂਗਾਕੇਕੀ: ਇਥੋਂ ਭਾਰਤੀ ਮੂਲ ਦੀ ਪਹਿਲੀ ਮਹਿਲਾ ਮੰਤਰੀ ਪ੍ਰਿੰਅਕਾ ਰਾਧਾਕ੍ਰਿਸ਼ਨਨ ਖੜੇ ਸਨ ਅਤੇ ਉਹ ਇਸ ਵਾਰ ਚੋਣ ਨਹੀਂ ਜਿੱਤ ਸਕੇ। ਉਹ ਆਪਣੇ ਵਿਰੋਧੀ ਫਲੇਮਿੰਗ ਗ੍ਰੈਗ ਤੋਂ ਲਗਪਗ 3649 ਵੋਟਾਂ ਦੇ ਫਰਕ ਨਾਲ ਹਾਰ ਗਏ ਹਨ। ਲੇਬਰ ਪਾਰਟੀ ਦੇ ਵਿਚ ਉਨ੍ਹਾਂ ਦਾ ਲਿਸਟ ਐਮ.ਪੀ. ਵੱਜੋਂ 15ਵਾਂ ਨੰਬਰ ਹੈ।

ਪਿਛਲੀ ਵਾਰ ਉਹ 16,232 ਵੋਟਾਂ ਲੈ ਕੇ ਨੈਸ਼ਨਲ ਪਾਰਟੀ ਦੀ ਉਮੀਦਾਵਰ ਨੂੰ 635 ਵੋਟਾਂ ਦੇ ਫਰਕ ਨਾਲ ਹਰਾ ਗਏ ਸਨ। ਇਥੋਂ ਹੀ ਇਕ ਹੋਰ ਭਾਰਤੀ ਮੂਲ ਦੀ ਮਹਿਲਾ ਸਾਮੰਤ ਸਪਨਾ ਨੇ ਵੀ ਗ੍ਰੀਨ ਪਾਰਟੀ ਵੱਲੋਂ ਚੋਣ ਲੜੀ ਅਤੇ 1811 ਵੋਟਾਂ ਪ੍ਰਾਪਤ ਕੀਤੀਆਂ।

ਹਮਿਲਟਨ ਈਸਟ: ਇਥੇ ਐਕਟ ਪਾਰਟੀ ਵੱਲੋਂ ਭਾਰਤੀ ਮੂਲ ਦੇ ਹਿਮਾਂਸ਼ੂ ਪਰਮਾਰ ਖੜੇ ਸਨ। 1282 ਵੋਟਾਂ ਲੈ ਕੇ ਉਹ ਤੀਜੇ ਨੰਬਰ ਉਤੇ ਰਹੇ।

ਔਕਲੈਂਡ ਸੈਂਟਰਲ: ਇਥੇ ਨੈਸ਼ਨਲ ਪਾਰਟੀ ਵੱਲੋਂ ਸ੍ਰੀ ਮਹੇਸ਼ ਮੁਰਲੀਧਰ ਖੜ੍ਹੇ ਸਨ, ਜਿਨ੍ਹਾਂ ਨੂੰ ਗ੍ਰੀਨ ਪਾਰਟੀ ਦੇ ਸ੍ਰੀ ਸਵਾਰਬਰਿੱਕ ਚੋਲੇ ਨੇ 2074 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਹੈ।

ਪਾਲਮਰਸਟਨ ਨੌਰਥ: ਇਥੇ ਨੈਸ਼ਨਲ ਪਾਰਟੀ ਵੱਲੋਂ ਸ੍ਰੀ ਅੰਕਿਤ ਬਾਂਸਲ ਚੋਣ ਲੜੇ ਸਨ ਜੋ ਕਿ ਲੇਬਰ ਪਾਰਟੀ ਦੇ ਉਮੀਦਵਾਰ ਟਾਂਗੀ ਉਤੀਕੇਰੀ ਤੋਂ 2733 ਵੋਟਾਂ ਦੇ ਫਰਕ ਨਾਲ ਚੋਣ ਹਾਰ ਗਏ ਹਨ। ਇਹ 10,415 ਵੋਟਾਂ ਲੈਣ ਦੇ ਵਿਚ ਕਾਮਯਾਬ ਰਹੇ ਜੋ ਕਿ ਇਕ ਵੱਡੀ ਗਿਣਤੀ ਹੈ।

# ਨਿਊਜ਼ੀਲੈਂਡ ਚੋਣ ਨਤੀਜਿਆਂ ਬਾਅਦ ਦੋ ਭਾਰਤੀ ਬੀਬੀਆਂ ਦੀ ਸੰਸਦ ਵਿਚ ਦਸਤਕ ਲਗਭਗ ਪੱਕੀ

## ਡਾ. ਪਰਮਜੀਤ ਕੌਰ ਪਰਮਾਰ ਹਲਕਾ ਪਾਕੁਰੰਗਾ ਅਤੇ ਪ੍ਰਿਅੰਕਾ ਰਾਧਾਕ੍ਰਿਸ਼ਨਾ ਹਲਕਾ ਮਾਊਂਗਾਕੇਕੀ ਤੋਂ ਲਿਸਟ ਐਮ. ਪੀ. ਕੋਟੇ ਵਿਚ ਆਈਆਂ


ਡਾ. ਪਰਮਜੀਤ ਕੌਰ ਪਰਮਾਰ ਪ੍ਰਿਅੰਕਾ ਰਾਧਾਕ੍ਰਿਸ਼ਨਨ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੀ 54ਵੀਂ ਸੰਸਦ ਦੀ ਰਚਨਾ ਲਈ ਬੀਤੇ ਕੱਲ੍ਹ ਆਮ ਚੋਣਾਂ ਸੰਪਨ ਹੋਈਆਂ ਜਿਸ ਦੇ ਵਿਚ ਸਾਹਮਣੇ ਆਏ ਚੋਣ ਨਤੀਜਿਆਂ (ਰੁਝਾਨ) ਦੇ ਵਿਚ ਨੈਸ਼ਨਲ ਪਾਰਟੀ ਨੂੰ 45 ਸੀਟਾਂ ਚੋਣ ਜਿੱਤ ਰਾਹੀਂ ਅਤੇ 5 ਸੀਟਾਂ ਪਾਰਟੀ ਵੋਟ ਦੇ ਅਧਾਰ ਉਤੇ ਮਿਲੀਆਂ, ਲੇਬਰ ਪਾਰਟੀ ਨੂੰ 17 ਸੀਟਾਂ ਚੋਣ ਜਿੱਤ ਰਾਹੀਂ ਅਤੇ 17 ਸੀਟਾਂ ਪਾਰਟੀ ਵੋਟ ਦੇ ਅਧਾਰ ਉਤੇ, ਗ੍ਰੀਨ ਪਾਰਟੀ ਨੂੰ 3 ਸੀਟਾਂ ਚੋਣ ਜਿੱਤ ਕੇ ਅਤੇ 11 ਪਾਰਟੀ ਵੋਟ ਅਧਾਰ ਉਤੇ, ਐਕਟ ਪਾਰਟੀ ਨੂੰ 2 ਸੀਟਾਂ ਚੋਣ ਜਿੱਤ ਕੇ ਅਤੇ 9 ਸੀਟਾਂ ਪਾਰਟੀ ਵੋਟ ਅਧਾਰ ਉਤੇ, ਨਿਊਜ਼ੀਲੈਂਡ ਫਸਟ ਪਾਰਟੀ ਨੂੰ ਪਾਰਟੀ ਵੋਟ ਦੇ ਅਧਾਰ 8 ਸੀਟਾਂ ਅਤੇ ਟੀ ਮਾਓਰੀ ਨੂੰ 4 ਸੀਟਾਂ ਚੋਣ ਜਿੱਤ ਕੇ ਮਿਲੀਆਂ ਹਨ।

**ਦੋ ਭਾਰਤੀ ਬੀਬੀਆਂ ਦੀ ਦਸਤਕ**

ਹਲਕਾ ਪਾਕੁਰੰਗਾ ਤੋਂ ਐਕਟ ਪਾਰਟੀ ਦੀ ਤਰਫ ਤੋਂ ਪੰਜਾਬੀ ਮੂਲ ਦੇ ਡਾ. ਪਰਮਜੀਤ ਕੌਰ ਪਰਮਾਰ ਚੋਣ ਲੜੇ ਸਨ। ਇਥੇ ਐਕਟ ਪਾਰਟੀ ਮੁੱਖ ਤੌਰ ਉਤੇ ਚੋਣ ਅਧਾਰ ਦੀ ਥਾਂ ਪਾਰਟੀ ਵੋਟ ਦੀ ਮੰਗ ਕਰ ਰਹੀ ਸੀ ਅਤੇ ਇਸ ਕਰਕੇ ਇਥੇ ਵੋਟਾਂ ਪਾਉਣ ਦੀ ਥਾਂ ਪਾਰਟੀ ਵੋਟ ਦੀ ਜਿਆਦਾ ਮੰਗ ਕੀਤੀ ਗਈ ਸੀ, ਜਿਸ ਦੇ ਵਿਚ ਐਕਟ ਪਾਰਟੀ 3030 ਵੋਟਾਂ ਲੈਣ ਵਿਚ ਕਾਮਯਾਬ ਰਹੀ। ਡਾ. ਪਰਮਜੀਤ ਪਰਮਾਰ ਨੂੰ ਉਮੀਦਵਾਰ ਵਜੋਂ ਵੋਟਾਂ ਸਿਰਫ 992 ਹੀ ਪਈਆਂ ਪਰ ਪਾਰਟੀ ਰੈਂਕਿੰਗ ਦੇ ਵਿਚ ਪੱਧਰ 9 ਉਤੇ ਹੋਣ ਕਰਕੇ ਉਨ੍ਹਾਂ ਦਾ ਸੰਸਦ ਵਿਚ ਪਹੁੰਚਣਾ ਤੈਅ ਹੋ ਗਿਆ ਹੈ। ਇਥੋਂ ਨੈਸ਼ਨਲ ਪਾਰਟੀ ਦੇ ਸਾਇਮਨ ਬ੍ਰਾਉਨ 21215 ਵੋਟਾਂ ਲੈ ਕੇ ਜੇਤੂ ਰਹੇ ਅਤੇ ਡਾ. ਪਰਮਜੀਤ ਪਰਮਾਰ ਤੀਜੇ ਨੰਬਰ ਉਤੇ ਰਹੇ।

ਹਲਕਾ ਮਾਉਂਗਾਕੇਕੀ: ਇਥੋਂ ਭਾਰਤੀ ਮੂਲ ਦੀ ਪਹਿਲੀ ਮਹਿਲਾ ਏਥਨਿਕ ਮੰਤਰੀ ਬਣੀ, ਦੋ ਵਾਰ ਦੀ ਸੰਸਦ ਮੈਂਬਰ ਪ੍ਰਿੰਅਕਾ ਰਾਧਾਕ੍ਰਿਸ਼ਨਨ ਖੜੇ ਸਨ ਅਤੇ ਉਹ ਇਸ ਵਾਰ ਉਮੀਦਵਾਰ ਵਜੋਂ ਚੋਣ ਨਹੀਂ ਜਿੱਤ ਸਕੇ।

ਉਹ ਆਪਣੇ ਵਿਰੋਧੀ ਫਲੇਮਿੰਗ ਗ੍ਰੈਗ ਤੋਂ ਲਗਪਗ 3650 ਵੋਟਾਂ ਦੇ ਫਰਕ ਨਾਲ ਹਾਰ ਗਏ । ਇਨ੍ਹਾਂ ਨੂੰ 9114 ਵੋਟਾਂ ਅਤੇ 70098 ਪਾਰਟੀ ਵੋਟ ਪਈ। ਲੇਬਰ ਪਾਰਟੀ ਦੇ ਵਿਚ ਉਨ੍ਹਾਂ ਦਾ ਲਿਸਟ ਐਮ.ਪੀ. ਵੱਜੋਂ 15ਵਾਂ ਨੰਬਰ ਹੋਣ ਕਰਕੇ, ਪਾਰਟੀ ਵੋਟ ਦੇ ਅਧਾਰ ਉਤੇ ਉਨ੍ਹਾਂ ਦਾ ਸੰਸਦ ਦੇ ਵਿਚ ਪਹੁੰਚਣਾ ਤੈਅ ਹੋ ਚੁੱਕਾ ਹੈ।

ਇਸ ਤੋਂ ਇਲਾਵਾ 8-9 ਦੇ ਕਰੀਬ ਹੋਰ ਭਾਰਤੀ ਉਮੀਦਵਾਰ ਵੀ ਚੋਣ ਲੜ ਰਹੇ ਸਨ, ਪਰ ਕੋਈ ਵੀ ਚੋਣ ਜਿੱਤ ਕੇ ਜਾਂ ਵੋਟਾਂ ਦੇ ਅਧਾਰ ਉਤੇ ਸੰਸਦ ਦੇ ਵਿਚ ਪਹੁੰਚਦਾ ਮੁਸ਼ਕਿਲ ਜਾਪਦਾ ਹੈ। ਰਸਮੀ ਨਤੀਜੇ 3 ਨਵੰਬਰ ਨੂੰ ਆਉਣੇ ਹਨ ਅਤੇ ਫਿਰ ਨਵੀਂ ਸਰਕਾਰ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ। ਸੋ ਅਖੀਰ ਵਿਚ ਕਹਿ ਸਕਦੇ ਹਾਂ ਕਿ ਇਸ ਵਾਰ ਨਿਊਜ਼ੀਲੈਂਡ ਵਸਦੇ ਲਗਪਗ 4-5 ਲੱਖ ਭਾਰਤੀ ਲੋਕਾਂ ਦੀ ਨੁਮਾਇੰਦਗੀ ਸਿਰਫ ਦੋ ਬੀਬੀਆਂ ਦੇ ਹਿੱਸੇ ਹੀ ਆਵੇਗੀ। ਇਹ ਦੋਵੇਂ ਬੀਬੀਆਂ ਇਕ ਦੂਜੇ ਦੀ ਵਿਰੋਧੀ ਪਾਰਟੀ ਦੀਆਂ ਮੈਂਬਰ ਹਨ ਅਤੇ ਇਨ੍ਹਾਂ ਦੀ ਟਿਊਨਿੰਗ ਕਿਵੇਂ ਰਹੇਗੀ? ਸਮਾਂ ਹੀ ਦੱਸੇਗਾ।

ਇਹ ਗੱਲ ਸੱਚ ਹੈ ਕਿ ਵੋਟਰਾਂ ਨੇ ਇਨ੍ਹਾਂ ਨੂੰ ਯੋਗ ਉਮੀਦਵਾਰ ਨਹੀਂ ਮੰਨਿਆ ਪਰ ਇਨ੍ਹਾਂ ਦੀ ਪਾਰਟੀ ਨੂੰ ਵਧੀਆ ਮੰਨ ਕੇ ਵੋਟ ਜ਼ਰੂਰ ਜਿਆਦਾ ਪਾਈ ਹੈ।

# ਡਾ.ਅੰਬੇਡਕਰ ਬੁੱਧ ਵਿਹਾਰ ਮਕਸੂਦਾਂ ਵਿਖੇ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਬੁੱਧ ਧੱਮ ਦੀਕਸ਼ਾ ਦਿਵਸ

## ਬਾਬਾ ਸਾਹਿਬ ਡਾ. ਅੰਬੇਡਕਰ ਨੇ 14 ਅਕਤੂਬਰ 1956 ਨੂੰ ਬੁੱਧ ਧੰਮ ਦੀ ਦੀਕਸ਼ਾ ਲਈ ਸੀ - ਬਲਦੇਵ ਜੱਸਲ



**ਫਗਵਾੜਾ (ਬੀ.ਕੇ.ਰੱਤ)–** ਬੋਧੀਸੱਤਵ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੁਆਰਾ ਆਰੰਭ ਕੀਤੀ ਗਈ ਧੱਮ ਕ੍ਰਾਂਤੀ ਨੂੰ ਸਮਰਪਿਤ ਬੁੱਧ ਧੱਮ ਦੀਕਸ਼ਾ ਦਿਵਸ ਅੰਬੇਡਕਰ ਬੁੱਧ ਵਿਹਾਰ ਮਕਸੂਦਾਂ ਜਲੰਧਰ ਵਿਖੇ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਸਾਰੇ ਧੱਮ ਬੰਧੂਆਂ ਨੇ ਤ੍ਰਿਸ਼ਰਣ ਪੰਚਸ਼ੀਲ ਸਵੀਕਾਰ ਕੀਤਾ।ਸਮਤਾ ਸੈਨਿਕ ਦਲ ਦੇ ਪੰਜਾਬ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਬੁੱਧ ਧੱਮ ਦੀ ਦਿਖਸ਼ਾ ਲੈਣ ਅਤੇ ਬੁੱਧ ਵਿਹਾਰ ਨਾਲ ਜੁੜੇ ਰਹਿਣ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੇ ਧੱਮ ਬੰਧੂਆਂ ਨੂੰ ਹਰ ਐਤਵਾਰ ਬੁੱਧ ਵਿਹਾਰ ਨਿਰੰਤਰ ਆਉਣਾ ਚਾਹੀਦਾ ਹੈ।ਮਹਾਨ ਕਵੀ ਬਲਵਿੰਦਰ ਪਾਵਾਰ ਨੇ ਆਪਣੀਆਂ ਕਵਿਤਾਵਾਂ ਨਾਲ ਅੱਜ ਦੇ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਅੰਬੇਡਕਰ ਵੈਲਫੇਅਰ ਸੋਸਾਇਟੀ ਦੇ ਜਨਰਲ ਸਕੱਤਰ ਦੇਵ ਰਾਜ ਮਾਹੀ ਨੇ ਵੀ ਆਏ ਹੋਏ ਧੱਮ ਬੰਧੂਆਂ ਦਾ ਸਵਾਗਤ ਕਰਦਿਆਂ ਅੱਜ ਦੇ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।

ਧੱਮ ਪ੍ਰਚਾਰਕ ਬਲਦੇਵ ਜੱਸਲ ਜੀ ਨੇ ਸੰਖੇਪ ਪ੍ਰਵਚਨਾਂ ਦੁਆਰਾ ਬਾਬਾ ਸਾਹਿਬ ਨੂੰ ਯਾਦ ਕਰਦਿਆਂ 14 ਅਕਤੂਬਰ 1956 ਨੂੰ ਉਨ੍ਹਾਂ ਵਲੋਂ ਆਰੰਭ ਕੀਤੀ ਧੱਮ ਕ੍ਰਾਂਤੀ ਦੀ ਲੋੜ ਅਨੁਸਾਰ ਭਾਰਤ ਨੂੰ ਬੁੱਧ ਮਈ ਬਨਾਉਣ ਤੇ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਦਿਨ ਰਾਤ ਮਿਹਨਤ ਕਰਨ ਦੀ ਲੋੜ ਤੇ ਮਹੱਤਵਪੂਰਨ ਪਹਿਲੂਆਂ ਵਾਰੇ ਚਰਚਾ ਕੀਤੀ।

ਸੱਭ ਧੱਮ ਬੰਧੂਆਂ ਨੇ ਹੁੱਮ ਹੁੱਮਾਂਕੇ ਪਹੁੰਚਣ ਵਿੱਚ ਸਹਿਯੋਗ ਦਿੱਤਾ। ਬੁੱਧ ਵਿਹਾਰ ਵੱਲੋਂ ਚਾਹ ਪਾਣੀ ਅਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ।

ਡਾ ਅੰਬੇਡਕਰ ਵੈਲਫੇਅਰ ਸੁਸਾਇਟੀ ਰਜਿ ਇੰਟਰਨੈਸ਼ਨਲ ਬੁੱਧੀਸਟ ਮਿਸ਼ਨ ਟਰੱਸਟ ਰਜਿ ਅਤੇ ਅੰਬੇਡਕਰ ਬੁੱਧ ਵਿਹਾਰ ਪ੍ਰਬੰਧਕ ਕਮੇਟੀ ਦੇ ਸਾਰੇ ਸਹਿਯੋਗੀ ਸਾਥੀਆਂ ਨੇ ਸਮਾਰੋਹ ਨੂੰ ਸਫਲ ਬਣਾਉਣ ਲਈ ਭਰਪੂਰ ਸਹਿਯੋਗ ਦਿੱਤਾ।ਸੋਸਾਇਟੀ ਵੱਲੋਂ ਆਏ ਹੋਏ ਸਾਰੇ ਧੱਮ ਬੰਧੂਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ਗੀਤਾਂ ਦਾ ਵਣਜਾਰਾ 'ਮੰਗਲ ਹਠੂਰ' ਅੱਜ ਕੱਲ੍ਹ ਕਨੇਡਾ ਟੂਰ 'ਤੇ



**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਪੰਜਾਬ ਦੀ ਸਿਰਮੌਰ ਕਲਮ ਮੰਗਲ ਹਠੂਰ ਅੱਜ ਕੱਲ ਕਨੇਡਾ ਟੂਰ ਤੇ ਆਏ ਹੋਏ ਹਨ। ਮੰਗਲ ਹਠੂਰ ਪੰਜਾਬੀ ਗਾਇਕੀ ਦਾ ਉਹ ਮਾਣਮੱਤਾ ਗੀਤਾਂ ਦਾ ਵਣਜਾਰਾ ਗੀਤਕਾਰ ਹੈ, ਜਿਸ ਦੇ ਅਣਗਿਣਤ ਗੀਤਾਂ ਨੂੰ ਤੁਸੀਂ ਵੱਖ ਵੱਖ ਗਾਇਕ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਸੁਣ ਚੁੱਕੇ ਹੋ ।ਮੰਗਲ ਹਠੂਰ ਸਮੇਂ ਸਮੇਂ ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਨੂੰ ਪੰਜਾਬੀ ਮਾਂ ਬੋਲੀ, ਸਾਹਿਤ, ਸੱਭਿਆਚਾਰ, ਵਿਰਸਾ, ਵਿਰਾਸਤ ਨਾਲ ਜੋੜਨ ਲਈ ਆਪਣੇ ਨਵੇਂ ਨਕੋਰ ਗੀਤਾਂ ਰਾਹੀਂ ਰੂਬਰੂ ਕਰਵਾਉਣ ਲਈ ਸਰੋਤਿਆਂ ਦੇ ਸਨਮੁਖ ਹੁੰਦੇ ਰਹਿੰਦੇ ਹਨ । ਗੀਤਕਾਰ ਮੰਗਲ ਹਠੂਰ ਦੀ ਕਨੇਡਾ ਆਮਦ ਮੌਕੇ ਉਸਦੇ ਵੱਖ-ਵੱਖ ਪ੍ਰਸ਼ੰਸਕਾਂ ਮਿੱਤਰ ਪਿਆਰਿਆਂ ਸਨੇਹੀਆਂ ਵਲੋਂ ਦਿਲੋਂ ਰੱਜਵਾਂ ਪਿਆਰ ਕਰਦਿਆਂ ਸਵਾਗਤ ਕੀਤਾ ਗਿਆ । ਪ੍ਰਸਿੱਧ ਗਾਇਕ ਅਤੇ ਸੰਗੀਤਕਾਰ ਹੈਰੀ ਸੰਧੂ , ਗਾਇਕ ਗੁਣਗੀਤ ਮੰਗਲ , ਏ ਆਈ ਜੀ ਸ. ਨਿਰਮਲਜੀਤ ਸਿੰਘ ਸਹੋਤਾ (ਰਿਟਾਇਰਡ ਪੁਲਿਸ ਅਫਸਰ) ਹਰਜਿੰਦਰ ਸਹੋਤਾ, ਸ਼ੌਬੀ ਧੰਨਾਵਾਲੀਆ ਅਤੇ ਹੋਰ ਪ੍ਰਸ਼ੰਸਕਾਂ ਵਲੋਂ ਗੀਤਕਾਰ ਮੰਗਲ ਹਠੂਰ ਨੂੰ ਕਨੇਡਾ ਫੇਰੀ ਦੀਆਂ ਸ਼ੁਭਕਾਮਨਾਵਾਂ ਅਤੇ ਮੁਬਾਰਕਾਂ ਦਿੱਤੀਆਂ ਗਈਆਂ। ਮੰਗਲ ਹਠੂਰ ਦੇ ਲਿਖੇ ਸੁ ਪ੍ਰਸਿਧ ਗਾਇਕ ਭਰਾਵਾਂ ਦੀ ਤਿੱਕੜੀ ਮਨਮੋਹਣ ਵਾਰਿਸ , ਕਮਲ ਹੀਰ, ਸੰਗਤਾਰ ਵੱਲੋਂ ਰਿਕਾਰਡ ਕੀਤੇ ਗਏ ਵੱਖ ਵੱਖ ਵਿਰਸੇ ਵਿਚਲੇ ਗੀਤ, ਰਣਜੀਤ ਬਾਬਾ ਦੇ ਗਾਏ ਗੀਤ 'ਮਿੱਟੀ ,' ਰਵਿੰਦਰ ਗਰੇਵਾਲ ਲੈਂਹਿਬਰ ਹੁਸੈਨਪੁਰੀ, ਦੇ ਗਾਏ ਅਨੇਕਾਂ ਗੀਤ, ਇਸ ਤੋਂ ਇਲਾਵਾ ਪੰਜਾਬ ਦੇ ਸੁਪਰ ਸਟਾਰ ਗਾਇਕਾਂ ਵਲੋਂ ਗਾਏ ਉਸਦੇ ਅਣਗਿਣਤ ਗੀਤ ਪੰਜਾਬੀ ਮਾਂ ਬੋਲੀ ਦੀ ਵਿਰਾਸਤ ਵਿੱਚ ਚੋਖਾ ਯੋਗਦਾਨ ਪਾ ਚੁੱਕੇ ਹਨ। ਗੀਤਕਾਰ ਮੰਗਲ ਹਠੂਰ ਆਪਣੀ ਨਵੀਂ ਛਪੀ ਗੀਤਾਂ ਦੀ ਕਿਤਾਬ 'ਪਿੰਡ ਦਾ ਗੇੜਾ' ਨੂੰ ਕਨੇਡਾ ਵਿਖੇ ਵੱਖ ਵੱਖ ਸਮਾਗਮਾਂ ਵਿੱਚ ਰਿਲੀਜ਼ ਕਰਨਗੇ ਅਤੇ ਆਪਣੇ ਗੀਤਾਂ ਦੇ ਬੋਲਾਂ ਰਾਹੀਂ ਸਰੋਤਿਆਂ ਨੂੰ ਸਰਸ਼ਾਰ ਕਰਨਗੇ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਨੇਕਾਂ ਵਾਰ ਗੀਤਕਾਰ ਮੰਗਲ ਹਠੂਰ ਅਮਰੀਕਾ, ਇੰਗਲੈਂਡ ,ਆਸਟਰੇਲੀਆ ਦੇ ਟੂਰ ਪ੍ਰੋਗਰਾਮ ਕਰ ਚੁੱਕੇ ਹਨ।

# ਪ੍ਰਵਾਸੀ ਔਰਤ ਨੂੰ ਇਨਸਾਫ਼ ਦਿਵਾਉਣ ਲਈ ਥਾਣਾ ਸਿਟੀ ਨਵਾਂਸ਼ਹਿਰ ਅੱਗੇ ਧਰਨਾ 19 ਅਕਤੂਬਰ ਨੂੰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਦੇਸ਼ ਵਿਆਪੀ ਜਥੇਬੰਦੀ ਇਫਟੂ ਨਾਲ ਸਬੰਧਤ ਪਰਵਾਸੀ ਮਜਦੂਰਾਂ ਦੀਆਂ ਜਥੇਬੰਦੀਆਂ ਰੇਹੜੀ ਵਰਕਰਜ਼ ਯੂਨੀਅਨ, ਪ੍ਰਵਾਸੀ ਮਜਦੂਰ ਯੂਨੀਅਨ ਅਤੇ ਉਸਾਰੀ ਮਿਸਤਰੀ ਮਜਦੂਰ ਯੂਨੀਅਨ ਨੇ 19 ਅਕਤੂਬਰ ਦਿਨ ਬੀਰਵਾਰ ਨੂੰ ਥਾਣਾ ਨਵਾਂਸ਼ਹਿਰ (ਸਿਟੀ) ਅੱਗੇ ਧਰਨਾ ਲਾਉਣ ਦਾ ਐਲਾਨ ਕੀਤਾ ਹੈ। ਇਹ ਫੈਸਲਾ ਬੀਤੀ ਸ਼ਾਮ ਨਵਾਂਸ਼ਹਿਰ ਵਿਖੇ ਪ੍ਰਵਾਸੀ ਮਜਦੂਰਾਂ ਦੀ ਹੋਈ ਭਰਵੀਂ ਮੀਟਿੰਗ ਵਿਚ ਲਿਆ ਗਿਆ।ਮਾਮਲਾ 30 ਸਤੰਬਰ 2023 ਸ਼ਾਮ 7:30 ਵਜੇ ਦੇ ਕਰੀਬ ਦਾ ਹੈ। ਜਦੋਂ ਸਤਿੰਦਰ ਕੁਮਾਰ ਉਰਫ ਰਾਜੂ ਪ੍ਰਵਾਸੀ ਮਜਦੂਰ ਦੇ ਘਰ ਇਕ ਲੁਟੇਰਾ ਜਬਰੀ ਦਾਖਲ ਹੁੰਦਾ ਹੈ। ਰਾਜੂ ਦੀ ਪਤਨੀ ਮਮਤਾ ਨਾਲ ਬਦਤਮੀਜ਼ੀ ਕਰਦਾ ਹੈ ਅਤੇ ਘਰ ਦੀ ਅਲਮਾਰੀ ਵਿਚੋਂ ਜਬਰਦਸਤੀ 24 ਹਜਾਰ ਰੁਪਏ ਨਕਦੀ ਕੱਢ ਕੇ ਲੈ ਜਾਂਦਾ ਹੈ। ਪਰ ਪੁਲਸ ਨੇ ਅੱਜ ਘਟਨਾ ਦੇ 16 ਦਿਨ ਬਾਅਦ ਵੀ ਕਥਿਤ ਦੋਸ਼ੀ ਉੱਤੇ ਬਣਦੀ ਕਾਰਵਾਈ ਨਹੀਂ ਕੀਤੀ। ਸਗੋਂ ਪੀੜਤ ਪਰਿਵਾਰ ਨੂੰ ਪੁਲਸ ਵਾਰ ਵਾਰ ਥਾਣੇ ਬੁਲਾਉਂਦੀ ਰਹੀ।ਯੂਨੀਅਨਾਂ ਦੇ ਆਗੂਆਂ ਪਰਵੀਨ ਕੁਮਾਰ ਨਿਰਾਲਾ, ਹਰੇ ਰਾਮ , ਸ਼ਿਵ ਨੰਦਨ ਅਤੇ ਪੀੜਤਾ ਦੇ ਪਤੀ ਸਤਿੰਦਰ ਕੁਮਾਰ ਉਰਫ ਰਾਜੂ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰਵਾਸੀ ਮਜਦੂਰ ਔਰਤ ਮਮਤਾ ਨਾਲ ਬਦਤਮੀਜ਼ੀ ਕਰਨ ਵਾਲਾ ਕਥਿਤ ਦੋਸ਼ੀ ਨਿੱਕਾ ਵਾਸੀ ਮਹਾਲੋਂ ਕਾਲੋਨੀ, ਬੰਗਾ ਰੋਡ ਨਵਾਂਸ਼ਹਿਰ, ਉਹਨਾਂ ਦੇ ਘਰ ਉਸ ਵੇਲੇ ਜਬਰੀ ਦਾਖਲ ਹੋਇਆ ਜਦੋਂ ਮਮਤਾ ਘਰ ਵਿਚ ਇਕੱਲੀ ਸੀ। ਉਸਨੇ ਮਮਤਾ ਨਾਲ ਬਦਤਮੀਜ਼ੀ ਕੀਤੀ, ਉਸਨੂੰ ਡਰਾਇਆ ਧਮਕਾਇਆ ਅਤੇ ਉਹਨਾਂ ਦੀ ਅਲਮਾਰੀ ਵਿਚੋਂ 24 ਹਜਾਰ ਰੁਪਏ ਕੱਢ ਲਏ। ਇਸ ਘਟਨਾ ਬਾਰੇ ਕਿਸੇ ਕੋਲ ਗੱਲ ਕਰਨ ਉੱਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦੇ ਕੇ ਨਿੱਕਾ ਨਾਂਅ



ਦਾ ਇਹ ਵਿਅਕਤੀ ਉੱਥੋਂ ਚੱਲਦਾ ਬਣਿਆ। ਇਹ ਲੁੱਟ ਦੀ ਕਾਰਵਾਈ ਬਣਦੀ ਹੈ। ਰਾਜੂ ਨੇ ਘਟਨਾ ਬਾਰੇ ਪੁਲਸ ਦੇ 112 ਨੰਬਰ ਉੱਤੇ ਫੋਨ ਕਰਕੇ ਪੁਲਸ ਨੂੰ ਇਸ ਲੁੱਟ ਦੀ ਵਾਰਦਾਤ ਬਾਰੇ ਜਾਣਕਾਰੀ ਦਿੱਤੀ। ਰਾਜੂ ਆਪ ਰਾਤ 9 : 30 ਵਜੇ ਦੇ ਕਰੀਬ ਰਾਜੂ ਨੇ ਥਾਣੇ ਪਹੁੰਚ ਕੇ ਇਸ ਸਬੰਧੀ ਲਿਖਤੀ ਰਿਪੋਰਟ ਪੁਲਸ ਨੂੰ ਦੇ ਕੇ ਗਿਆ। ਘਟਨਾ ਦੇ ਤੀਜੇ ਦਿਨ ਐਸ.ਐਚ.ਓ ਥਾਣਾ ਮੁਖੀ ਨੂੰ ਮਿਲਣ ਤੋਂ ਬਾਅਦ ਪੁਲਸ ਨੇ ਰਾਜੂ ਦੇ ਘਰ ਆ ਕੇ ਰਾਜੂ ਅਤੇ ਉਸਦੀ ਪਤਨੀ ਮਮਤਾ ਦੇ ਬਿਆਨ ਲਏ।ਪੁਲਸ ਨੇ ਘਰ ਵਿਚ ਲੱਗੇ ਸੀ ਸੀ ਟੀ ਵੀ ਕੈਮਰੇ ਦੀਆਂ ਫੁਟੇਜ ਵੀ ਦੇਖੀਆਂ। ਜਿਸ ਵਿਚ ਕਥਿਤ ਦੋਸ਼ੀ ਘਰ ਦੇ ਅੰਦਰ ਵੜਕੇ ਮਮਤਾ ਨਾਲ ਬਦਤਮੀਜ਼ੀ ਕਰਦਾ ਹੈ। ਘਰ ਦੇ ਬੈਡਰੂਮ ਵਿਚ ਸੀ ਸੀ ਟੀ ਵੀ ਕੈਮਰਾ ਨਹੀਂ ਹੈ ਜਿੱਥੇ ਅਲਮਾਰੀ ਪਈ ਹੈ। ਸੀ ਸੀ ਟੀ ਵੀ ਦੀ ਫੁਟੇਜ ਵਿਚ ਕਥਿਤ ਦੋਸ਼ੀ ਨਿੱਕਾ ਸਾਫ ਪਛਾਣ ਹੁੰਦਾ ਹੈ। ਐਸ.ਐਚ.ਓ ਦਾ ਇਹ ਕਹਿਣਾ ਕਿ ਮਮਤਾ ਸ਼ਾਮਲ ਤਫਤੀਸ਼ ਨਹੀਂ ਹੋ ਰਹੀ ਸਰਾਸਰ ਝੂਠ ਹੈ। ਜਦਕਿ ਏ ਐਸ ਆਈ ਸੁਰਿੰਦਰ ਕੁਮਾਰ, ਐਸ ਐਚ ਓ ਨਰੇਸ਼ ਕੁਮਾਰੀ ਅਤੇ ਡੀ ਐਸ ਪੀ ਮਾਧਵੀ ਸ਼ਰਮਾ ਪੀੜ੍ਹਤ ਮਮਤਾ ਦੇ ਬਿਆਨ ਲੈ ਚੁੱਕੇ ਹਨ। ਕਥਿਤ ਦੋਸ਼ੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਬੀਤੇ ਦਿਨੀ ਜਨਤਕ ਜਥੇਬੰਦੀਆਂ ਦਾ ਇਕ ਵਫਦ ਐਸ ਐਸ ਪੀ ਨੂੰ ਵੀ ਮਿਲ ਚੁੱਕਾ ਹੈ। ਪਰ ਅੱਜ ਤੱਕ ਕਿਤੋਂ ਵੀ ਇਨਸਾਫ ਨਹੀਂ ਮਿਲਿਆ।

ਉਹਨਾਂ ਕਿਹਾ ਕਿ ਮਮਤਾ ਨਾਂਅ ਦੀ ਇਹ ਔਰਤ ਮਾਨਸਿਕ ਬਿਮਾਰ ਹੈ। ਧਵਨ ਹਸਪਤਾਲ ਨਵਾਂਸ਼ਹਿਰ ਵਿਖੇ ਮਮਤਾ ਦਾ ਦਿਮਾਗੀ ਇਲਾਜ ਚੱਲ ਰਿਹਾ ਹੈ। ਪਰ ਪੁਲਸ ਨੇ ਕਥਿਤ ਦੋਸ਼ੀ ਵਿਰੁੱਧ ਸਿਰਫ 107/151 ਦੀ ਕਾਰਵਾਈ ਕਰਕੇ ਆਪਣਾ ਪੱਲਾ ਝਾੜ ਲਿਆ। ਆਗੂਆਂ ਨੇ ਪੁਲਸ ਅਧਿਕਾਰੀਆਂ ਨੂੰ ਸਵਾਲ ਕੀਤਾ ਕਿ ਉਹਨਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਇਕ ਮਾਨਸਿਕ ਬਿਮਾਰ ਔਰਤ ਨਾਲ ਬਦਤਮੀਜ਼ੀ ਕਰਨ ਅਤੇ ਉਸਦੇ ਘਰੋਂ 24 ਹਜਾਰ ਰੁਪਏ ਲੁੱਟਣ ਉੱਤੇ ਦੋਸ਼ੀ ਵਿਰੁੱਧ ਕਿਹੜੀਆਂ ਅਪਰਾਧਿਕ ਧਰਾਵਾਂ ਲੱਗਦੀਆਂ ਹਨ ਜਾਂ ਫਿਰ ਉਹ ਜਾਣਬੁੱਝ ਕੇ ਕਥਿਤ ਦੋਸ਼ੀ ਨੂੰ ਬਚਾਅ ਰਹੇ ਹਨ। ਉਹਨਾਂ ਕਿਹਾ ਕਿ ਮਮਤਾ ਨੇ ਜੋ ਬਿਆਨ ਪੁਲਸ ਨੂੰ ਦਿੱਤੇ ਹਨ ਕਾਨੂੰਨ ਅਨੁਸਾਰ ਪੁਲਸ ਦਾ ਫਰਜ ਬਣਦਾ ਹੈ ਕਿ ਮਮਤਾ ਦੇ ਇਹਨਾਂ ਬਿਆਨਾਂ ਦੇ ਅਧਾਰ ਤੇ ਕਥਿਤ ਦੋਸ਼ੀ ਵਿਰੁੱਧ ਐਫ.ਆਈ.ਆਰ ਦਰਜ ਕੀਤੀ ਜਾਵੇ। ਸੁਪਰੀਮ ਕੋਰਟ ਦੀ ਰੂਲਿੰਗ ਵੀ ਇਹੀ ਕਹਿੰਦੀ ਹੈ। ਪਰ ਕਿਸੇ ਨੂੰ ਦੋਸ਼ੀ ਠਹਿਰਾਉਣਾ ਜਾਂ ਬਰੀ ਕਰਨਾ ਅਦਾਲਤਦਾ ਕੰਮ ਹੈ ਨਾ ਕਿ ਪੁਲਸ ਦਾ।

ਆਗੂਆਂ ਨੇ ਕਿਹਾ ਕਿ ਜੇਕਰ ਇਨਸਾਫ਼ ਨਹੀਂ ਮਿਲਦਾ ਤਾਂ 19 ਅਕਤੂਬਰ ਨੂੰ ਥਾਣਾ ਸਿਟੀ ਨਵਾਂਸ਼ਹਿਰ ਅੱਗੇ ਹਰ ਹਾਲਤ ਵਿਚ ਧਰਨਾ ਦਿੱਤਾ ਜਾਵੇਗਾ। ਧਰਨੇ ਤੋਂ ਪਹਿਲਾਂ ਬੱਸ ਅੱਡਾ ਨਵਾਂਸ਼ਹਿਰ ਵਿਖੇ ਇਕੱਠ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਧਰਨੇ ਦੀ ਤਿਆਰੀ ਜੋਰਾਂ ਉੱਤੇ ਚੱਲ ਰਹੀ ਹੈ। ਉਹਨਾਂ ਭਰਾਤਰੀ ਜਥੇਬੰਦੀਆਂ ਨੂੰ ਵੀ ਸਾਥ ਦੇਣ ਦੀ ਬੇਨਤੀ ਕੀਤੀ ਹੈ।

# ਵਿਧਾਨ ਸਭਾ ਹਲਕਾ ਭੋਆ ਦੇ ਨਵਨਿਯੁਕਤ ਬਲਾਕ ਪ੍ਰਧਾਨਾਂ ਦਾ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕੀਤਾ ਮਾਨ ਸਨਮਾਨ

## ਮੀਟਿੰਗ ਦੋਰਾਨ ਪਾਰਟੀ ਨੂੰ ਹੋਰ ਮਜਬੂਤ ਕਰਨ ਦੇ ਲਈ ਕੀਤੀ ਗਈ ਚਰਚਾ, ਬਲਾਕ ਪ੍ਰਧਾਨਾਂ ਨੂੰ ਦਿੱਤੇ ਦਿਸਾ ਨਿਰਦੇਸ਼

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਆਮ ਆਦਮੀ ਪਾਰਟੀ ਦੇ ਨਵਨਿਯੁਕਤ 25 ਬਲਾਕ ਪ੍ਰਧਾਨਾਂ ਦਾ ਸਵਾਗਤ ਕੀਤਾ ਗਿਆ, ਅਤੇ ਨੇਸਨਲ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਅਤੇਂ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਰਹਿਨੁਮਾਈ ਵਿੱਚ, ਰਾਸਟਰੀ ਸਕੱਤਰ ਸੰਦੀਪ ਪਾਠਕ, ਰਾਘਵ ਚੱਡਾ ਅਤੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਸਾਰੇ ਆਗੂਆਂ ਵੱਲੋਂ ਜੋ ਹਲਕਾ ਭੋਆਂ ਅੰਦਰ ਟੀਮ ਦਿੱਤੀ ਗਈ ਹੈ ਅੱਜ ਉਨ੍ਹਾਂ ਨੂੰ ਮਾਨ ਸਨਮਾਨ ਦਿੱਤਾ ਗਿਆ। ਇਹ ਪ੍ਰਗਟਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਪਿੰਡ ਕਟਾਰੂਚੱਕ ਦਫ਼ਤਰ ਵਿਖੇ ਆਯੋਜਿਤ ਇੱਕ ਵਿਸੇਸ ਮੀਟਿੰਗ ਦੋਰਾਨ ਕੀਤਾ । ਉਨ੍ਹਾਂ ਇਸ ਮੋਕੇ ਤੇ ਸਾਰੇ ਨਵਨਿਯੁਕਤ ਬਲਾਕ ਪ੍ਰਧਾਨਾਂ ਦਾ ਮੂੰਹ ਮਿੱਠਾ ਕਰਵਾ ਕੇ ਸਨਮਾਨ ਦਿੱਤਾ। ਇਸ ਮੋਕੇ ਤੇ ਠਾਕੁਰ ਮਨੋਹਰ ਸਿੰਘ ਜਰਨਲ ਸੈਕਟਰੀ ਜਿਲ੍ਹਾ ਪਠਾਨਕੋਟ ਅਤੇ ਹੋਰ ਪਾਰਟੀ ਆਹੁਦੇਦਾਰ ਵੀ ਹਾਜ਼ਰ ਸਨ।



ਜਿਕਰਯੋਗ ਹੈ ਕਿ ਅੱਜ ਦੇ ਸਮਾਰੋਹ ਵਿਚ ਨਵਨਿਯੁਕਤ ਬਲਾਕ ਪ੍ਰਧਾਨ ਸਰਵ੍ਰੀ ਅਸਵਨੀ ਕੁਮਾਰ, ਅਸਵਨੀ ਕੁਮਾਰ ਗੋਸਾਈਪੁਰ, ਬੱਬਲੀ ਕੁਮਾਰ, ਬਲਜੀਤ ਸਿੰਘ, ਬਲਜਿੰਦਰ ਕੌਰ, ਦੀਪਕ ਕੁਮਾਰ, ਜੰਗ ਬਹਾਦੁਰ, ਕੁਲਦੀਪ ਸਿੰਘ,ਮੰਗ ਲਾਲ ਕਥਲੋਰ, ਮੰਗਲ ਦਾਸ, ਕਲਦੀਪ ਸਿੰਘ, ਨਿਸਾ, ਪਾਲ ਸਿੰਘ, ਪਰਵੀਨ ਸਿੰਘ, ਪਵਨ ਕੁਮਾਰ, ਰਾਜੇਸ ਕੁਮਾਰ, ਰਜਿੰਦਰ ਸਿੰਘ ਭਿੱਲਾ, ਰਣਜੀਤ ਸਿੰਘ, ਰਵੀ ਕੁਮਾਰ, ਸੰਦੀਪ ਕੁਮਾਰ, ਸੈਲੀ ਸਰਮਾ, ਸੋਹਣ ਲਾਲ, ਸੋਹਣ ਲਾਲ ਭਟੋਆਂ, ਸੂਬੇਦਾਰ ਕੁਲਵੰਤ ਸਿੰਘ, ਸੁਰਿੰਦਰ ਸਾਹ, ਸੁਰਜੀਤ ਸਿੰਘ ਆਦਿ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੋਕੇ ਤੇ ਸੰਬੋਧਨ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਇਹ ਬਹੁਤ ਹੀ ਵੱਡੀ ਗੱਲ ਹੈ ਕਿ ਪਾਰਟੀ ਨੇ ਇਨ੍ਹਾਂ ਵਰਕਰਾਂ ਦੀ ਕਾਰਗੁਜਾਰੀ ਦੇਖਦਿਆਂ ਹੋਇਆ ਇਨ੍ਹਾਂ ਦੇ ਮੋਢਿਆਂ ਤੇ ਹੋਰ ਭਾਰ ਪਾਇਆ ਹੈ ਅਤੇ ਪਹਿਲਾਂ ਨਾਲੋਂ ਹੋਰ ਵੀ ਵੱਡੀ ਜਿਮ੍ਹੇਦਾਰੀ ਇਨ੍ਹਾਂ ਨੂੰ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਆਮ ਪਰਿਵਾਰਾਂ ਵਿੱਚੋਂ ਆਏ ਵਰਕਰਾਂ ਨੂੰ ਉਨ੍ਹਾਂ ਦੀ ਕਾਰਗੁਜਾਰੀ ਨੂੰ ਵੇਖਦਿਆਂ ਹੋਇਆ ਹੀ ਇੰਨ੍ਹੀ ਵੱਡੀ ਜਿਮ੍ਹੇਦਾਰੀ ਦਿੱਤੀ ਗਈ ਹੈ ਅਤੇ ਉਹ ਉਮੀਦ ਕਰਦੇ ਹਨ ਕਿ ਸਾਰੇ ਨਵਨਿਯੁਕਤ ਬਲਾਕ ਪ੍ਰਧਾਨ ਅਪਣੀ ਪੂਰੀ ਜਿਮ੍ਹੇਦਾਰੀ ਸਮਝਦੇ ਹੋਏ ਪਾਰਟੀ ਦੀਆਂ ਨੀਤਿਆਂ ਦੀ ਪਾਲਣਾ ਕਰਦਿਆਂ ਹੀ ਸਮਾਜ ਸੇਵਾ ਕਰਦੇ ਰਹਿਣਗੇ।

# ਇਸਤਰੀਆਂ ਅਤੇ ਬੱਚਿਆਂ ਦੀ ਗੁੰਮਸ਼ੁਦਗੀ ਸਮਾਜ 'ਤੇ ਕਾਲਾ ਧੱਬਾ !



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਦੁਨੀਆਂ ਭਰ ਵਿੱਚ ਸੰਸਾਰ ਆਰਥਿਕ ਮੰਦੀ ਦੇ ਚਲਦਿਆਂ ਹੋਇਆਂ ਪਿਛਲੇ 15-ਸਾਲਾਂ ਅੰਦਰ ਭੁੱਖ, ਗਰੀਬੀ ਦਾ ਪੱਧਰ, ਬੇ-ਰੁਜ਼ਗਾਰੀ ਅਤੇ ਸਿੱਖਿਆ ਤੋਂ ਵਾਂਝੇ ਰਹਿਣ ਅਤੇ ਬੇ-ਘਰਾਂ 'ਚ ਲਗਾਤਾਰ ਵਾਧੇ ਦੇ ਕਾਰਨ ਲੋਕਾਂ ਦੀ ਜ਼ਿੰਦਗੀ ਅਤੇ ਰੋਜ਼ੀ-ਰੋਟੀ ਉੱਪਰ ਤਬਾਹਕੁੰਨ ਅਸਰ ਪੈ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਸੰਸਾਰ ਅੰਦਰ ਇਸਤਰੀਆਂ ਅਤੇ ਬੱਚਿਆਂ ਦੇ ਉਧਾਲੇ ਅਤੇ ਗੁੰਮਸ਼ੁਦਗੀ ਵਿੱਚ ਵਾਧਾ ਹੋਇਆ ਹੈ। ਇਨ੍ਹਾਂ ਲਾ-ਪਤਾ ਹੋਈਆਂ 90 ਫੀ-ਸਦ ਵਿਚੋਂ ਸਭ ਤੋਂ ਵੱਧ ਭਾਰਤ ਦੀਆਂ ਇਸਤਰੀਆਂ ਅਤੇ ਬੱਚੇ ਆਉਂਦੇ ਹਨ, ਜਿਨਾਂ ਵਿੱਚ ਸਭ ਤੋਂ ਵੱਧ ਇਸਤਰੀਆਂ ਮੱਧ-ਪ੍ਰਦੇਸ਼ ਵਿੱਚੋਂ ਲਾ-ਪਤਾ ਹੁੰਦੀਆਂ ਹਨ। ਬੱਚਿਆਂ ਦੀ ਤਸਕਰੀ ਸਭ ਤੋਂ ਵੱਧ ਜੈਪੁਰ (ਰਾਜਸਥਾਨ) ਵਿੱਚ ਹੁੰਦੀ ਹੈ (ਸੰਯੁਕਤ ਰਾਸ਼ਟਰ)।

ਸੰਸਾਰ ਮੰਦੀ ਅਤੇ ਮਹਾਂਮਾਰੀ ਨੇ ਮਿਲ ਕੇ ਲੋਕਾਂ ਦੇ ਬਹੁਤ ਵੱਡੇ ਹਿੱਸੇ ਉਪੱਰ ਤਬਾਹਕੁੰਨ ਪ੍ਰਭਾਵ ਪਾਇਆ ਹੈ। ਪੂੰਜੀਵਾਦੀ ਆਰਥਿਕ ਸ਼ੋਸ਼ਣ ਜਿਉਂ-ਜਿਉਂ ਦੁਨੀਆਂ ਅੰਦਰ ਤਿੱਖਾ ਹੋ ਰਿਹਾ ਹੈ, ਸੰਸਾਰ 'ਚ ਭੁੱਖਮਰੀ, ਗਰੀਬੀ 'ਤੇ ਬੇਰੁਜ਼ਗਾਰੀ ਦਿਨੋ-ਦਿਨ ਉਭੱਰ ਰਹੀ ਹੈ। ਇਸ ਦਾ ਸਭ ਤੋਂ ਵੱਧ ਸ਼ਿਕਾਰ ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ ਦੀਆਂ ਇਸਤਰੀਆਂ ਅਤੇ ਬੱਚੇ ਹੋ ਰਹੇ ਹਨ। ਪਿਛਲੇ ਦਿਨੀ "ਕੇਂਦਰੀ ਗ੍ਰਹਿ ਮੰਤਰਾਲਾ ਅਤੇ ਇਸਤਰੀ ਬਾਲ ਵਿਕਾਸ ਮੰਤਰਾਲੇ" ਨੇ ਸੰਸਦ ਵਿਚ ਇਕ ਸਵਾਲ ਦੇ ਜਵਾਬ ਵਿੱਚ ਦੱਸਿਆ ਹੈ, 'ਕਿ ਪਿਛਲੇ 6-ਸਾਲਾਂ (2014-2020) 'ਚ 13.13 ਲੱਖ ਲੜਕੀਆਂ ਅਤੇ ਇਸਤਰੀਆਂ ਲਾਪਤਾ ਹੋਈਆਂ ਹਨ। ਇਨ੍ਹਾਂ ਵਿਚੋਂ 18-ਸਾਲ ਤੋਂ ਉਪੱਰ ਦੀਆਂ 10.6 ਲੱਖ ਇਸਤਰੀਆਂ ਅਤੇ 2.5 ਲੱਖ ਲੜਕੀਆਂ ਹਨ !' ਦੇਸ਼ ਅੰਦਰ ਇਸਤਰੀਆਂ ਅਤੇ ਲੜਕੀਆਂ ਦਾ ਏਡੀ ਵੱਡੀ ਗਿਣਤੀ ਵਿੱਚ ਲਾਪਤਾ ਹੋਣਾ, ਜਿਥੇ ਦੇਸ਼ ਦੇ ਕਾਇਦੇ ਕਾਨੂੰਨ 'ਤੇ ਸਵਾਲ ਖੜੇ ਕਰਦਾ ਹੈ ? ਉਥੇ 'ਲੜਕੀ ਬਚਾਓ ਅਤੇ ਲੜਕੀ ਪੜਾਂਓ' ਦੀ ਸਫਲਤਾ ਵਲ ਵੀ ਉਂਗਲ ਉਠਾਉਂਦਾ ਹੈ ? ਇਹ ਵੀ ਵੇਖਣ 'ਚ ਆਇਆ ਹੈ ਕਿ ਗੁੰਮਸ਼ੁਦਗੀ ਦੀ ਦਿੱਤੀ ਦਰਖਾਸਤ 'ਤੇ ਵੀ ਪੁਲਿਸ ਸੰਜ਼ੀਦਗੀ ਨਾਲ ਨਾ ਤਾਂ ਕਾਰਵਾਈ ਕਰਦੀ ਹੈ ਅਤੇ ਨਾ ਹੀ ਕੇਸ ਦਰਜ ਕਰਦੀ ਹੈ। ਇਹ ਸਾਡੇ ਰਾਜਤੰਤਰ 'ਤੇ ਵੀ ਇਕ ਵੱਡਾ ਸਵਾਲੀਆ ਚਿੰਨ੍ਹ ਹੈ ? ਲਾਪਤਾ ਹੋਣ ਵਾਲੇ ਲੋਕਾਂ ਲਈ 8-ਸ਼ਹਿਰਾਂ ਵਿਚ ਸਮਾਰਟ ਪੁਲੀਸਿੰਗ ਸਿਸਟਮ ਜੋ ਦਿੱਲੀ, ਮੁਬੰਈ, ਚੇਨਈ, ਕੋਲਕਤਾ, ਲਖਨਊ, ਹੈਦਰਾਬਾਦ, ਅਹਿਮਦਾਬਾਦ ਅਤੇ ਬੰਗਲੂਰ ਵਿਚ ਬਣੇ ਹੋਏ ਹਨ। ਪਰ! ਇਹ ਸਿਰਫ਼ ਖਾਨਾ ਪੂਰਤੀ ਹੀ ਕਰਦੇ ਨਜ਼ਰ ਆਉਂਦੇ ਹਨ।

'ਨੈਸ਼ਨਲ ਕਰਾਈਮ ਰੀਕਾਰਡ ਬਿਊਰੋ' (ਐਨ.ਸੀ.ਆਰ.ਬੀ.) ਦੀ ਰਿਪੋਰਟ ਦੇ ਮੁਤਾਬਿਕ ਇਸਤਰੀਆਂ ਦੇ ਲਾਪਤਾ ਹੋਣ 'ਤੇ ਮੱਧ-ਪ੍ਰਦੇਸ਼ ਤੋਂ ਬਾਦ ਦੂਜੇ ਨੰਬਰ 'ਤੇ ਪੱਛਮੀ ਬੰਗਾਲ ਆਉਂਦਾ ਹੈ। ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿਚੋਂ ਦਿੱਲੀ ਪਹਿਲੇ ਨੰਬਰ 'ਤੇ ਹੈ। 2019-20 ਦੌਰਾਨ ਪੱਛਮੀ ਬੰਗਾਲ ਵਿੱਚ ਕੁੱਲ 1,56,905 ਇਸਤਰੀਆਂ ਅਤੇ 36,606 ਲੜਕੀਆਂ, ਮਹਾਂਰਾਸ਼ਟਰ ਵਿੱਚ ਕੁੱਲ 1,78,400 ਇਸਤਰੀਆਂ ਅਤੇ 13,303 ਲੜਕੀਆਂ ਲਾਪਤਾ ਹੋਣ ਦੀ ਰੀਪੋਰਟ ਹੈ। ਉਡੀਸਾ ਵਿੱਚ ਇਨ੍ਹਾਂ ਤਿੰਨਾਂ ਸਾਲਾਂ 'ਚ ਕਰਮਵਾਰ 70,222 ਇਸਤਰੀਆਂ ਅਤੇ 16,649 ਲੜਕੀਆਂ, ਛੱਤੀਸਗੜ੍ਹ ਵਿੱਚ 49,116 ਇਸਤਰੀਆਂ 'ਤੇ 10,817 ਲੜਕੀਆਂ ਲਾਪਤਾ ਹੋਈਆਂ ਹਨ। ਦਿੱਲੀ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਸਾਲ 2019-20 ਦੇ ਵਿਚਕਾਰ 61,054 ਇਸਤਰੀਆਂ ਅਤੇ 22,919 ਲੜਕੀਆਂ ਅਤੇ ਜੰਮੂ-ਕਸ਼ਮੀਰ ਵਿੱਚ ਸਿਰਫ਼ 8,617 ਇਸਤਰੀਆਂ ਅਤੇ 1,148 ਲੜਕੀਆਂ ਦੀ ਲਾਪਤਾ ਹੋਣ ਦੀ ਸੂਚਨਾ ਮਿਲਦੀ ਹੈ। ਜੇਕਰ ਉਪਰੋਕਤ ਅੰਕੜਿਆਂ ਤੋਂ ਮੋਦੀ ਸਰਕਾਰ ਦੇ 2014 ਤੋਂ 2023 ਸਮੇਂ ਦੇ ਦੌਰਾਨ ਇਸਤਰੀਆਂ ਨੂੰ ਜਿਥੇ ਲਿੰਗਕ ਅਸਮਾਨਤਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਦੂਸਰੇ ਪਾਸੇ ਉਨਾ ਦੇ ਉਧਾਲੇ ਅਤੇ ਲਾਪਤਾ ਹੋਣ ਦੇ ਕੇਸਾਂ 'ਚ ਵੀ ਲਗਾਤਾਰ ਵਾਧਾ ਹੋਣਾ ਵੀ ਨੋਟ ਕੀਤਾ ਗਿਆ ਹੈ। ਇਸਤਰੀਆਂ ਅਤੇ ਬੱਚਿਆਂ ਦੀ ਤਸਕਰੀ ਵੀ ਸਾਡੇ ਸਮਾਜ 'ਤੇ ਇਕ ਵੱਡਾ ਧੱਬਾ ਹੈ। ਹਰ ਰੋਜ਼ ਦੇਸ਼ ਅੰਦਰ ਇਸਤਰੀਆਂ ਦੇ ਉਧਾਲਿਆਂ ਅਤੇ ਬੱਚਿਆਂ ਦੇ ਗੁੰਮ ਹੋਣ ਦੀਆਂ ਵਾਰਦਾਤਾਂ 'ਚ ਵਾਧਾ ਹੋ ਰਿਹਾ ਹੈ ਜੋ ਚਿੰਤਾਜਨਕ ਵਿਸ਼ਾ ਹੈ।

ਕੋਵਿਡ-19 ਦੀ ਮਹਾਂਮਾਰੀ ਤੋਂ ਬਾਦ ਦਿੱਲੀ ਵਿਚ ਬੱਚਿਆਂ ਦੀ ਤਸਕਰੀ ਦੇ ਮਾਮਲਿਆਂ ਵਿਚ ਅਥਾਹ ਵਾਧਾ ਹੋਇਆ ਹੈ। ਇਕ 'ਗੈਰ ਸਰਕਾਰੀ ਸੰਗਠਨ' (ਐਨ.ਜੀ.ਓ.) ਦੀ ਇਕ ਰੀਪੋਰਟ ਸਾਲ 2016 ਤੋਂ 2022 ਦੇ ਵਿਚਕਾਰ ਬੱਚਿਆਂ ਦੀ ਤਸਕਰੀ ਸਬੰਧੀ ਸਟੱਡੀ ਤੋਂ ਪਤਾ ਲੱਗਿਆ ਹੈ, ਕਿ ਬੱਚਿਆਂ ਦੀਆਂ ਤਸਕਰੀ ਦੀਆਂ ਘਟਨਾਵਾਂ ਯੂ.ਪੀ. ਵਿਚ ਵੀ ਹੋਰ ਵਧੀਆਂ ਹਨ। ਕੋਵਿਡ-19 ਤੋਂ ਪਹਿਲੇ ਸਾਲਾਂ ਦੇ ਮੁਕਾਬਲੇ ਮਹਾਂਮਾਰੀ ਤੋਂ ਬਾਦ ਦੇਸ਼ ਅੰਦਰ ਬਾਲ-ਤਸਕਰੀ ਦੇ ਮਾਮਲਿਆਂ ਵਿੱਚ 68-ਫੀ ਸਦ ਦਾ ਵਾਧਾ ਨੋਟ ਕੀਤਾ ਗਿਆ ਹੈ। "ਚਾਈਲਡ ਟਰੈਫਿਗਕ ਇਨ ਇੰਡੀਆ-ਇਨਸਾਈਟ ਫਰਾਮ ਸਿਚੂਏਸ਼ਨਲ ਡੈਟਾ ਐਲਾਇਨਸ ਐਂਡ ਲੀਡ ਫਾਰ ਟੇਕ-ਡਿਫਰਨ ਇੰਟਰਨੈਸ਼ਨਲ ਸੱਟਰੇਟਜੀ" ਨਾਂ ਦੀ ਰੀਪੋਰਟ ਵਿਚ ਇਨ੍ਹਾਂ ਅੰਕੜਿਆਂ ਦਾ ਖੁਲਾਸਾ ਕੀਤਾ ਗਿਆ ਹੈ। ਇਸੇ ਰੀਪੋਰਟ ਵਿਚ ਇਨ੍ਹਾਂ ਅੰਕੜਿਆਂ ਦਾ ਖੁਲਾਸਾ ਕੀਤਾ ਗਿਆ ਹੈ ਕਿ ਤਸਕਰੀ ਦੇ ਮਾਮਲੇ ਵਿਚ ਦਿੱਲੀ, ਬਿਹਾਰ, ਜੈ-ਪੁਰ, ਆਂਧਰਾ ਪ੍ਰਦੇਸ਼ ਵੀ ਪਹਿਲੇ ਨੰਬਰ 'ਤੇ ਹਨ। ਇਸ ਰੀਪੋਰਟ ਨੂੰ ਗੇਮਸ 24×7 (ਦਿਨ ਰਾਤ 7 ਦਿਨ) ਅਤੇ ਕੈਲਾਸ਼ ਸਤਿਆਰਥੀ ਚਿਲਡਰਨ ਫਾਊਂਡੇਸ਼ਨ (ਕੇ.ਐਸ.ਸੀ.ਐਫ) ਨੇ ਸਾਂਝੇ ਤੌਰ 'ਤੇ ਮਿਲ ਕੇ ਤਿਆਰ ਕੀਤਾ ਹੈ। ਬੱਚਿਆਂ ਦੇ ਰਹਿਣ ਲਈ ਸਭ ਤੋਂ ਵੱਧ ਖਤਰਨਾਕ ਰਾਜਸਥਾਨ ਦੀ ਰਾਜਧਾਨੀ ਜੈਪੁਰ ਹੈ। ਕਿਉਂਕਿ ? ਇਥੇ ਤਸਕਰੀ ਦੇ ਮਾਮਲੇ ਸਭ ਤੋਂ ਵੱਧ ਹੁੰਦੇ ਹਨ। ਬੱਚਿਆਂ ਦੀ ਟ੍ਰੈਫਿਕਿੰਗ, ਮਜ਼ਦੂਰੀ, ਵੇਸ਼ਵਾਗਿਰੀ 'ਤੇ ਭੀਖ ਆਦਿ ਮੰਗਣ ਲਈ ਵੀ ਹਰ ਥਾਂ 'ਤੇ ਤਸਕਰੀ ਕੀਤੀ ਜਾਂਦੀ ਹੈ। ਇਸ ਮੁੱਦੇ ਦੇ ਉੱਪਰ ਪਿਛਲੇ ਸਮਿਆਂ ਵਿਚ ਸਰਕਾਰਾਂ 'ਤੇ ਏਜੰਸੀਆਂ ਨੇ ਸੰਵੇਦਨਸ਼ੀਲਤਾ ਪ੍ਰਗਟ ਕੀਤੀ ਸੀ ਅਤੇ ਟਰੈਫਿਕ ਦੇ ਖਿਲਾਫ਼ ਥੋੜ੍ਹੀ ਜਿਹੀ ਕਾਰਵਾਈ ਵੀ ਕੀਤੀ ਗਈ ਸੀ। ਪਰ ! ਇਸ ਉੱਪਰ ਪੂਰੀ ਤਰ੍ਹਾਂ ਲਗਾਮ ਨਹੀਂ ਲਗਾਈ ਗਈ ਸੀ, ਜਦ ਕਿ ਸੱਖਤ ਕਾਨੂੰਨ ਬਣਾਉਣ ਦੇ ਨਾਲ-ਨਾਲ ਪੁਲੀਸ ਵਲੋਂ ਵੀ ਸਖਤੀ ਨਾਲ ਕਾਰਵਾਈ ਕਰਨ ਦੀ ਜ਼ਰੂਰਤ ਹੈ। ਸਮਾਜ ਅੰਦਰ ਚੇਤਨਾ ਅਤੇ ਜਾਗਰੂਕਤਾ ਲਿਆਉਣ ਲਈ ਵੀ ਹਰ ਪੱਧਰ 'ਤੇ ਹਰ ਤਰ੍ਹਾਂ ਦੇ ਯਤਨ ਕਰਨੇ ਚਾਹੀਦੇ ਹਨ। ਪਰ ! ਨਾ ਤਾਂ ਹਾਕਮਾਂ ਵਲੋਂ 'ਤੇ ਨਾ ਹੀ ਸਮਾਜ ਅੰਦਰ ਗਰੀਬੀ ਦੂਰ ਕਰਨ ਲਈ ਬੱਚਿਆਂ ਵਲੋਂ ਭੀਖ ਮੰਗਣ 'ਤੇ ਸਖਤੀ ਨਾਲ ਕਾਰਵਾਈ ਕਰਨ ਅਤੇ ਗਰੀਬੀ-ਗੁਰਬਤ ਜੋ ਉਪਰੋਕਤ ਲਾਹਨਤਾਂ ਦੀ ਜੜ੍ਹ ਗਰੀਬੀ ਹੈ, ਉਸ ਦੇ ਖਾਤਮੇ ਲਈ ਬੁਨਿਆਦੀ ਕਦਮ ਜੋ ਪੁੱਟੇ ਜਾਣ ਦੀ ਜ਼ਰੂਰਤ ਹੈ, ਵੱਲ ਧਿਆਨ ਹੀ ਨਹੀਂ ਦਿੱਤਾ ਜਾ ਰਿਹਾ ਹੈ।



ਪਿਛਲੇ ਪੰਜ ਸਾਲਾਂ ਵਿੰਚ 2.75 ਲੱਖ ਬੱਚੇ ਜਿਨ੍ਹਾਂ 'ਚ 77-ਫੀ ਸਦ ਲੜਕੀਆਂ ਸਨ "ਕੇਂਦਰੀ ਇਸਤਰੀ ਅਤੇ ਬਾਲ ਵਿਕਾਸ ਮੰਤਰਾਲੇ" ਮੁਤਾਬਿਕ ਗੁੰਮ ਹੋਏ। ਲਾਪਤਾ ਬੱਚਿਆਂ ਵਿੱਜ 2-12 ਸਾਲ ਦੀਆਂ ਲੜਕੀਆਂ ਸਨ। ਬੱਚਿਆਂ ਦੇ ਲਾਪਤਾ ਹੋਣ ਦੇ ਮਾਮਲੇ ਵਿੱਚ ਲੜਕਿਆਂ ਨਾਲੋਂ ਲੜਕੀਆਂ ਦੀ ਗਿਣਤੀ ਤਿੰਨ ਗੁਣਾ ਜ਼ਿਆਦਾ ਸੀ। "ਲੋਕ ਸਭਾ" ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਿਕ 2018 ਵਿੱਚ ਜੂਨ-2023 ਤੱਕ ਕੁੱਲ 2,75,125 ਬੱਚੇ ਲਾਪਤ ਹੋਏ। ਜਿਨ੍ਹਾਂ ਵਿਚੋਂ 2.4 ਲੱਖ ਬੱਚਿਆਂ ਨੂੰ ਲੱਭ ਲਿਆ ਗਿਆ। ਜਿਨ੍ਹਾਂ ਵਿਚੋਂ 1.73 ਲੱਖ ਲੜਕੀਆਂ ਸਨ। ਬੱਚਿਆਂ ਅਤੇ ਇਸਤਰੀਆਂ ਦੇ ਲਾਪਤਾ ਹੋਣ ਦੇ ਸਭ ਤੋਂ ਵੱਧ ਮਾਮਲੇ ਮੱਧ-ਪ੍ਰਦੇਸ਼ ਅਤੇ ਦਿੱਲੀ 'ਚ ਆਏ ਹਨ। ਸਾਲ 2019-21 ਦੇ ਵਿਚਕਾਰ ਤਕਰੀਬਨ 83-ਹਜ਼ਾਰ ਇਸਤਰੀਆਂ ਅਤੇ ਲੜਕੀਆਂ ਲਾਪਤਾ ਹੋਈਆਂ। ਜਦ ਕਿ 61-ਹਜ਼ਾਰ ਤੋਂ ਜ਼ਿਆਦਾ ਬੱਚੇ ਮੱਧ-ਪ੍ਰਦੇਸ਼ 'ਚੋਂ ਲਾਪਤਾ ਹੋਏ। ਰੀਪੋਰਟ ਦੇ ਮੁਤਾਬਿਕ 7-ਰਾਜਾਂ (ਸੱਤ ਰਾਜਾਂ) ਮੱਧ-ਪ੍ਰਦੇਸ਼, ਪੱਛਮੀ ਬੰਗਾਲ, ਉਡੀਸਾ, ਕਰਨਾਟਕਾ, ਗੁਜਰਾਤ, ਦਿੱਲੀ ਤੇ ਛੱਤੀਸਗੜ੍ਹ 'ਚ ਸਭ ਤੋਂ ਵੱਧ ਬੱਚੇ ਲਾਪਤਾ ਹੋਏ ਹਨ। ਇਨ੍ਹਾਂ ਰਾਜਾਂ ਵਿੱਚ ਲਾਪਤਾ ਹੋਏ ਬੱਚਿਆਂ ਦੀ ਗਿਣਤੀ 2.14 ਲੱਖ ਹੈ। ਭਾਵ! ਕੁੱਲ ਲਾਪਤਾ ਬੱਚਿਆਂ ਵਿਚੋਂ 78-ਫੀਸਦ ਬੱਚੇ ਇਨ੍ਹਾਂ ਰਾਜਾਂ ਵਿੱਚ ਹੀ ਹਨ।

ਯੂ.ਐਨ.ਐਫ.ਪੀ.ਏ (ਸੰਯੁਕਤ ਰਾਸ਼ਟਰ ਜਨਸੰਖਿਆ ਕੋਸ਼) ਦੀ ਰੀਪੋਰਟ ਤਿੰਨ ਸਾਲ ਪਹਿਲਾ ਜੋ 2020 'ਚ ਸਾਹਮਣੇ ਆਈ ਸੀ, ਉਸ ਦੇ ਮੁਤਾਬਿਕ ਦੁਨੀਆਂ ਭਰ ਵਿੱਚ ਪਿਛਲੇ 50 ਸਾਲਾਂ ਵਿੱਚ ਲਾਪਤਾ ਹੋਣ ਵਾਲੀਆਂ ਇਸਤਰੀਆਂ ਦੀ ਗਿਣਤੀ 14.26-ਕਰੋੜ ਹੈ। ਜਿਸ ਵਿੱਚ ਭਾਰਤ ਦੀਆਂ ਇਸਤਰੀਆਂ ਦੀ ਗਿਣਤੀ 4.58 ਕਰੋੜ ਭਾਵ! ਇਕ ਤਿਹਾਈ ਹੈ। ਇਸ ਮਾਮਲੇ ਵਿਚ ਭਾਰਤ ਦਾ ਨੰਬਰ ਚੀਨ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦਾ ਹੈ। ਜਿਥੇ ਲਾਪਤਾ ਹੋਣ ਵਾਲੀਆਂ ਇਸਤਰੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ 7.23 ਕਰੋੜ ਹੈ। ਭਾਵ ! ਸਾਡੇ ਭਾਰਤ ਅਤੇ ਚੀਨ ਤੋਂ ਲਾਪਤਾ ਹੋਣ ਵਾਲੀਆਂ ਇਸਤਰੀਆਂ ਦੀ ਗਿਣਤੀ ਦਾ 90.95-ਫੀ ਸੱਦ ਸਿਰਫ਼ ਇਸਤਰੀਆਂ 'ਤੇ ਬੱਚੇ ਮਨੁੱਖੀ ਤਸਕਰੀ ਦਾ ਸ਼ਿਕਾਰ ਹੁੰਦੇ ਹਨ। "ਸਾਬਕਾ ਆਈ.ਪੀ.ਐਸ. ਅਧਿਕਾਰੀ ਅਤੇ ਗੁਜਰਾਤ ਮਨੁੱਖੀ ਅਧਿਕਾਰ ਆਯੋਗ ਦੇ ਮੈਂਬਰ ਸੁਧੀਰ ਸਿਨਹਾ" ਦੇ ਮੁਤਾਬਿਕ ਬੱਚਿਆਂ, ਲੜਕੀਆਂ ਅਤੇ ਇਸਤਰੀਆਂ ਦੀ ਤਸਕਰੀ ਕਰਕੇ ਇਕ ਰਾਜ ਤੋਂ ਦੂਜੇ ਰਾਜ ਵਿਚ ਲਿਜਾਇਆ ਜਾਂਦਾ ਹੈ। ਜਿਥੇ ਉਨ੍ਹਾਂ ਪਾਸੋਂ ਸਮਾਜ ਵਿਰੋਧੀ ਕੰਮ, ਵੇਸ਼ਵਾ-ਗਿਰੀ, ਭੀਖ ਮੰਗਾਉਣੀ, ਮਜ਼ਦੂਰੀ ਤਹਿਤ ਹੋਰ ਅਨੇਕਾਂ ਹੀ ਕੰਮ ਕਰਵਾਏ ਜਾਂਦੇ ਹਨ। ਇਸ ਦੀ ਵਜ੍ਹਾ ਕਰਕੇ ਹੀ ਪੁਲੀਸ ਸਿਸਟਮ ਗੁੰਮਸ਼ੁਦਗੀ ਦੇ ਮਾਮਲਿਆਂ ਵਿਚ ਗੰਭੀਰਤਾ ਨਾਲ ਕੰਮ ਨਹੀ ਕਰਦਾ। ਜਦ ਕਿ ਇਹੋ ਜਿਹੇ ਮਾਮਲਿਆਂ ਵਿੱਚ ਇਹ ਕਿਸੇ ਦੀ ਹੱਤਿਆ ਕਰਨ ਤੋਂ ਵੀ ਜ਼ਿਆਦਾ ਗੰਭੀਰ ਕੇਸ ਹੁੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁੰਮਸ਼ੁਦਗੀ ਦੀ ਜਾਂਚ ਹੱਤਿਆ ਦੇ ਮਾਮਲਿਆਂ ਦੀ ਤਰ੍ਹਾਂ ਹੀ ਤੁਰੰਤ, ਜਲਦੀ ਤੇ ਸਖਤੀ ਨਾਲ ਕਰਨੀ ਚਾਹੀਦੀ ਹੈ।" ਇਸਤਰੀਆਂ ਅਤੇ ਬੱਚਿਆਂ ਵਿਰੁੱਧ ਜਿਨਸੀ ਹਿੰਸਾ ਵਿਚ ਇਸ ਸਮੇਂ ਦੇਸ਼ ਅੰਦਰ ਵੱਡਾ ਵਾਧਾ ਹੋਇਆ ਹੈ। ਬੇਰਹਿਮੀ, ਦਹਿਸ਼ਤ ਦੇ ਬਹੁਤ ਸਾਰੇ ਕੇਸ ਅਤੇ ਇਸਤਰੀ 'ਤੇ ਬਾਲ ਤਸਕਰੀ ਦੇ ਮਾਮਲਿਆਂ 'ਚ ਬਹੁਤ ਤੇਜ਼ੀ ਨਾਲ ਸਮਾਜ ਅੰਦਰ ਵਾਧਾ ਵੀ ਨੋਟ ਕੀਤਾ ਜਾ ਰਿਹਾ ਹੈ। ਮਹਾਂਮਾਰੀ ਦੇ ਸਮੇਂ ਦੌਰਾਨ ਇਸਤਰੀਆਂ ਵਿਰੁੱਧ ਘਰੇਲੂ ਹਿੰਸਾ ਅਤੇ ਗਰੀਬੀ-ਗੁਰਬਤ ਕਾਰਨ ਉਨ੍ਹਾਂ ਦਾ ਉਧਾਲਾ ਵੀ ਬਹੁਤ ਤੇਜ਼ੀ ਨਾਲ ਹੋਇਆ ਸੀ। ਦੋਸ਼ੀਆਂ 'ਤੇ ਦੋਸ਼ ਨਿਰਧਾਰਿਤ ਕਰਨ ਦੀ ਦਰ ਭਾਵੇਂ ਸਾਹਮਣੇ ਆਈ ਹੈ, ਪਰ ! ਅਮਲੀ ਰੂਪ ਵਿੱਚ ਅਗੇ ਕਾਰਵਾਈ ਕੋਈ ਅਰਥ ਭਰਪੂਰ ਸਿੱਟੇ ਨਹੀਂ ਕੱਢਦੀ ਹੈ, ਤਾਂ ਪੀੜਤਾਂ ਦੇ ਮੁੜ ਵਸੇਬੇ ਲਈ ਵੀ ਅੱਗੋਂ ਕੋਈ ਕਾਰਵਾਈ ਦਾ ਸਮੇਂ ਸਿਰ ਨਾ ਹੋਣਾ ਵੀ ਸਗੋਂ ਦੋਸ਼ੀਆਂ ਦਾ ਸਮਾਜ ਅੰਦਰ ਵੱਧ ਗਿਣਤੀ ਅਤੇ ਹੱਲਾ-ਸ਼ੇਰੀ ਨਾਲ ਸਰਗਰਮ ਹੋਣਾ ਚਿੰਤਾਜਨਕ ਹੈ।

ਸਮੁੱਚੇ ਤੌਰ ਤੇ ਜਿਨ੍ਹਾ ਚਿਰ ਅਮਲੀ ਤੌਰ ਵਿਚ ਦੇਸ਼ ਅੰਦਰ ਇਸਤਰੀਆਂ ਨੂੰ ਸੰਵਿਧਾਨਿਕ, ਆਰਿਥਕ, ਬਰਾਬਰਤਾ ਦੇ ਅਮਲੀ ਅਧਿਕਾਰ, ਲਾਜ਼ਮੀ ਮੁਫ਼ਤ ਸਿੱਖਿਆ ਅਤੇ ਰੁਜ਼ਗਾਰ ਨਹੀ ਮਿਲਦਾ, ਉਹ ਆਪਣੇ ਬਲਬੂਤੇ ਆਰਥਿਕ ਤੌਰ 'ਤੇ ਖੜੀ ਨਹੀਂ ਹੋ ਸਕਦੀ ਤਾਂ ਉਹ ਉਨਾ ਚਿਰ ਸਮਾਜਿਕ, ਆਰਥਿਕ ਬੁਰਾਈਆਂ ਤੋਂ, ਜੋ ਸਮਾਜ ਦੀ ਦੇਣ ਹਨ ਉਨ੍ਹਾਂ ਵਿਰੁੱਧ ਕਿਵੇਂ ਲੜ ਸਕਦੀ ਹੈ ? ਅਜਿਹੇ ਬੱਚਿਆਂ ਨੂੰ ਲਾਜ਼ਮੀ ਮੁਫ਼ਤ ਸਿੱਖਿਆ ਅਤੇ ਰੁਜ਼ਗਾਰ, ਸਿੱਖਿਆ ਦੌਰਾਨ ਹੀ ਕੰਮ ਦੀ ਸਿੱਖਿਆ ਅਤੇ ਲਾਜਮੀ ਖੇਡਾਂ ਨੂੰ ਅਮਲ 'ਚ ਅਪਨਾਉਣ ਲਈ ਸਿਰ ਤੋੜ ਇਛਾ ਸ਼ਕਤੀ ਅਤੇ ਯਤਨ ਹੋਣੇ ਚਾਹੀਦੇ ਹਨ। ਬੱਚਿਆਂ ਦੇ ਮਾਂ-ਬਾਪ ਨੂੰ ਰੁਜ਼ਗਾਰ ਦਾ ਪ੍ਰਬੰਧ, ਸਿਹਤ ਅਤੇ ਸਮਾਜ ਦੇ ਅੰਦਰ ਬਰਾਬਰ ਲਈ ਉੱਠਣ ਦੇ ਆਰਥਿਕ ਮੌਕੇ ਮਿਲਣੇ ਚਾਹੀਦੇ ਹਨ। ਇਸਤਰੀਆਂ ਅਤੇ ਬੱਚਿਆਂ ਦੇ ਉਧਾਲੇ, ਤਸਕਰੀ ਅਤੇ ਗੁੰਮਸ਼ੁਦਾ ਜਿਹੇ ਮਨੁੱਖੀ ਅਪਰਾਧਾਂ ਨੂੰ ਰੋਕਣ ਲਈ ਸਖਤ ਕਾਨੂੰਨ ਅਤੇ ਦੋਸ਼ੀਆਂ ਲਈ ਸਖਤ ਸਜਾਵਾਂ ਹੋਣੀਆਂ ਚਾਹੀਦੀਆਂ ਹਨ। ਦੇਸ਼ ਅੰਦਰ ਗਰੀਬੀ-ਗੁਰਬਤ ਦੇ ਖਾਤਮੇ ਲਈ ਵੀ ਵਿਧਾਨਕ ਕਾਰਵਾਈ ਹੋਣੀ ਚਾਹੀਦੀ ਹੈ। ਬੇ-ਰੁਜ਼ਗਾਰੀ ਅਤੇ ਆਰਥਿਕ-ਅਸਮਾਨਤਾ ਦਾ ਖਾਤਮਾ, ਸਭ ਲਈ ਸਿੱਖਿਆ ਅਤੇ ਸਭ ਲਈ ਰੁਜ਼ਗਾਰ ਦਾ ਅਮਲੀ ਰੂਪ ਵਿੱਚ ਸੰਵਿਧਾਨਕ ਹੱਕ ਜਿਨਾ ਚਿਰ ਨਹੀਂ ਮਿਲਦਾ ਹੈ, ਉਨ੍ਹਾਂ ਚਿਰ ਉਪਰੋਕਤ ਬੀਮਾਰੀਆਂ ਦਾ ਖਾਤਮਾ ਨਹੀਂ ਹੋ ਸਕਦਾ ਹੈ। ਇਸ ਲਈ ਇਸਤਰੀ ਜੱਥੇਬੰਦੀਆਂ, ਜਮਹੂਰੀ ਸੋਚ ਵਾਲੇ ਲੋਕਾਂ ਅਤੇ ਖੱਬੀਆਂ ਧਿਰਾਂ ਨੂੰ ਉਪਰੋਕਤ ਬੀਮਾਰੀਆਂ ਦੇ ਖਾਤਮੇ ਲਈ ਜਿਥੇ ਆਮ ਲੋਕਾਂ ਨੂੰ ਜਾਗਰੂਕ ਕਰਨਾ ਹੈ, ਉਥੇ ਹਾਕਮਾਂ 'ਤੇ ਵੀ ਉਪਰੋਕਤ ਬੀਮਾਰੀਆਂ ਨੂੰ ਰੋਕਣ ਦਾ ਦਬਾਓ ਪਾਉਂਦੇ ਰਹਿਣਾ ਚਾਹੀਦਾ ਹੈ।


# ਪੁਸਤਕ ਸਮੀਖਿਆ

## ਦੇਖਿਓ ! ਕਿਤੇ ਭੁੱਲ ਨਾ ਜਾਇਓ

**ਰੀਵਿਊਕਾਰ:ਬਲਜਿੰਦਰ ਮਾਨ 98150-18947**
**ਲੇਖਿਕਾ: ਮਨਦੀਪ ਰਿੰਪੀ**
**ਪ੍ਰਕਾਸ਼ਕ ਹਜ਼ੂਰੀਆ ਐਂਡ ਸੰਨਜ਼ ਜਲੰਧਰ, ਪੰਨੇ:55, ਮੁੱਲ :140/-**

ਸਾਹਿਤ ਜਗਤ ਵਿਚ ਖਾਸ ਕਰ ਬਾਲ ਸਾਹਿਤ ਜਗਤ ਵਿਚ ਮਨਦੀਪ ਰਿੰਪੀ ਦਾ ਨਾਮ ਬੜਾ ਉੱਘਾ ਹੈ। ਉਹ ਇਕ ਸਫ਼ਲ ਅਧਿਆਪਕਾ ਦੇ ਨਾਲ ਮਹੀਨ ਨਜ਼ਰੀਏ ਵਾਲੀ ਲੇਖਿਕਾ ਵੀ ਹੈ।'ਦੇਖਿਓ! ਕਿਤੇ ਭੁੱਲ ਨਾ ਜਾਇਓ' ਪੁਸਤਕ ਦਾ ਮਨੋਰਥ ਬੱਚਿਆਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਨਾ ਹੈ। ਇਹਨਾਂ ਕਹਾਣੀਆਂ ਵਿਚ ਨਾਟਕ ਅਤੇ ਨਾਵਲ ਦੀਆਂ ਝਲਕਾਂ ਵੀ ਦਿਖਾਈ ਦਿੰਦੀਆਂ ਹਨ। ਲੇਖਿਕਾ ਸਾਨੂੰ ਸੰਵਾਦ ਰਚਾਉਣ ਲਈ ਪ੍ਰੇਰਦੀ ਹੈ। ਅਸਲ ਵਿਚ ਸਾਡੇ ਜੀਵਨ ਵਿਚ ਆਈਆਂ ਉਲਝਣਾ ਦਾ ਮੁੱਖ ਕਾਰਨ ਸਾਡਾ ਆਪਸੀ ਸੰਵਾਦ ਭਾਵ ਗੱਲ-ਬਾਤ ਦਾ ਬੰਦ ਹੋ ਜਾਣਾ ਹੈ। ਸਾਰਾ ਕੁੱਝ ਫੋਨ ਵਿਚ ਹੀ ਸਿਮਟ ਕੇ ਰਹਿ ਗਿਆ ਹੈ। ਅਸੀਂ ਘਰ ਵਿਚ ਬੈਠੇ ਚਾਰ ਜੀਅ ਵੀ ਅਲੱਗ ਅਲੱਗ ਹਾਂ। ਇਸ ਪੁਸਤਕ ਵਿਚ ਸਿਮਰਨ ਆਪਣੀ ਮੰਮੀ, ਦਾਦੀ, ਨਾਨੀ ਅਤੇ ਘਰ ਦੇ ਹੋਰ ਮੈਬਰਾਂ ਨਾਲ ਵਾਰਤਾਲਾਪ ਕਰਦੀ ਹੋਈ ਵੱਡੇ ਵੱਡੇ ਸਵਾਲ ਪੁੱਛਦੀ ਹੈ। ਇਹ ਸਭ ਸਵਾਲ ਸਿੱਖ ਇਤਿਹਾਸ ਨਾਲ ਸਬੰਧਿਤ ਹਨ।

ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਬਾਰੇ ਉਸਦੀ ਦਾਦੀ ਅਤੇ ਮਾਤਾ ਪਿਤਾ ਬੜੇ ਰੌਚਕ ਢੰਗ ਨਾਲ ਦੱਸਦੇ ਹਨ ਤਾਂ ਕਿ ਬੱਚੀ ਨੂੰ ਆਪਣੀ ਅਮੀਰ ਵਿਰਾਸਤ ਬਾਰੇ ਜਾਣਕਾਰੀ ਮਿਲ ਸਕੇ।




ਹੱਥਲੀ ਪੁਸਤਕ 'ਦੇਖਿਓ! ਕਿਤੇ ਭੁੱਲ ਨਾ ਜਾਇਓ' ਵਿਚ ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਬਚਿੱਤਰ ਸਿੰਘ, ਮਾਈ ਭਾਗੋ, ਚਾਰ ਸਾਹਿਬਜ਼ਾਦੇ, ਗੁਰਦੁਆਰਾ ਭੱਠਾ ਸਾਹਿਬ, ਸਰਹਿੰਦ ਆਦਿ ਬਾਰੇ ਬੜੀਆ ਪਾਏਦਾਰ ਗੱਲਾਂ ਸਿਮਰਨ ਅਤੇ ਸਮਰੀਤ ਨੂੰ ਦੱਸੀਆਂ ਹਨ। ਇਕ ਥਾਂ ਬੱਚੀਆਂ ਬੜਾ ਕਮਾਲ ਦਾ ਸਵਾਲ ਕਰਦੀਆਂ ਹਨ। ਜਦੋਂ ਬੱਚਿਆਂ ਨੂੰ ਕਾਰਟੂਨ ਚੈਨਲ ਦੇ ਪ੍ਰਭਾਵਾਂ ਬਾਰੇ ਕਿਹਾ ਜਾਂਦਾ ਹੈ ਤਾਂ ਅੱਗੋਂ ਬੱਚੀਆਂ ਆਖਦੀਆਂ ਹਨ: ਉਨਾਨਾ ਜੀ! ਤੁਸੀਂ ਕਿਹੜਾ ਕਦੀ ਸਾਨੂੰ ਸੂਰਬੀਰਾਂ ਬਾਰੇ ਦੱਸਿਆ ਹੈ?" ਜੇ ਕੁੱਝ ਦੱਸੋਗੇ ਤਦ ਹੀ ਸਾਨੂੰ ਜਾਣਕਾਰੀ ਮਿਲੇਗੀ'। ਬੱਚਿਆਂ ਦਾ ਇਹ ਸਵਾਲ ਮਾਪਿਆਂ ਤੇ ਅਧਿਆਪਕਾਂ ਨੂੰ ਹਲੂਣਾ ਮਾਰਨ ਵਾਲਾ ਹੈ। ਜਿਹੜੇ ਮਾਪੇ ਆਪਣੇ ਕੰਮਾਂ ਵਿਚ ਮਸ਼ਰੂਫ ਹਨ ਅਤੇ ਬੱਚਿਆਂ ਨੂੰ ਆਪਣੀ ਮਾਤ ਭਾਸ਼ਾ, ਵਿਰਾਸਤ ਅਤੇ ਇਤਿਹਾਸ ਨਾਲ ਨਹੀਂ ਜੋੜ ਰਹੇ। ਉਹ ਬੱਚਿਆਂ ਵਿਚ ਆ ਰਹੀਆਂ ਕੁਰੀਤੀਆਂ ਲਈ ਜ਼ਿੰਮੇਵਾਰ ਹਨ। ਇਸ ਤਰ੍ਹਾਂ ਇਸ ਪੁਸਤਕ ਰਾਹੀਂ ਮਾਪੇ ਅਧਿਆਪਕ, ਹਾਕਮ ਅਤੇ ਧਾਰਮਿਕ ਆਗੂਆਂ ਨੂੰ ਵੀ ਸੱਚੋ ਸੱਚ ਨਿਤਾਰਨ ਦੀ ਨਸੀਹਤ ਕੀਤੀ ਗਈ ਹੈ।

ਸਿੱਖ ਕੁਰਬਾਨੀਆਂ ਦੀਆਂ ਇਹਨਾਂ ਕਥਾਵਾਂ ਰਾਹੀਂ ਅਸੀਂ ਆਪਣੀ ਨਵੀਂ ਪਨੀਰੀ ਨੂੰ ਜਿੱਥੇ ਬੁੱਧੀਮਾਨ ਬਣਾ ਸਕਦੇ ਹਾਂ ਉਥੇ ਉਹਨਾਂ ਅੰਦਰ ਉਚੇਰੀਆਂ ਕਦਰਾਂ-ਕੀਮਤਾਂ ਦਾ ਜਜ਼ਬਾ ਵੀ ਭਰ ਸਕਦੇ ਹਾਂ। ਪੁਸਤਕ ਦਾ ਹਰ ਪੰਨਾ ਸਾਡੇ ਅੰਦਰ ਨਵੀਆਂ ਤੇ ਨਰੋਈਆ ਸੋਚਾਂ ਨੂੰ ਉਪਜਾਉਂਦਾ ਹੈ। ਜ਼ਾਲਮਾਂ ਦੀਆਂ ਕੂਟਨੀਤੀਆਂ, ਬੱਚਿਆਂ ਤੇ ਤਸ਼ੱਦਦ ਦੀਆਂ ਘਟਨਾਵਾਂ ਸਾਨੂੰ ਇਨਸਾਨੀਅਤ ਤੇ ਪਹਿਰਾ ਦੇਣ ਵਾਸਤੇ ਤਿਆਰ ਕਰਦੀਆਂ ਹਨ। ਇਹ ਰਚਨਾਵਾਂ ਇਸ ਧਰਤੀ 'ਤੇ ਕਦੀ ਵੀ, ਕਿਤੇ ਵੀ ਮਨੁੱਖਤਾ ਦਾ ਘਾਣ ਨਾ ਹੋਵੇ ਸਗੋਂ ਬੇਗਮਪੁਰਾ ਹਰ ਥਾਂ ਵਸਦਾ ਦਿਖਾਈ ਦੇਵੇ ਦੇ ਟੀਚੇ ਦੀ ਪ੍ਰਾਪਤੀ ਵਾਸਤੇ ਤਿਆਰ ਕਰਦੀ ਹੈ।

ਲੇਖਿਕਾ ਨੇ ਆਪਣੀ ਨਿਵੇਕਲੀ ਸ਼ੈਲੀ ਵਿਚ ਸਿਰਜੀ ਇਸ ਪੁਸਤਕ ਰਾਹੀਂ ਬੱਚਿਆਂ ਨੂੰ ਆਧੁਨਿਕ ਸਮੇਂ ਦੇ ਹਾਣੀ ਬਨਾਉਣ ਦਾ ਯਤਨ ਕੀਤਾ ਹੈ। ਉਹਨਾਂ ਦੇ ਦਿਲ ਵਿਚੋਂ ਡਰ ਭੈਅ ਅਤੇ ਭਰਮ ਭੁਲੇਖੇ ਦੂਰ ਕੀਤੇ ਹਨ। ਸਵੈ ਵਿਸ਼ਵਾਸ਼, ਹਿੰਮਤ ਅਤੇ ਦ੍ਰਿੜਤਾ ਵਰਗੇ ਗੁਣਾਂ ਨੂੰ ਉਪਜਾਇਆ ਗਿਆ ਹੈ।ਸਿੱਖ ਇਤਿਹਾਸ ਦੇ ਪੰਨਿਆਂ ਨੂੰ ਬੱਚਿਆਂ ਅੱਗੇ ਬੜੇ ਕਲਾਤਮਿਕ ਢੰਗ ਨਾਲ ਪਰੋਸਿਆ ਹੈ।ਵਾਰਤਾਲਾਪ ਰਾਹੀਂ ਸਿਰਜੀ ਜਾਂਦੀ ਕਥਾ ਪਾਠਕ ਨੂੰ ਨਾਲ ਲੈ ਤੁਰਦੀ ਹੈ। ਪਾਠਕ ਨੂੰ ਹਰ ਦ੍ਰਿਸ਼ ਸਾਹਮਣੇ ਵਾਪਰਦਾ ਪ੍ਰਤੀਤ ਹੁੰਦਾ ਹੈ। ਸਮੇਂ ਅਤੇ ਸਥਾਨ ਅਨੁਸਾਰ ਕਰਵਾਈ ਵਾਰਤਾਲਾਪ ਸਾਡੇ ਅੰਦਰ ਸਿੱਖੀ ਸਿਧਾਂਤਾਂ ਪ੍ਰਤੀ ਸ਼ਰਧਾ ਅਤੇ ਸਤਿਕਾਰ ਪੈਦਾ ਕਰਦੀ ਹੈ।ਇਹਨਾਂ ਘਟਨਾਵਾਂ ਦਾ ਬਾਲ ਮਾਨਸਿਕਤਾ ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਰਣਬੀਰ ਸਿੰਘ ਦੇ ਰੌਚਕ ਚਿੱਤਰਾਂ ਨਾਲ ਸ਼ਿਗਾਰੀ ਇਹ ਪੁਸਤਕ ਬਾਲ ਮਨਾਂ ਅੰਦਰ ਨਵੇਂ ਤੇ ਨਰੋਏ ਸੁਪਨੇ ਸੰਜੋਣ ਦਾ ਮਹਾਨ ਕਾਰਜ ਕਰਦੀ ਹੈ। ਸਰਲ ਭਾਸ਼ਾ ਵਿਚ ਸਿਰਜੀਆਂ ਕਹਾਣੀਆਂ ਸਾਨੂੰ ਆਪਣੇ ਪਿਛੋਕੜ ਬਾਰੇ ਪਾਏਦਾਰ ਜਾਣਕਾਰੀ ਪ੍ਰਦਾਨ ਕਰਦੀਆਂ ਹੋਈਆਂ ਭਵਿੱਖ ਲਈ ਤਿਆਰ ਕਰਦੀਆਂ ਹਨ।

# ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਸੜੋਆ ਵਲੋਂ ਅਤੇ ਸ਼੍ਰੀ ਚਰਨ ਛੋਹ ਗੰਗਾ ਪ੍ਰਬੰਧਕ ਕਮੇਟੀ ਵਲੋਂ ਅੱਖਾਂ ਦਾ ਮੁਫਤ ਆਪ੍ਰੇਸ਼ਨ/ਜਾਂਚ ਕੈਂਪ ਚਾਂਦਪੁਰ ਰੁੜਕੀ 'ਚ 30 ਨੂੰ- ਨਾਜਰ ਰਾਮ ਮਾਨ



**ਸੜੋਆ (ਸਤਨਾਮ ਸਿੰਘ ਸਹੂੰਗੜਾ)** ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ (ਰਜਿ:) ਸੜੋਆ ਅਤੇ ਸ਼੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ਼੍ਰੀ ਚਰਨ ਛੋਹ ਗੰਗਾ ਅਮ੍ਰਿਤ ਕੁੰਡ ਸ਼੍ਰੀ ਖੁਰਾਲਗੜ੍ਹ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਬਾਬਾ ਗੁਰਦਿੱਤਾ ਜੀ ਪਿੰਡ ਚਾਂਦਪੁਰ ਰੁੜਕੀ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪਿਛਲੇ ਇਆਲ ਦੀ ਤਰ੍ਹਾਂ ਇਸ ਵਾਰ ਵੀ ਅੱਖਾਂ ਦਾ 8 ਵਾਂ ਸਲਾਨਾ ਲੈਂਜ਼ਾਂ ਵਾਲਾ ਚੈਕਅੱਪ ਮੁਫਤ ਆਪ੍ਰੇਸ਼ਨ ਕੈਂਪ 30 ਅਕਤੂਬਰ ਦਿਨ ਸੋਮਵਾਰ ਨੂੰ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਪਿੰਡ ਚਾਂਦਪੁਰ ਰੁੜਕੀ ਬਲਾਕ ਸੜੋਆ ਵਿਖੇ ਲਗਾਇਆ ਜਾ ਰਿਹਾ ਹੈ। ਕੈਂਪ ਸੰਬੰਧੀ ਪਿੰਡ ਪੋਜੇਵਾਲ ਵਿਖੇ ਪੋਸਟਰ ਜਾਰੀ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਸ਼੍ਰੀ ਨਾਜਰ ਰਾਮ ਮਾਨ ਸਾਬਕਾ ਜਿਲ੍ਹਾ ਸਿੱਖਿਆ ਅਫਸਰ ਅਤੇ ਪ੍ਰੋਫੈਸਰ ਵਰਿੰਦਰ ਕੁਮਾਰ ਬਛੌੜੀ ਨੇ ਦੱਸਿਆ ਕਿ ਸੁਸਾਇਟੀ ਵਲੋਂ ਇਹ ਕੈਂਪ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਦੇ ਵਿਸ਼ੇਸ਼ ਉਪਰਾਲੇ ਨਾਲ ਲਗਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸੁਸਾਇਟੀ ਹੁਣ ਤੱਕ ਸੱਤ ਕੈਂਪ ਲਗਾ ਕੇ ਲੋੜਵੰਦ ਮਰੀਜਾਂ ਦੇ ਆਪ੍ਰੇਸ਼ਨ, ਐਨਕਾਂ ਅਤੇ ਦਵਾਈਆਂ ਪ੍ਰਦਾਨ ਕਰਵਾ ਚੁੱਕੀ ਹੈ। ਉਹਨਾਂ ਦੱਸਿਆ ਕਿ ਵੈਲਫੇਅਰ ਸੁਸਾਇਟੀ ਹਰ ਸਾਲ ਪਿੰਡ ਸੜੋਆ ਦੇ ਨਵੇਂ ਪਿੰਡ ਵਿਚ ਕੈਂਪ ਲਗਾ ਕੇ ਮਰੀਜਾਂ ਨੂੰ ਮੁਫਤ ਸੇਵਾਵਾਂ ਪ੍ਰਦਾਨ ਕਰਦੀ ਆ ਰਹੀ ਹੈ। ਉਹਨਾਂ ਇਹ ਵੀ ਦੱਸਿਆ ਕਿ ਸੁਸਾਇਟੀ ਇਸ ਕੈਂਪ ਦੀ ਤਿਆਰੀ ਸੰਬੰਧੀ ਵੱਖ-ਵੱਖ ਪਿੰਡਾਂ ਵਿਚ ਲੋੜਵੰਦ ਮਰੀਜਾਂ ਤੱਕ ਪਹੁੰਚ ਕਰ ਰਹੀ ਹੈ। ਉਹਨਾਂ ਦੱਸਿਆ ਕਿ ਆਪ੍ਰੇਸ਼ਨ ਚੈਕਅੱਪ ਕੈਂਪ ਸੰਬੰਧੀ ਸੁਸਾਇਟੀ ਵਲੋਂ ਸਿਹਤ ਵਿਭਾਗ ਦੇ ਉਚ ਅਧਿਕਾਰੀਆ ਨਾਲ ਵੀ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਕੈਂਪ ਨੂੰ ਸਫਲ ਬਣਾਉਣ ਲਈ ਪਿੰਡਾਂ ਅੰਦਰ ਪੋਸਟਰ, ਫਲੈਕਸਾਂ ਅਤੇ ਪ੍ਰਚਾਰ ਵਾਲੀਆਂ ਗੱਡੀਆਂ ਅਗਲੇ ਹਫਤੇ ਰਵਾਨਾ ਕੀਤੀਆ ਜਾ ਰਹੀਆ ਹਨ। ਉਹਨਾਂ ਦੱਸਿਆ ਕਿ ਲੋੜਵੰਦ ਅਤੇ ਬੇਸਹਾਰਾ ਮਰੀਜਾਂ ਨੂੰ ਬੱਸ ਅੱਡਾ ਕੁੱਕੜ ਮਜਾਰਾ ਤੋਂ ਕੈਂਪ ਅਸਥਾਨ ਤੱਕ ਗੱਡੀਆਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਉਹਨਾ ਅੱਗੇ ਦੱਸਿਆ ਕਿ ਲੋੜਵੰਦ ਮਰੀਜਾਂ ਦੇ ਆਪ੍ਰੇਸ਼ਨ ਲੁਧਿਆਣਾ ਵਿਖੇ ਅੱਖਾਂ ਦੇ ਮਾਹਿਰ ਡਾਕਟਰਾਂ ਵਲੋਂ ਸੁਸਾਇਟੀ ਆਪਣੇ ਪੱਧਰ ਤੇ ਕਰਵਾਏਗੀ। ਇਸ ਮੌਕੇ ਪ੍ਰਿੰਸੀਪਲ ਪ੍ਰੇਮ ਕੁਮਾਰ ਸਾਹਿਬਾ, ਲੇਖਕ ਬਲਦੇਵ ਝੱਲੀ ਠਠਿਆਲਾ ਢਾਹਾਂ, ਕੈਪਟਨ ਤਰਸੇਮ ਸਿੰਘ ਖੁਰਦਾਂ, ਮਾਸਟਰ ਤੇਲੂ ਰਾਮ ਸਾਬਕਾ ਸਰਪੰਚ ਛਦੌੜੀ, ਮੈਨੇਜਰ ਲਾਲ ਸਿੰਘ ਮਾਨ, ਮੋਹਣ ਲਾਲ ਖਰੌੜ, ਲੈਕਚਰਾਰ ਰਾਜਿੰਦਰ ਕੁਮਾਰ, ਰਾਜ ਕੁਮਾਰ ਮਾਲੇਵਾਲ, ਮਾਸਟਰ ਬਲਵਿੰਦਰ ਨਾਨੋਵਾਲੀਆ, ਮੇਤਾ ਸਿੰਘ ਜੇ ਈ, ਸੋਹਣ ਸਿੰਘ ਸੈਂਪਲਾ ਸਾਬਕਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਚਮਨ ਲਾਲ ਸੜੋਆ, ਮਾਸਟਰ ਮਹਿੰਦਰ ਚੰਦ ਪੋਜੇਵਾਲ, ਮਾਸਟਰ ਚਰਨਜੀਤ ਆਲੋਵਾਲ ਅਤੇ ਗੁਰਦਿਆਲ ਮਾਨ ਵੀ ਹਾਜ਼ਰ ਸਨ।

# ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਇਲਾਕੇ ਦੇ ਲੋਕ ਸਹਿਯੋਗ ਦੇਣ- ਐਸ ਐਚ ਓ. ਭੁੱਲਰ

**ਕਨੇਡਾ ਵੈਨਕੂਵਰ -(ਕੁਲਦੀਪ ਚੁੰਬਰ)**-ਥਾਣਾ ਬੁੱਲ੍ਹੋਵਾਲ ਦੇ ਐਸ ਐਚ ਓ ਬਲਜਿੰਦਰ ਸਿੰਘ ਵਲੋਂ



ਇਲਾਕੇ ਦੇ ਮੋਹਤਵਰ ਵਿਅਕਤੀਆਂ ਨਾਲ ਪਬਲਿਕ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਇਲਾਕੇ ਦੇ ਲੋਕਾਂ ਤੋਂ ਸਹਿਯੋਗ ਦੇਣ ਦੀ ਮੰਗ ਕੀਤੀ ਤਾਂ ਕਿ ਰਾਤ ਸਮੇਂ ਟਿਊਬਵੈਲਾਂ ਦੀਆਂ ਮੋਟਰਾਂ ਦੀਆਂ ਤਾਰਾਂ ਦੀ ਚੋਰੀ ਅਤੇ ਹੋਰ ਘਟਨਾਵਾਂ ਕਰਨ ਵਾਲੇ ਵਿਅਤਕੀਆਂ ਨੂੰ ਫੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਮੁੱਖੀ ਦੇ ਦਿਸ਼ਾਂ-ਨਿਰਦੇਸ਼ਾਂ ਅਧੀਨ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਪੁਲਿਸ ਨੂੰ ਭਾਰੀ ਸਫਲਤਾ ਮਿਲੀ ਹੈ। ਨਸ਼ੇ ਦੇ ਵਿਓਪਾਰੀਆਂ ਨੂੰ ਫੜਨ ਲਈ ਨਾਕੇ ਵਧਾ ਕੇ ਸ਼ੱਕੀ ਵਾਹਨ ਚਾਲਕਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਨਸ਼ੇ ਦਾ ਵਿਉਪਾਰ ਕਰ ਰਹੇ ਛੱਕੀ ਵਿਅਕਤੀਆਂ ਅਤੇ ਨਜਾਇਜ ਮਾਇਨਿੰਗ ਕਰਨ ਵਾਲਿਆਂ ਸਬੰਧੀ ਤੁਰੰਤ ਪੁਲਿਸ ਨੂੰ ਸੂਚਿਤ ਕਰਨ ਅਤੇ ਇਸ ਦੇ ਨਾਲ ਹੀ ਵਾਹਨ ਚਾਲਕਾਂ ਤੋਂ ਲਿਫਟ ਲੈਣ ਅਤੇ ਲਿਫਟ ਦੇਣ ਤੋਂ ਗੁਰੇਜ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸਕੂਲ/ਕਾਲਜਾਂ ਦੇ ਸਮੇਂ ਤੇ ਗੇੜੀਆਂ ਮਾਰਨ ਵਾਲੇ, ਮੋਟਰਸਾਇਕਲਾਂ ਦੇ ਪਟਾਕੇ ਮਾਰਨ ਵਾਲੇ ਜਾਂ ਟਰੈਕਟਰਾਂ ਤੇ ਉੱਚੀ ਆਵਾਜ ਵਿਚ ਵਿਚ ਸੰਗੀਤ ਚਲਾਉਣ ਵਾਲੇ ਵਾਹਨ ਚਾਲਕਾਂ ਦੇ ਚਲਾਣ ਕੱਟਕੇ ਭਾਰੀ ਜੁਰਮਾਨੇ ਕੀਤੇ ਜਾ ਰਹੇ ਹਨ। ਚਾਲਕ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਰਸੀ, ਲਾਇਸੈਸ, ਬੀਮਾ, ਹੈਲਮੈਟ, ਪੇਟੀ, ਸਹੀ ਦਿਸ਼ਾ ਅਤੇ ਸਹੀ ਹੱਥ ਦਾ ਇਸਤੇਮਾਲ ਕਰਨ। ਉਨ੍ਹਾਂ ਕਿਹਾ ਕਿ ਪੁਲਿਸ ਜਨਤਾ ਦਾ ਸਹਿਯੋਗ ਮੰਗਦੀ ਹੈ ਤੇ ਚਾਹੁੰਦੀ ਹੈ ਕਿ ਜੇਕਰ ਕਿਸੇ ਨੂੰ ਕੋਈ ਸਮੱਸਿਆ ਹੋਵੇ ਤਾਂ ਪੁਲਿਸ ਨਾਲ ਤੁਰੰਤ ਸੰਪਰਕ ਕਰਨ।

# ਖੇਡ ਸਟੇਡੀਅਮ ਭੋਆ ਵਿਖੇ ਹੋਣਗੇ ਬਲਾਕ ਪਠਾਨਕੋਟ-2 ਦੇ ਖੇਡ ਮੁਕਾਬਲੇ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਪਠਾਨਕੋਟ -2 ਦੇ ਪ੍ਰਾਇਮਰੀ ਸਕੂਲਾਂ ਦੇ ਕਰਵਾਏ ਜਾਣ ਵਾਲੇ ਬਲਾਕ ਪੱਧਰੀ ਖੇਡ ਮੁਕਾਬਲਿਆਂ ਦੀਆਂ ਸਮੁੱਚੀਆਂ ਤਿਆਰੀਆਂ ਮੁਕੰਮਲ ਕਰ ਲਈਆ ਗਈਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਰੇਸ਼ ਪਨਿਆੜ ਬੀਪੀਈਓ ਪਠਾਨਕੋਟ -2 ਨੇ ਬਲਾਕ ਪਠਾਨਕੋਟ -2 ਦੀ ਖੇਡ ਕਮੇਟੀ, ਹੈਡ ਟੀਚਰਾਂ , ਬਲਾਕ ਦੇ ਸੈਂਟਰ ਹੈਡ ਟੀਚਰਾਂ ਅਤੇ ਅਧਿਕਾਰੀਆਂ ਨਾਲ ਬਲਾਕ ਮੁਕਾਬਲਿਆਂ ਦੀ ਤਿਆਰੀਆਂ ਦਾ ਜਾਇਜਾ ਲੈਣ ਉਪਰੰਤ ਕੀਤਾ। ਇਸ ਮੌਕੇ ਉਨ੍ਹਾਂ ਨੇ ਬਲਾਕ ਪੱਧਰ 'ਤੇ 19 ਅਤੇ 20 ਅਕਤੂਬਰ ਨੂੰ ਹੋਣ ਵਾਲੇ ਖੇਡ ਮੁਕਾ-ਬਲਿਆਂ ਲਈ ਨਿਯੁਕਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਸੀ ਤਾਲਮੇਲ ਅਤੇ ਸਹਿਯੋਗ ਨਾਲ ਡਿਊਟੀ ਨਿਭਾਉਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਭੋਆ ਖੇਡ ਸਟੇਡੀਅਮ ਖੇਡ ਵਿੱਚ 2 ਦਿਨ ਵੱਖ-ਵੱਖ ਖੇਡ ਮੁਕਾਬਲੇ ਹੋਣਗੇ। ਉਨ੍ਹਾਂ ਦੱਸਿਆ ਕਿ ਵੱਖ ਵੱਖ ਮੁਕਾਬਲੇ ਸਵੇਰੇ 9 ਵਜੇ ਤੋਂ ਸ਼ਾਮ 3 ਵਜੇ ਤੱਕ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿਚ ਅੰਡਰ 11 ਦੇ ਖਿਡਾਰੀ ਭਾਗ ਲੈਣਗੇ। ਉਨ੍ਹਾਂ ਨੇ ਬਲਾਕ ਪੱਧਰੀ ਖੇਡਾਂ ਲਈ ਡਿਊਟੀ ਉੱਤੇ ਤੈਨਾਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਰ ਵਰਗ ਨੂੰ ਖੇਡਾਂ ਲਈ ਪ੍ਰੇਰਿਤ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸਾਡਾ ਸਭ ਦਾ ਫਰਜ਼ ਹੈ ਕਿ ਇਨ੍ਹਾਂ ਖੇਡਾਂ ਪ੍ਰਤੀ ਪੂਰੀ ਮਿਹਨਤ,ਲਗਨ ਅਤੇ ਤਨਦੇਹੀ ਨਾਲ ਡਿਊਟੀ ਨਿਭਾਈ ਜਾਵੇ। ਇਸ ਮੌਕੇ ਤੇ ਸੈਂਟਰ ਹੈਡ ਟੀਚਰ ਰਾਜੇਸ਼ ਕੁਮਾਰ, ਸਤਵੰਤ ਕੌਰ, ਹਰਪ੍ਰੀਤ ਸ਼ਰਮਾ, ਸੁਨੀਲ ਕੁਮਾਰ, ਰਾਮ ਦਾਸ, ਕਵਿਤਾ ਰਾਣੀ, ਅਨਿਲ ਚੌਧਰੀ, ਹੈਡ ਟੀਚਰ ਕਿਸ਼ੋਰ ਕੁਮਾਰ, ਰਾਜੇਸ਼ ਸ਼ਰਮਾ, ਉਰਮਿਲਾ ਸ਼ਰਮਾ, ਤੇਜਵੀਰ ਸਿੰਘ, ਰਮਤਾ, ਰਾਮ ਦਿਆਲ, ਅਮਿਤ ਕੁਮਾਰ, ਅਮਿਤ ਸ਼ਰਮਾ ਆਦਿ ਮੌਜੂਦ ਸਨ।



# ਆਓ "ਹਰੀਏ ਨੀ ਰਸ ਭਰੀਏ ਖਜੂਰੇ" ਵਾਲੀ ਖਜੂਰ ਦਾ ਸਰਦੀਆਂ ਵਿੱਚ ਲਾਹਾ ਖੱਟੀਏ

**ਸੰਜੀਵ ਝਾਂਜੀ, ਜਗਰਾਉਂ**
**91-80049-10000**

ਸਰਦੀਆਂ ਦੀ ਸ਼ੁਰੂਆਤ ਹੁੰਦੇ ਸਾਰ ਹੀ ਬਾਜ਼ਾਰਾਂ ਦੇ ਵਿੱਚ ਖਜੂਰ ਵਿਕਣ ਲਈ ਆ ਜਾਂਦੀ ਹਨ। ਇਹ ਸਵਾਦ ਵਿੱਚ ਗੁੜ ਵਰਗੀ, ਪੋਲੀ ਅਤੇ ਬੇਸ਼ੁਮਾਰ ਗੁਣਾਂ ਦੇ ਧਾਰਨੀ ਹੁੰਦੀ ਹੈ। ਖਜੂਰ ਦੀ ਵਰਤੋਂ ਇਸੇ ਤਰ੍ਹਾਂ ਸਿੱਧੇ ਰੂਪ ਵਿੱਚ ਜਾਂ ਸੁਕਾ ਕੇ ਛੁਹਾਰੇ ਦੇ ਰੂਪ ਵਿੱਚ ਵੀ ਕੀਤੀ ਜਾਂਦੀ ਹੈ। ਇਹ ਵੀ ਸਰਦੀ ਰੁੱਤ ਦਾ ਇੱਕ ਮੇਵਾ ਹੀ ਹੈ। ਇਹ ਇਕ ਪੋਲਾ ਫਲ ਹੈ ਪਰ ਇਸ ਦੇ ਅੰਦਰ ਇਕ ਛੋਟੀ ਜਿਹੀ ਗਿੜਕ (ਗਿਟਕ) ਹੁੰਦੀ ਹੈ। ਇਹ ਮਿਠਾ ਤੇ ਗੁੱਦੇਦਾਰ ਹੁੰਦਾ ਹੈ। ਚੰਗੀ ਸਿਹਤ ਦੇ ਚਾਹਵਾਨ ਵਿਅਕਤੀਆਂ ਨੂੰ ਸਰਦੀਆਂ ਦੇ ਵਿੱਚ ਇਸ ਦੀ ਵਰਤੋਂ ਜਰੂਰ ਕਰਨੀ ਚਾਹੀਦੀ ਹੈ। ਇਸ ਦਾ ਵਿਗਿਆਨਕ ਨਾਮ ਫੀਨਿਕਸ ਡੈਕਟੀਲੀਫੇਰਾ ਹੈ। ਇਸ ਦਾ ਰੁਖ ਦਰਮਿਆਨੇ ਆਕਾਰ ਦਾ ਹੁੰਦਾ ਹੈ ਅਤੇ ਇਸਦੀ ਉਚਾਈ 15-25 ਮੀਟਰ ਤੱਕ ਹੁੰਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਮੂਲ ਰੂਪ ਵਿੱਚ ਅਰਬ ਦਾ ਫਲ ਹੈ ਅਤੇ ਜਦੋਂ ਉਹ ਲੋਕ ਇਧਰ ਆਏ ਤਾਂ ਆਪਣੇ ਲਈ ਖਾਂ ਵਾਸਤੇ ਇਹ ਫਲ ਵੀ ਲਿਆਏ ਸਨ। ਉਸੇ ਫਲ ਦੀਆਂ ਗਿੜਕਾਂ (ਗਿਟਕਾਂ) ਦੇ ਨਾਲ ਇਹ ਸਾਡੇ ਇਧਰ ਵੀ ਉੱਗਣ ਲਗ ਗਿਆ ਹੈ। ਹੁਣ ਤਾਂ ਇਸ ਦੀ ਖੇਤੀ ਵੀ ਹੋਣ ਲੱਗ ਗਈ ਹੈ। ਅਰਬ ਦੇਸ਼ਾਂ, ਇਜ਼ਰਾਈਲ ਅਤੇ ਅਫਰੀਕਾ ਵਿੱਚ ਇਹ ਆਮ ਉਗਾਈ ਜਾਂਦੀ ਹੈ। ਖੁਸ਼ਕ ਅਤੇ ਅਰਧ-ਸੁੱਕੇ ਖੇਤਰਾਂ ਦਾ ਮੌਸਮ ਖਜੂਰ ਦੀ ਖੇਤੀ ਲਈ ਢੁਕਵਾਂ ਮੰਨਿਆ ਜਾਂਦਾ ਹੈ। ਸਾਡੇ ਭਾਰਤ ਵਿੱਚ ਵੀ ਇਸਦੀ ਖੇਤੀ ਹੁਣ ਪੱਛਮੀ ਰਾਜਸਥਾਨ ਵਿੱਚ ਕਾਫ਼ੀ ਮਸ਼ਹੂਰ ਹੋ ਰਹੀ ਹੈ। ਜਿੱਥੇ ਬੀਕਾਨੇਰ ਅਤੇ ਚੁਰੂ ਵਰਗੇ ਖੇਤਰਾਂ ਵਿੱਚ ਲਾਲ ਖਜੂਰਾਂ ਨਾਲ ਭਰੇ ਬਹੁਤ ਸਾਰੇ ਬਾਗ ਦੇਖੇ ਜਾ ਸਕਦੇ ਹਨ।

ਇਹ ਬਹੁਤ ਸੁਆਦੀ ਅਤੇ ਪੌਸ਼ਟਿਕ ਫਲ ਹੈ। ਇਸ ਦਾ ਛਿਲਕਾ ਆਮ ਤੌਰ ਤੇ ਗੂੜ੍ਹਾ ਭੂਰਾ ਹੁੰਦਾ ਹੈ। ਪਰ ਹੁਣ ਵਿਗਿਆਨਕ ਤਜ਼ਰਬਿਆਂ ਨੇ ਕਾਲੇ ਰੰਗ ਦੀ ਖਜੂਰ ਵੀ ਵਿਕਸਿਤ ਕਰ ਲਈ ਹੈ। ਜਿਸ ਵਿੱਚ ਲੋਹੇ ਦੀ ਮਿਕਦਾਰ ਜਿਆਦਾ ਹੁੰਦੀ ਹੈ। ਜੋ ਲਹੂ ਨੂੰ ਵਧਾਉਣ ਵਿੱਚ ਸਹਾਈ ਹੁੰਦੀ ਹੈ। ਹੁਣ ਬਾਜ਼ਾਰ ਵਿੱਚ ਮਿਲਣ ਵਾਲੀਆਂ ਖਜੂਰਾਂ ਆਮਤੌਰ ਤੇ ਡੱਬਾ ਜਾਂ ਪੈਕਟ ਵਿੱਚ ਬੰਦ ਮਿਲਦੀਆਂ ਹਨ। ਇਹ ਜਿਆਦਾਤਰ ਅਫਗਾਨਿਸਤਾਨ ਤੋ ਮੰਗਵਾਈਆਂ ਜਾਂਦੀਆਂ ਹਨ। ਕੁਝ ਸਮੇ ਪਹਿਲਾਂ ਤੱਕ ਅਸੀਂ ਗੁੜ ਵਾਲੀਆਂ ਖਜੂਰਾਂ ਹੀ ਵੇਖਦੇ ਰਹੇ ਹਾਂ ਜੋ ਸਾਰਾ ਦਿਨ ਖੁਲੇ ਚ ਰੇਹੜੀਆਂ ਤੇ ਵਿਕਦੀਆਂ ਸਨ। ਜੋ ਇਨੀਆਂ ਲਾਹੇਵੰਦ ਨਹੀਂ ਹੁੰਦੀਆਂ ਸਨ ਕਿਉਂਕਿ ਉਡਦੀ ਧੂੜ ਮਿੱਟੀ ਇਸਨੂੰ ਸ਼ਿੰਗਾਰਦੀ ਰਹਿੰਦੀ ਸੀ।



ਖਜੂਰ ਕੁਦਰਤੀ ਤੋਰ ਤੇ ਮਿੱਠੀ ਹੁੰਦੀ ਹੈ। ਪਰ ਇਸਦੀ ਮਿਠਾਸ ਬਿਲਕੁਲ ਵੱਖਰੀ ਹੁੰਦੀ ਹੈ। ਸਿਰਫ ਸੁਆਦੀ ਹੀ ਨਹੀਂ ਸਗੋਂ ਇਹ ਗੁਣਾਂ ਨਾਲ ਮਾਲਾਮਾਲ ਹੋਣ ਕਾਰਨ ਸਿਹਤ ਲਈ ਵੀ ਬਹੁਤ ਲਾਹੇਵੰਦ ਵੀ ਹੁੰਦੀ ਹੈ। 100 ਗ੍ਰਾਮ ਖਜੂਰ ਵਿੱਚ 314 ਕਿਲੋ ਕੈਲੋਰੀ ਊਰਜਾ ਹੁੰਦੀ ਹੈ। ਜਦ ਕਿ ਫੈਟ ਸਿਰਫ 0.4 ਗ੍ਰਾਮ ਹੀ ਹੁੰਦੀ ਹੈ। ਕੈਲਿਸਟਰੋਲ ਬਿਲਕੁਲ ਵੀ ਨਹੀਂ ਹੁੰਦਾ। ਇਸ ਵਿੱਚ ਕਾਰਬੋਹਾਈਡਰੇਟ ਦੀ ਮਿਕਦਾਰ 75 ਗ੍ਰਾਮ, ਫਾਈਬਰ 8 ਗਰਾਮ, ਖੰਡ 63 ਗਰਾਮ ਅਤੇ ਪ੍ਰੋਟੀਨ 2.5 ਗ੍ਰਾਮ ਹੁੰਦਾ ਹੈ। ਇਸ ਤੋਂ ਇਲਾਵਾ ਸਾਡੀ ਰੋਜਾਨਾ ਜ਼ਿੰਦਗੀ ਲਈ ਲੋੜੀਂਦਾ ਵਿਟਾਮਿਨ ਬੀ -6 ਇਸ ਵਿੱਚ 10 ਫੀਸਦੀ, ਕੈਲਸ਼ੀਅਮ 3 ਫੀਸਦੀ, ਲੋਹਾ 5 ਫੀਸਦੀ ਅਤੇ ਮੈਗਨੀਸ਼ੀਅਮ 10 ਫੀਸਦੀ ਹੁੰਦਾ ਹੈ। ਇਹ ਦਿਲ ਦੀ ਸਿਹਤ ਲਈ ਬਹੁਤ ਵਧੀਆ ਮੰਨਿਆ ਜਾਂਦਾ ਹੈ। ਇਸ 'ਚ ਕਾਪਰ, ਫਲੋਰੀਨ ਅਤੇ ਸੇਲੇਨੀਅਮ ਵੀ ਹੁੰਦੇ ਹਨ ਜੋ ਤੁਹਾਡੀਆਂ ਹੱਡੀਆਂ ਨੂੰ ਮਜ਼ਬੂਤ ਰੱਖਣ ਅਤੇ ਉਨ੍ਹਾਂ ਨਾਲ ਜੁੜੀਆਂ ਬੀਮਾਰੀਆਂ ਤੋਂ ਬਚਾਉਣ ਲਈ ਬਹੁਤ ਜ਼ਰੂਰੀ ਹਨ। ਵਿਟਾਮਿਨ ਕੇ ਵਿੱਚ ਵੀ ਦਾ ਹੈ ਜੋ ਖੂਨ ਨੂੰ ਗਾੜ੍ਹਾ ਹੋਣ ਤੋਂ ਰੋਕਦਾ ਹੈ। ਹੱਡੀ ਭੁਰਨ (ਓਸਟੀਓਪੋਰੋਸਿਸ) ਨੂੰ ਘਟਾਉਂਦਾ ਹੈ। ਹੱਡੀਆਂ ਨੂੰ ਮਜ਼ਬੂਤਅਤੇ ਤਾਕਤਵਰ ਬਣਾਉਂਦਾ। ਇਸ ਵਿੱਚ ਕੈਰੋਟੀਨੋਇਡਸ ਅਤੇ ਫਲੇਵੋਨੋਇਡਸ ਨਾਂ ਦੇ ਐਂਟੀਆਕਸੀਡੈਂਟ ਹੁੰਦੇ ਹਨ ਜੋ ਤੁਹਾਡੇ ਦਿਲ ਅਤੇ ਫੇਫੜਿਆਂ ਦੀ ਸਿਹਤ ਲਈ ਬਹੁਤ ਫਾਇਦੇਮੰਦ ਹਨ ਅੱਖਾਂ ਨਾਲ ਸਬੰਧਤ ਬਿਮਾਰੀਆਂ ਦੇ ਖ਼ਤਰੇ ਨੂੰ ਵੀ ਘੱਟ ਕਰਦੇ ਹਨ ਬੀਮਾਰੀਆਂ ਨਾਲ ਲਾੜਾਂ ਦੀ ਸ਼ਕਤੀ ਨੂੰ ਵਧਾਉਂਦੇ ਹਨ ਜੋ ਕੁਝ ਕਿਸਮ ਦੇ ਕੈਂਸਰ ਦੇ ਖਤਰੇ ਨੂੰ ਘਟਾਉਣ ਵਿੱਚ ਸਹਾਈ ਹੁੰਦਾ ਹੈ। ਸ਼ਰੀਰ ਦੀ ਅੰਦਰਲੀ ਸੜਣ ਨੂੰ ਘੱਟ ਕਰਦਾ ਹੈ।

ਖਜੂਰ ਚਮੜੀ ਅਤੇ ਵਾਲਾਂ ਦੀ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੈ। ਇਸ ਵਿਚਲੇ ਤੱਤ ਵਾਲਾਂ ਨੂੰ ਮਜਬੂਤ ਕਰਦੇ ਹਨ ਅਤੇ ਚਮੜੀ ਤੇ ਨੂਰ ਲਿਆਉਂਦੇ ਹਨ। ਇਸ ਵਿਚਲਾ ਫਾਈਬਰ ਆਂਦਰਾਂ ਦੀ ਸਫਾਈ ਕਰਦਾ ਹੈ ਅਤੇ ਹਾਜ਼ਮਾ-ਸ਼ਕਤੀ ਨੂੰ ਮਜ਼ਬੂਤ ਕਰਦਾ ਹੈ।

ਇਸ ਦੇ ਨਾਲ ਹੀ ਇਹ ਸ਼ਰੀਰ ਦੇ ਸੈਲਾਂ ਨੂੰ ਟੁੱਟਣ-ਭੱਜਣ ਤੋਂ ਬਚਾਉਣ ਅਤੇ ਦਿਲ ਨਾਲ ਜੁੜੀਆਂ ਸਮੱਸਿਆਵਾਂ ਨੂੰ ਰੋਕਣ ਵਿੱਚ ਵੀ ਕਾਫੀ ਸਹਾਈ ਹੁੰਦਾ ਹੈ। ਸਰਦੀਆਂ ਵਿੱਚ ਖਜੂਰ ਖਾਣਾ ਬਹੁਤ ਫਾਇਦੇਮੰਦ ਹੁੰਦਾ ਹੈ। ਇਹ ਸਰੀਰ ਵਿੱਚ ਗਰਮੀ ਪੈਦਾ ਕਰਨ ਦੇ ਨਾਲ-ਨਾਲ ਊਰਜਾ ਵੀ ਦਿੰਦਾ ਹੈ। ਇਸ 'ਚ ਐਂਟੀ-ਏਜਿੰਗ ਗੁਣ ਹੁੰਦੇ ਹਨ, ਜਿਸ ਕਾਰਨ ਜਲਦੀ ਬੁਢਾਪਾ ਦਿਖਾਈ ਨਹੀਂ ਦਿੰਦਾ। ਖਜੂਰ ਦੇ ਜਾਣਕਾਰਾਂ ਅਨੁਸਾਰ ਇਸ ਵਿੱਚ ਪੋਟਾਸ਼ੀਅਮ ਅਤੇ ਥੋੜ੍ਹੀ ਮਾਤਰਾ ਵਿੱਚ ਸੋਡੀਅਮ ਹੁੰਦਾ ਹੈ।

ਇਹ ਦੋਵੇਂ ਸਰੀਰ ਦੀ ਤੰਤਰ-ਪ੍ਰਣਾਲੀ (ਨਰਵਸ ਸਿਸਟਮ) ਦੇ ਕੰਮ ਨੂੰ ਵਧੀਆ ਬਣਾਉਂਦੇ ਹਨ। ਇਸ ਵਿੱਚ ਇੰਨੇ ਜਿਆਦਾ ਗੁਣ ਹੋਣ ਇਸਦੀ ਸਰਦੀਆਂ ਵਿੱਚ ਵਰਤੋਂ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਕਰਨੀ ਚਾਹੀਦੀ ਹੈ। ਤੁਸੀਂ ਸਿਧੇ ਰੂਪ ਚ, ਸ਼ੇਕ ਬਣਾ ਕੇ ਜਾਂ ਪਾਣੀ ਵਿੱਚ ਭਿਓਂ ਕੇ ਇਸਦੀ ਵਰਤੋਂ ਕਰਕੇ ਲਾਹਾ ਖੱਟ ਸਕਦੇ ਹੋ। ਤਾਸੀਰ ਵਿੱਚ ਗਰਮ ਹੋਣ ਕਰਕੇ ਇਸਦੀ ਬਹੁਤ ਜਿਆਦਾ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# 22 ਅਕਤੂਬਰ ਨੂੰ ਭਾਖੜਾ ਡੈਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਭਾਰਤ ਦੇਸ਼ ਦਾ ਗੌਰਵ ਮੰਨੇ ਜਾਂਦੇ ਅਤੇ ਉਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਭਾਖੜਾ ਬੰਨ ਭਾਰਤ ਦਾ ਪ੍ਰਭਾਵਸ਼ਾਲੀ ਅਤੇ ਦੂਜਾ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ, ਟਿਊਬਵੈੱਲਾਂ ਨੂੰ ਚਲਾਉਣ ਲਈ ਅਤੇ ਘਰਾਂ ਨੂੰ ਰੁਸ਼ਨਾਉਣ ਲਈ ਬਿਜਲੀ ਪ੍ਰਦਾਨ ਕਰਦਾ ਹੈ। ਇਹ ਇੱਕ ਟੂਰਿਸਟ ਸਥਾਨ ਵੀ ਬਣਦਾ ਜਾ ਰਿਹਾ ਹੈ ਜਿੱਥੇ ਹਰ ਸਾਲ ਲੱਗਭੱਗ ਪੰਜ ਲੱਖ ਟੂਰਿਸਟ ਇਸਨੂੰ ਵੇਖਣ ਲਈ ਪਹੁੰਚਦੇ ਹਨ। ਪਿਛਲੇ ਕਈ ਸਾਲਾਂ ਤੋਂ ਸੁਰੱਖਿਆ ਕਾਰਨਾਂ ਕਰਕੇ ਡੈਮ ਦੇ ਅੰਦਰ ਜਾਣ ਦੀ ਮਨਾਹੀ ਹੈ ਅਤੇ ਇੱਥੇ ਜਾਣ ਲਈ ਸਵੇਰੇ 8 ਵਜੇ ਤੋਂ ਲੈਕੇ ਦੁਪਿਹਰ 3 ਵਜੇ ਤੱਕ ਹੀ ਲੋਕ ਸੰਪਰਕ ਵਿਭਾਗ ਤੋਂ ਪਾਸ ਬਣਦੇ ਹਨ।ਭਾਖੜਾ ਡੈਮ ਸਤਲੁਜ ਦਰਿਆ ਦੇ ਪਾਰ ਇੱਕ ਕੰਕਰੀਟ ਗਰੈਵਿਟੀ ਡੈਮ ਹੈ। ਇਹ ਡੈਮ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲੇ ਦੇ ਭਾਖੜਾ ਪਿੰਡ ਵਿੱਚ ਸਥਿਤ ਹੈ ਜੋਕਿ ਨੰਗਲ ਟਾਊਨਸ਼ਿਪ ਤੋਂ ਲਗਭਗ 13 ਕਿਲੋਮੀਟਰ ਦੀ ਦੂਰੀ ਤੇ ਹੈ। ਭਾਰਤ ਵਿੱਚ ਟਿਹਰੀ ਡੈਮ ਤੋਂ ਬਾਅਦ 740 ਫੁੱਟ ਉੱਚਾਈ ਤੇ ਏਸ਼ੀਆ ਦਾ ਦੂਜਾ ਸਭ ਤੋਂ ਉੱਚਾ ਡੈਮ ਹੈ। ਪਾਣੀ ਦੇ ਭੰਡਾਰਨ ਦੇ ਮਾਮਲੇ ਵਿੱਚ ਇਹ ਭਾਰਤ ਵਿੱਚ ਦੂਜਾ ਸਭ ਤੋਂ ਵੱਡਾ ਭੰਡਾਰ ਹੈ। ਡੈਮ ਤੋਂ ਬਿਜਲੀ ਪੈਦਾ ਕਰਨ ਲਈ ਦੋ ਬਿਜਲੀ ਘਰ ਭਾਖੜਾ ਡੈਮ ਦੇ ਕਿਨਾਰਿਆਂ ਤੇ ਬਣੇ ਹੋਏ ਹਨ। ਇਨ੍ਹਾਂ ਦੀ ਸਮਰੱਥਾ 5-5 ਯੂਨਿਟ ਦੀ ਹੈ। ਭਾਖੜਾ ਸੱਜੇ ਬੈਂਕ ਪਾਵਰ ਹਾਊਸ ਦੀ ਸਥਾਪਿਤ ਸਮਰੱਥਾ 785 ਮੈਗਾਵਾਟ ਅਤੇ ਭਾਖੜਾ ਖੱਬੇ ਬੈਂਕ ਪਾਵਰ ਹਾਊਸ ਦੀ 594 ਮੈਗਾਵਾਟ ਹੈ। ਇੱਥੇ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ ਬਿਜਲੀ ਦਾ ਉਤਪਾਦਨ ਕੀਤਾ ਜਾਂਦਾ ਹੈ। ਭਾਖੜਾ ਡੈਮ ਸਿੱਧਾ ਗਰੈਵਿਟੀ ਕਮ ਕੰਕਰੀਟ ਡੈਮ ਹੈ ਜਿਸ ਵਿੱਚ 8212 ਕਿਊਮੇਕ ਦੀ ਡਿਜ਼ਾਇਨ ਕੀਤੀ ਸਪਿਲਵੇਅ ਸਮਰੱਥਾ ਵਾਲੇ ਚਾਰ ਸਪਿਲਵੇ ਰੇਡੀਅਲ ਗੇਟ ਹਨ।ਭਾਖੜਾ ਡੈਮ ਤੋਂ ਲੱਗਭੱਗ 13 ਕਿਲੋਮੀਟਰ ਦੂਰੀ ਤੇ ਨੰਗਲ ਡੈਮ ਵੀ ਹੈ ਜਿਸ ਦੀ ਉੱਚਾਈ ਲੱਗਭੱਗ 95 ਫੁੱਟ ਹੈ। ਇਸ ਕਰਕੇ ਦੋਵੇਂ ਡੈਮਾਂ ਨੂੰ ਭਾਖੜਾ-ਨੰਗਲ ਡੈਮ ਕਿਹਾ ਜਾਂਦਾ ਹੈ। ਨੰਗਲ ਡੈਮ ਵਿੱਚ ਸੰਭਾਲੇ ਪਾਣੀ ਵਿੱਚੋਂ ਦੋ ਨਹਿਰਾਂ ਨਿਕਲਦੀਆਂ ਹਨ ਜੋ ਅੱਗੇ ਜਾਕੇ ਵੱਖ ਵੱਖ ਖੇਤਰਾਂ ਵਿੱਚ ਪਾਣੀ ਦੀ ਪੂਰਤੀ ਕਰਦੀਆਂ ਹਨ। ਭਾਖੜਾ ਡੈਮ ਤੋਂ ਪੈਦਾ ਹੋ ਰਹੀ ਬਿਜਲੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਦਿੱਲੀ ਅਤੇ ਰਾਜਸਥਾਨ ਨੂੰ ਜਾਂਦੀ ਹੈ।ਇਸ ਪ੍ਰੋਜੈਕਟ ਨੂੰ ਬਣ-ਾਉਣ ਦਾ ਖਿਆਲ ਬੇਸ਼ੱਕ ਅਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰੰਤੂ ਇਸ ਪ੍ਰੋਜੈਕਟ ਦਾ ਨਿਰਮਾਣ ਅਜ਼ਾਦੀ ਤੋਂ ਬਾਦ ਹੀ ਸ਼ੁਰੂ ਹੋਇਆ ਸੀ। ਮੌਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜਿਲ੍ਹੇ ਵਿੱਚ ਸਥਿਤ ਭਾਖੜ੍ਹਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭਤੋਂ ਪਹਿਲਾਂ ਸਰ ਲੂਈਸ ਡੈਨੇ ਦੁਆਰਾ 8 ਨਵੰਬਰ, 1908 ਨੂੰ ਦਿਤਾ ਗਿਆ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। ਸਾਲ 1920 ਤੋਂ ਲੈਕੇ 1938 ਤੱਕ ਇਸ ਸਬੰਧੀ ਵੱਖ ਵੱਖ ਤਰਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ, ਅਪਰ ਸਰਹਿੰਦ ਨਹਿਰ, ਹੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਯਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੁੱਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। ਇਸ ਪ੍ਰੋਜੈਕਟ ਨੂੰ ਬਣਾਉਣ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦੀ ਵੀ ਮੁੱਖ ਭੂਮਿਕਾ ਰਹੀ ਹੈ। ਡਾਕਟਰ ਅੰਬੇਡਕਰ ਦਾਮੋਦਰ ਵੈਲੀ ਪ੍ਰੋਜੈਕਟ, ਭਾਖੜਾ-ਨੰਗਲ ਡੈਮ ਪ੍ਰੋਜੈਕਟ, ਸੋਨ ਰਿਵਰ ਵੈਲੀ ਪ੍ਰੋਜੈਕਟ, ਅਤੇ ਹੀਰਾਕੁੰਡ ਡੈਮ ਪ੍ਰੋਜੈਕਟ ਦੇ ਨਿਰਮਾਤਾ ਸਨ। ਭਾਰਤ ਵਿੱਚ ਸਿੰਚਾਈ ਦੇ ਵਿਕਾਸ ਲਈ ਡਾਕਟਰ ਅੰਬੇਡਕਰ ਦਾ ਦ੍ਰਿਸ਼ਟੀਕੋਣ ਅਤੇ ਵਕਾਲਤ ਉਸ ਦੇ ਵਿਸ਼ਵਾਸ ਤੇ ਅਧਾਰਤ ਸੀ ਕਿ ਪਾਣੀ ਤੱਕ ਪਹੁੰਚ ਇੱਕ ਬੁਨਿਆਦੀ ਅਧਿਕਾਰ ਹੈ ਜੋ ਸਾਰੇ ਨਾਗਰਿਕਾਂ ਲਈ ਉਪਲਬਧ ਹੋਣਾ ਚਾਹੀਦਾ ਹੈ। ਡਾਕਟਰ ਅੰਬੇਡਕਰ ਨੇ ਇਹ ਯਕੀਨੀ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ ਕਿ ਪਾਣੀ ਅਤੇ ਬਿਜਲੀ ਦੇ ਸਰੋਤਾਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਨਾਲ ਵਿਕਸਤ ਕੀਤਾ ਜਾਵੇ। ਜਦੋਂ ਬਾਬਾ ਸਾਹਿਬ 1942 ਤੋਂ 1946 ਤੱਕ ਸਿੰਚਾਈ ਅਤੇ ਬਿਜਲੀ ਵਿਭਾਗ ਦੇ ਇੰਚਾਰਜ ਮੈਂਬਰ ਸਨ ਉਨ੍ਹਾਂ ਨੇ ਭਾਖੜਾ ਡੈਮ ਪ੍ਰੋਜੈਕਟ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਯਤਨ ਕੀਤੇ ਸਨ। ਡਾਕਟਰ ਅੰਬੇਡਕਰ ਨੇ 1942-46 ਦੌਰਾਨ ਦੇਸ਼ ਦੇ ਜਲ ਸਰੋਤਾਂ ਦੀ ਵਰਤੋਂ ਹਰ ਕਿਸੇ ਦੇ ਬਿਹਤਰੀਨ ਲਾਭ ਲਈ ਕਰਦੇ ਹੋਏ ਇੱਕ ਨਵੀਂ ਜਲ ਅਤੇ ਬਿਜਲੀ ਨੀਤੀ ਤਿਆਰ ਕੀਤੀ ਸੀ ਅਤੇ ਅਮਰੀਕਾ ਦੀ ਟੇਨੇਸੀ ਵੈਲੀ ਸਕੀਮ ਇਸ ਦੀ ਨਕਲ ਕਰਨ ਲਈ ਇੱਕ ਆਦਰਸ਼ ਮਾਡਲ ਸੀ। ਡਾਕਟਰ ਅੰਬੇਡਕਰ ਨੇ ਭਾਰਤ ਵਿੱਚ ਬਹੁ-ਉਦੇਸ਼ੀ ਰਿਵਰ ਵੈਲੀ ਪ੍ਰੋਜੈਕਟਾਂ ਅਤੇ ਵੱਡੇ ਡੈਮ ਤਕਨਾਲੋਜੀਆਂ ਨੂੰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਭਾਖੜਾ-ਨੰਗਲ ਡੈਮਭਾਰਤ ਦਾ ਸਭ ਤੋਂ ਵੱਡਾ ਮਲਟੀਪਰਪਜ਼ ਰਿਵਰ ਵੈਲੀ ਪ੍ਰੋਜੈਕਟ ਹੈ ਜੋ ਭਾਰਤ ਦਾ ਸਭ ਤੋਂ ਉੱਚਾ ਡੈਮ ਹੈ। ਸਾਲ 2016 ਵਿੱਚ ਭਾਰਤ ਸਰਕਾਰ ਨੇ ਘੋਸ਼ਣਾ ਕੀਤੀ ਕਿ 14 ਅਪ੍ਰੈਲ ਨੂੰ ਡਾਕਟਰ ਅੰਬੇਡਕਰ ਦੇ ਜਨਮ ਦਿਨ ਨੂੰ ਦੇਸ਼ ਵਿੱਚ "ਜਲ ਦਿਵਸ'' ਵਜੋਂ ਮਨਾਇਆ ਜਾਵੇਗਾ ਤਾਂ ਜੋ ਲੋਕਾਂ ਨੂੰ ਜਲ ਸਰੋਤਾਂ ਦੇ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਹੋਰ ਜਾਣੂ ਕਰਵਾਇਆ ਜਾ ਸਕੇ।ਸਿੱਟੇ ਵਜੋਂ ਭਾਰਤ ਵਿੱਚ ਸਿੰਚਾਈ ਦੇ ਵਿਕਾਸ ਲਈ ਡਾਕਟਰ ਅੰਬੇਡਕਰ ਦਾ ਦ੍ਰਿਸ਼ਟੀਕੋਣ ਅਤੇ ਵਕਾਲਤ ਉਸ ਦੇ ਵਿਸ਼ਵਾਸ ਤੇ ਅਧਾਰਤ ਸੀ ਕਿ ਪਾਣੀ ਤੱਕ ਪਹੁੰਚ ਇੱਕ ਬੁਨਿਆਦੀ ਅਧਿਕਾਰ ਹੈ ਜੋ ਸਾਰੇ ਨਾਗਰਿਕਾਂ ਲਈ ਉਪਲਬਧ ਹੋਣਾ ਚਾਹੀਦਾ ਹੈ ਅਤੇ ਸਿੰਚਾਈ ਦੇਸ਼ ਵਿੱਚ ਆਰਥਿਕ ਅਤੇ ਸਮਾਜਿਕ ਸਮਾਨਤਾ ਪ੍ਰਾਪਤ ਕਰਨ ਲਈ ਜ਼ਰੂਰੀ ਸੀ।ਸਾਲ 1944 ਵਿੱਚ ਡਾਕਟਰ ਜੇ. ਐਲ.ਸੈਵੇਜ ਜੋ ਅਮਰੀਕਾ ਦੀ ਬਿਊਰੋ ਫਾਰ ਰੈਕਲੇਮੇਸ਼ਨ ਦਾ ਚੀਫ਼ ਇੰਜੀਨੀਅਰ ਸੀ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮੱਰਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿਤਾ। ਯੂ.ਐਸ.ਏ. ਦੀ ਅੰਤਰਰਾਸ਼ਟਰੀ ਡੈਨਵਰ ਨਾਂਅ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ਼ ਰੱਖੀ ਜਿਸਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਨਾਲ ਰਾਜਾ ਬਿਲਾਸਪੁਰ ਦੇ ਮਹਿਲ ਅਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਰਾਜਾ ਬਿਲਾਸਪੁਰ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਇਸ ਮਾਮਲੇ ਵਿੱਚ ਨਿੱਜੀ ਤੌਰ ਤੇ ਦਖਲ ਦੇਣ ਤੋਂ ਬਾਦ ਬਿਲਾਸਪੁਰ ਦੇ ਰਾਜਾ ਨੇ ਆਪਣੇ ਇਤਰਾਜ਼ਾਂ ਨੂੰ ਵਾਪਸ ਲੈ ਲਿਆ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰ-ਰਾਸ਼ਟਰੀ ਕੰਪਨੀ ਆਈਐਨਸੀਯੂ ਐਸ ਏ ਵਿੱਚ 14 ਨਵੰਬਰ, 1948 ਨੂੰ ਹੋਏ ਸਮਝੋਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜਾਇਨ ਸਮੇਤ ਦਿਸ਼ਾ ਨਿਰਦੇਸ਼ ਕੰਪਨੀ ਨੂੰ ਸੋਂਪੇ ਗਏ। ਅਪ੍ਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਅਪਣੇ ਤਕਨੀਕੀ ਮਾਹਿਰਾਂ ਅਤੇ ਇੰਜਨੀਅਰਾਂ ਦੀ ਟੀਮ ਨਾਲ ਆਏ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰਿਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ। ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰ-ਾਲਿਆ ਦੇ ਸਕੱਤਰ ਨੂੰ ਉੱਪ ਚੇਅਰਮੈਨ, ਕੇਂਦਰੀ ਜਲ ਅਤੇ ਊਰਜਾ ਆਯੋਗ ਭਾਰਤ ਸਰਕਾਰ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖ ਰਾਜ ਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿੱਚ ਲੱਗੇ ਹੋਏ ਸਾਰੇ ਮੁੱਖ ਇੰਜਨੀਅਰਾਂ ਨੂੰ ਮੈਂਬਰ ਅਤੇ ਸੰਯੁਕਤ ਸਕੱਤਰ ਵਿੱਤ ਮੰਤਰਾਲਿਆ ਭਾਰਤ ਸਰਕਾਰ ਨੂੰ ਮੈਂਬਰ ਬਣਾਇਆ ਗਿਆ ਸੀ। ਸਾਲ 1952 ਵਿੱਚ ਡਾਕਟਰ ਏ ਐਨ ਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੋਰਡ ਆਫ ਕਾਂਸਿਉਲੇਟਸ ਦੀ ਸਥਾਪਨਾ ਵੀ ਕੀਤੀ ਗਈ। 18 ਨਵੰਬਰ, 1955 ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕੰਕਰੀਟ ਦੀ ਪਹਿਲੀ ਟੋਕਰੀ ਪਾਕੇ ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੋਰ ਤੇ ਭਾਖੜ੍ਹਾ ਬੰਨ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ, ਨੰਗਲ ਹਾਇਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਊਸਿਜ਼, ਰੋਪੜ੍ਹ ਹੈਡ ਵਰਕਸ ਦਾ ਪੁਨਰ-ਨਿਰਮਾਣ, ਸਰਹੰਦ ਨਹਿਰ ਦਾ ਪੁਨਰ-ਨਿਰਮਾਣ, ਭਾਖੜ੍ਹਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਰ ਅਤੇ ਵਿਤਰਣ ਪ੍ਰਣਾਲੀ, ਭਾਖੜ੍ਹਾ-ਨੰਗਲ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬ ਮੀਨਾਰ ਦੀ ਉਚਾਈ ਤੋਂ ਵੀ 3 ਗੁਣਾ ਵੱਧ ਹੈ। ਇਸ ਡੈਮ ਦੀ ਉਸਾਰੀ ਲਈ ਵੱਖ ਵੱਖ ਤਰਾਂ ਦੀ ਮਸ਼ੀਨਰੀ ਤੋਂ ਇਲਾਵਾ ਲੱਗਭੱਗ 13000 ਕਾਮੇ, 300 ਇੰਜੀਨੀਅਰ, 30 ਅਮਰੀਕਨ ਮਾਹਿਰ ਲਗਾਏ ਗਏ ਜਿਨ੍ਹਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ ਦੇ ਨਿਰਮਾਣ ਵਿੱਚ ਵਰਤੀ ਗਈ ਸੀਮੇਂਟ, ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ ਤੇ 2.44 ਮੀਟਰ ਚੋੜੀ ਸੜਕ ਬਣਾਉਣ ਵਿੱਚ ਸਮਰੱਥ ਸੀ। ਇਸਦੇ ਨਿਰਮਾਣ ਵਿੱਚ ਕੁੱਲ ਇੱਕ ਲੱਖ ਟਨ ਸਰੀਏ ਦਾ ਇਸਤੇਮਾਲ ਕੀਤਾ ਗਿਆ ਸੀ। ਇੰਜਨੀਅਰਾਂ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਭਾਖੜਾ ਬੰਨ ਵਿੱਚ ਲੱਚਕਤਾ ਰੱਖੀ ਗਈ ਹੈ ਜਿਸ ਨਾਲ ਪਾਣੀ ਦਾ ਪੱਧਰ 1680 ਫੁੱਟ ਪਹੁੰਚਣ ਤੇ ਭਾਖੜਾ ਬੰਨ 2 ਇੰਚ ਤੱਕ ਝੁਕਣ ਦੀ ਸਮਰੱਥਾ ਰੱਖਦਾ ਹੈ ਅਤੇ ਪਾਣੀ ਦਾ ਪੱਧਰ ਘੱਟਣ ਤੋਂ ਬਾਅਦ ਡੈਮ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ 10 ਵਾਰ ਦੌਰਾ ਕੀਤਾ। ਵਰਣਨਯੋਗ ਹੈ ਕਿ ਉਨ੍ਹਾਂ ਨੇ ਇਸ ਪਰਿਯੋਜਨਾ ਦੀ ਸਾਈਟ ਤੇ ਹੀ ਪੰਚਸ਼ੀਲ ਸਮਝੌਤੇ ਤੇ ਚੀਨ ਦੇ ਪ੍ਰਧਾਨਮੰਤਰੀ ਚਾਓ ਇਨ ਲਾਈ ਦੇ ਨਾਲ ਗੱਲਬਾਤ ਕੀਤੀ ਸੀ। ਇਸ ਪ੍ਰੋਜੈਕਟ ਦਾ ਦੇਸ਼ ਦੇ ਮਹਿਮਾਨਾਂ ਤੋਂ ਇਲਾਵਾ ਬਹੁਤ ਸਾਰੇ ਵਿਦੇਸ਼ੀ ਮਹਿਮਾਨਾਂ ਜਿਵੇਂ ਕਿ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ, ਯੂਗੋਸਲਾਵੀਆ ਦੇ ਰਾਸ਼ਟਰਪਤੀ ਜੋਸਫ਼ ਟੀਟੋ, ਚੀਨ ਦੇ ਪ੍ਰਧਾਨ ਮੰਤਰੀ ਚੂਇਨ ਲਾਈ, ਉੱਤਰੀ ਵੀਅਤਨਾਮ ਦੇ ਰਾਸ਼ਟਰਪਤੀ ਹੋਚੀ ਮਿਨ, ਕਲੈਮੈਂਟ ਐਂਟਲੀ, ਇੰਗਲੈਂਡ ਦੇ ਪ੍ਰਧਾਨ ਮੰਤਰੀ, ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਖੁਰਸ਼ਚੇਵ, ਸੋਵੀਅਤ ਰੂਸ ਦੇ ਪ੍ਰਿੰਸ ਫਿਲਪ ਡਯੂਕ ਆਫ਼ ਐਡਨਸਰਾ, ਬੋਧ ਗੁਰੂ ਦਲਾਈਲਾਮਾ, ਪੰਚਨਲਾਮਾ, ਈਰਾਨ ਦੇ ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਆਦਿ ਇਸ ਡੈਮ ਦਾ ਦੌਰਾ ਕਰ ਚੁੱਕੇ ਹਨ। ਭਾਖੜਾ ਬੰਨ ਦੇ ਪਿੱਛੇ ਬਣੀ ਝੀਲ ਦਾ ਨਾਮਗੋਬਿੰਦ ਸਾਗਰ ਝੀਲ ਰੱਖਿਆ ਗਿਆ ਹੈ। ਸਤਲੁਜ ਦਰਿਆ ਦੀ ਲੰਬਾਈ ਲੱਗਭੱਗ 1536 ਕਿਲੋਮੀਟਰ ਹੈ ਅਤੇ ਇਸ ਦਾ ਲੱਗਭੱਗ 75369 ਕਿਲੋਮੀਟਰ ਖੇਤਰ ਹੈ। ਸਤਲੁਜ ਦਰਿਆ ਦੀਆਂ ਅੱਠ ਵੱਡੀਆਂ ਸਹਾਇਕ ਨਦੀਆਂ ਹਨ ਸਭ ਤੋਂ ਵੱਡੀ ਸਹਾਇਕ ਨਦੀ ਬਿਆਸ ਦਰਿਆ ਹੈ ਜੋ ਕਿ 464 ਕਿਲੋਮੀਟਰ ਲੰਬੀ ਹੈ ਅਤੇ 9920 ਕਿਲੋਮੀਟਰ ਦੇ ਜਲ ਗ੍ਰਹਿਣ ਖੇਤਰ ਦੇ ਨਾਲ ਹੈ। ਸਤਲੁਜ ਦਰਿਆ ਮਾਨਸਰੋਵਰ ਦੇ ਨੇੜੇ ਭਾਰਤ ਵਿੱਚ ਦਾਖਲ ਹੁੰਦਾ ਹੈ ਅਤੇ ਉੱਤਰ ਪੱਛਮ ਵੱਲ ਵਗਦਾ ਹੈ। ਇਹ ਗੋਬਿੰਦ ਸਾਗਰ ਝੀਲ ਤੱਕ ਵਹਿੰਦਾ ਹੈ ਜਿਸ ਉੱਤੇ ਭਾਖੜਾ ਡੈਮ ਬਣਿਆ ਹੋਇਆ ਹੈ। ਭਾਖੜਾ ਡੈਮ ਦੇ ਪਿੱਛੇ ਝੀਲ 96.56 ਕਿਲੀਮੀਟਰ ਲੰਬੀ ਹੈ ਅਤੇ 168.35 ਵਰਗ ਕਿਲੋਮੀਟਰ ਖੇਤਰ ਵਿੱਚ ਫੈਲੀ ਹੋਈ ਹੈ। ਬੰਨ ਤੱਕ ਸਤਲੁਜ ਦਰਿਆ ਦਾ ਕੁੱਲ ਕੈਚਮੈਂਟ ਏਰੀਆਂ 56980 ਵਰਗ ਕਿਲੋਮੀਟਰ ਹੈ ਜਿਸ ਵਿੱਚ 37050 ਵਰਗ ਕਿਲੋਮੀਟਰ ਖੇਤਰ ਤਿੱਬਤ ਅਤੇ ਬਾਕੀ 19930 ਵਰਗ ਕਿਲੋਮੀਟਰ ਭਾਰਤ ਵਿੱਚ ਹੈ। ਗਰਮੀਆਂ ਦੇ ਮੌਸਮ ਵਿੱਚ ਮਾਨ ਸਰੋਵਰ ਝੀਲ ਅਤੇ ਰਸਤੇ ਦੀ ਬਰਫ ਦਾ ਪਿਘਲਿਆ ਹੋਇਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿੱਚ ਕੈਚਮੈਂਟ ਏਰੀਆਂ ਤੋਂ ਆਉਣ ਵਾਲਾ ਵਰਖਾ ਦਾ ਪਾਣੀ ਬੰਨ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਬੰਨ ਵਿੱਚ 50 ਤੋਂ 60 ਫੀਸਦੀ ਪਾਣੀ ਬਰਫ ਦੇ ਪਿਘਲਣ ਕਾਰਨ ਅਤੇ ਬਾਕੀ ਬਾਰਿਸ਼ ਤੋਂ ਆਉਂਦਾ ਹੈ। ਝੀਲ ਵਿੱਚ 1680 ਫੁੱਟ ਤੱਕ 93400 ਲੱਖ ਘਣਮੀਟਰ ਪਾਣੀ ਇਕੱਠਾ ਕੀਤਾ ਜਾਂਦਾ ਹੈ। ਝੀਲ ਵਿੱਚ ਬਰਸਾਤ ਦੇ ਦਿਨਾਂ ਵਿੱਚ ਜਮ੍ਹਾ ਕੀਤੇ ਜਾਣ ਵਾਲੇ ਪਾਣੀ ਦੀ ਬਦੋਲਤ ਜਿੱਥੇ ਪੰਜਾਬ, ਹਰਿਆਣਾ ਅਤੇ ਹੋਰ ਪ੍ਰਾਂਤਾ ਦੇ ਇਲਾਕਿਆਂ ਨੂੰ ਹੜ੍ਹ ਤੋਂ ਰਾਹਤ ਮਿਲਦੀ ਹੈ। ਇਸ ਝੀਲ ਤੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ 65 ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਹੁੰਦੀ ਹੈ। ਭਾਖੜਾ ਬੰਨ ਤੋਂ ਪੰਜਾਬ, ਹਰਿਆਣਾ, ਪੱਛਮੀ ਰਾਜਸਥਾਨ, ਚੰਡੀਗੜ ਅਤੇ ਦਿੱਲੀ ਦੇ ਮੁੱਖ ਸ਼ਹਿਰਾਂ ਦੇ ਲਈ ਪੀਣ ਦੇ ਪਾਣੀ ਦੀ ਪੂਰਤੀ ਵੀ ਕੀਤੀ ਜਾਂਦੀ ਹੈ। ਭਾਖੜਾ ਡੈਮ ਤੋਂ ਬਾਦ ਨੰਗਲ ਡੈਮ ਬਣਾਇਆ ਗਿਆ ਜਿਸ ਵਿੱਚ ਭਾਖੜਾ ਡੈਮ ਤੋਂ ਆਣ ਵਾਲੇ ਪਾਣੀ ਨੂੰ ਰੋਕਕੇ ਅੱਗੇ ਵੱਖ ਵੱਖ ਨਹਿਰਾਂ ਵਿੱਚ ਛੱਡਿਆ ਜਾਂਦਾ ਹੈ। ਭਾਖੜਾ ਬੰਨ ਕਾਰਨ ਦੇਸ਼ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਸਾਕਾਰ ਹੋ ਸਕਿਆ ਹੈ। ਲੱਗਭੱਗ 283.90 ਕਰੋੜ ਰੁਪਏ ਦੀ ਲਾਗਤ ਨਾਲ ਸਾਲ 1962 ਵਿੱਚ ਬਣ ਕੇ ਤਿਆਰ ਹੋਇਆ ਭਾਖੜਾ ਬੰਨ ਉਸ ਵੇਲੇ ਏਸ਼ੀਆਂ ਵਿੱਚ ਸਭ ਤੋਂ ਉੱਚਾ ਅਤੇ ਵਿਸ਼ਵ ਵਿੱਚ ਦੂਜੇ ਨੰਬਰ ਤੇ ਸੀ। ਭਾਖੜਾ ਡੈਮ ਦੇ ਦੋਨੋਂ ਪਾਸੇ ਪਾਵਰ ਪਲਾਂਟ ਬਣਾਏ ਗਏ ਹਨ ਜਿੱਥੇ ਟਰਵਾਇਨਾਂ ਰਾਹੀਂ ਸਿਰਫ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ ਬਿਜ਼ਲੀ ਪੈਦਾ ਕੀਤੀ ਜਾਂਦੀ ਹੈ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਪਿਛਲੇ ਕਈ ਸਾਲਾਂ ਤੋਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦਾ ਬਿਜਲੀ ਉਦਪਾਦਨ ਕੇਂਦਰੀ ਬਿਜਲੀ ਅਥਾਰਟੀ ਦੁਆਰਾ ਨਿਰਧਾਰਤ ਟੀਚਿਆਂ ਤੋਂ ਲਗਾਤਾਰ ਵੱਧ ਰਿਹਾ ਹੈ। ਇਸਦਾ ਜਲ ਭੰਡਾਰਨ ਦੇਸ਼ ਦੇ ਸਭ ਤੋਂ ਵੱਡੇ ਜਲ ਭੰਡਾਰਾ ਵਿੱਚੋਂ ਇੱਕ ਹੈ। ਜਿਸਦੀ ਸਮਰੱਥਾ 9620 ਅਤੇ 8570 ਮਿਲੀਅਨ ਘਣਮੀਟਰ ਹੈ। ਅੱਜ ਦੇ ਦਿਨ 22 ਅਕਤੂਬਰ 1963 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਨੇ ਇਸ ਡੈਮ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਅਤੇਇਸ ਬਾਰੇ ਕਿਹਾ ਕਿ ਭਾਖੜ੍ਹਾ ਨੰਗਲ ਪ੍ਰੋਜੈਕਟ ਕੁੱਝ ਹੈਰਾਨੀਜਨਕ ਹੈ, ਕੁੱਝ ਚਮਤਕਾਰੀ ਹੈ, ਕੁੱਝ ਅਜਿਹਾ ਹੈ ਜਿਸਨੂੰ ਵੇਖਕੇ ਤੁਹਾਡੇ ਦਿਲ ਵਿੱਚ ਤੁਫਾਨ ਉਠਦਾ ਹੈ। ਭਾਖੜਾ ਬੰਨ ਅਜ਼ਾਦੀ ਤੋਂ ਬਾਅਦ ਅਜਿਹਾ ਪ੍ਰੋਜੈਕਟ ਹੈ ਜਿਸਨੂੰ ਡਾਕ ਵਿਭਾਗ ਵਲੋਂ ਦੂਸਰੇ ਸਮਾਰਕ ਟਿਕਟ ਦੇਣ ਦਾ ਸਨਮਾਨ ਦਿੱਤਾ ਗਿਆ ਹੈ।



ਸਾਲ 2013 ਵਿੱਚ ਗੋਲਡਨ ਜੁਬਲੀ ਮੌਕੇ ਹੋਏ ਸਮਾਰੋਹ ਵਿੱਚ ਕੇਂਦਰ ਅਤੇ ਵੱਖ ਵੱਖ ਹਿੱਸੇਦਾਰ ਰਾਜਾਂ ਦੇ ਆਗੂਆਂ ਨੇ ਇਸ ਡੈਮ ਅਤੇ ਇਲਾਕੇ ਦੇ ਵਿਕਾਸ ਲਈ ਘੋਸ਼ਣਾਵਾਂ ਕੀਤੀਆਂ ਸਨ ਪਰ ਇਲਾਕੇ ਦੀ ਹੋ ਰਹੀ ਬਰਬਾਦੀ ਉਨ੍ਹਾਂ ਘੋਸ਼ਣਾਵਾਂ ਦੀ ਪੋਲ ਖੋਲਦੀ ਹੈ। ਹਰ ਸਾਲ ਵਾਂਗ ਅੱਜ 22 ਅਕਤੂਬਰ ਨੂੰ ਭਾਖੜ੍ਹਾ ਡੈਮ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ ਪਰ ਸਰਕਾਰਾਂ ਦੀ ਲਾਪਰਵਾਹੀ ਅਤੇ ਕੁੱਝ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਕਾਰਨ ਇਸ ਡੈਮ ਦੀ ਤਰੱਕੀ ਲਈ ਕੋਈ ਠੋਸ ਯੋਜਨਾ ਲਾਗੂ ਨਹੀਂ ਹੋਈ ਹੈ ਅਤੇ ਇਸ ਡੈਮ ਕਾਰਨ ਵਸਿਆ ਨੰਗਲ ਸ਼ਹਿਰ ਉੱਜੜ ਰਿਹਾ ਹੈ, ਡੈਮ ਤੇ ਜਾਣ ਵਾਲੇ ਰਸਤਿਆਂ ਦੀ ਹਾਲਤ ਖਸਤਾ ਹੋ ਰਹੀ ਹੈ। ਕੇਂਦਰ ਸਰਕਾਰ ਅਧੀਨ ਚੱਲ ਰਹੇ ਇਸ ਅਦਾਰੇ ਨੂੰ ਹੋਰ ਵਿਕਸਿਤ ਕਰਨ ਲਈ ਠੋਸ ਯੋਜਨਾ ਬਣਾ ਕੇ ਅਮਲੀ ਜਾਮਾ ਪਹਿਨਾਉਣ ਦੀ ਜਰੂਰਤ ਹੈ।

# ਨਵਜੋਤ ਸਾਹਿਤ ਸੰਸਥਾ ਵਲੋਂ ਕਵਿੱਤਰੀ ਦਰਬਾਰ ਕਰਵਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਗੁਰੂ ਨਾਨਕ ਕਾਲਜ ਬੰਗਾ ਵਿਖੇ ਨਵਜੋਤ ਸਾਹਿਤ ਸੰਸਥਾ ਔੜ ਵਲੋਂ ਕਵਿੱਤਰੀ ਦਰਬਾਰ ਕਰਵਾਇਆ ਗਿਆ। ਇਸ ਕਵਿੱਤਰੀ ਦਰਬਾਰ ਵਿੱਚ ਰਜਨੀ ਸ਼ਰਮਾ, ਅਮਰ ਜਿੰਦ, ਨੀਰੂ ਜੱਸਲ ਤੇ ਜਸਵਿੰਦਰ ਫਗਵਾੜਾ ਨੇ ਕਵਿਤਾਵਾਂ ਦੀ ਖੂਬ ਛਹਿਬਰ ਲਗਾਈ। ਪ੍ਰਿੰਸੀਪਲ ਸੰਦੀਪ ਕੌਰ ਨੇ ਕਿਹਾ ਕਿ ਮਹਿਲਾਵਾਂ ਕਾਵਿ ਰੰਗ ਵਿੱਚ ਆਪਣੀ ਵੇਦਨਾ ਦਾ ਪ੍ਰਗਟਾਵਾ ਕਰਦੇ ਸਮਰੱਥ ਭੂਮਿਕਾ ਨਿਭਾ ਰਹੀਆ ਹਨ। ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਮੋਨਿਕਾ ਸਾਹਨੀ ਨੇ ਸੰਸਥਾ ਦੀ ਮਹਿਲਾ ਟੀਮ ਵਲੋਂ ਨਿਭਾਈਆਂ ਸਾਹਿਤਕ ਸੇਵਾਵਾਂ ਦੀ ਸਲਾਘਾ ਕੀਤੀ। ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾ




ਗੁਰਜੀਤ ਕੌਰ, ਹਰਪ੍ਰੀਤ ਕੌਰ, ਪ੍ਰੀਤੀ ਦੇਵੀ ਨੇ ਵੀ ਕਵਿਤਾਵਾਂ ਸੁਣਾਈਆਂ। ਸੰਸਥਾ ਦੀ ਪ੍ਰਧਾਨ ਰਜਨੀ ਸ਼ਰਮਾ ਨੇ ਆਏ ਹੋਏ ਹਾਜਰੀਨ ਦਾ ਧੰ-ਨਵਾਦ ਕਰਦਿਆ ਅਭਾਰ ਪ੍ਰਗਟ ਕੀਤਾ। ਮੰਚ ਦਾ ਸੰਚਾਲਨ ਸੰਸਥਾ ਦੇ ਸਕੱਤਰ ਅਮਰ ਜਿੰਦ ਨੇ ਬਾਖੂਬੀ ਨਿਭਾਇਆ। ਸਮਾਗਮ ਦੌਰਾਨ ਸੰਸਥਾ ਦੇ ਸਹਿਯੋਗ ਹਿੱਤ ਹਰਗੁਰਪ੍ਰੀਤ ਕੌਰ ਮੱਲ੍ਹਾ ਬੇਦੀਆਂ ਤੇ ਜਸਵਿੰਦਰ ਕੌਰ ਕਰਿਆਮ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਨੁਮਾਇੰਦਿਆ ਵਿੱਚ ਸੁਰਜੀਤ ਮਜਾਰੀ, ਦਵਿੰਦਰ ਬੇਗਮਪੁਰੀ, ਬਿੰਦਰ ਮੱਲ੍ਹਾ ਬੇਦੀਆ ਤੇ ਰਾਜਿੰਦਰ ਜੱਸਲ ਆਦਿ ਵੀ ਸ਼ਾਮਲ ਸਨ।

# 24 ਅਕਤੂਬਰ ਲਈ ਸੰਯੁਕਤ ਰਾਸ਼ਟਰ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਸੰਯੁਕਤ ਰਾਸ਼ਟਰ ਦੀ ਸਥਾਪਨਾ ਅੱਜ ਦੇ ਦਿਨ 24 ਅਕਤੂਬਰ, 1945 ਨੂੰ ਹੋਈ ਸੀ ਅਤੇ ਸੰਯੁਕਤ ਰਾਸ਼ਟਰ ਦਿਵਸ ਸਭਤੋਂ ਪਹਿਲਾਂ 24 ਅਕਤੂਬਰ 1948 ਨੂੰ ਮਨਾਇਆ ਗਿਆ। ਇਤਿਹਾਸ ਵੇਖੀਏ ਤਾਂ 19ਵੀਂ ਸਦੀ ਵਿੱਚ ਯੂਰਪ ਦੇ ਕਈ ਦੇਸ਼ਾਂ ਵਿੱਚ ਮਹਾਂਯੁੱਧ ਹੋਇਆ ਜਿਸਨੂੰ ਪਹਿਲਾ ਵਿਸ਼ਵ ਯੁੱਧ ਕਿਹਾ ਜਾਂਦਾ ਹੈ ਜੋਕਿ 1914 ਤੋਂ ਲੈਕੇ 1918 ਤੱਕ ਚੱਲਿਆ। ਇਸ ਮਹਾਂਯੁੱਧ ਵਿੱਚ ਕਈ ਦੇਸ਼ਾਂ ਵਿੱਚ ਭਾਰੀ ਨੁਕਸਾਨ ਹੋਇਆ ਅਤੇ ਕਈਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਯੁੱਧ ਕਾਰਨ ਹੋਣ ਵਾਲੀ ਤਬਾਹੀ ਨੂੰ ਵੇਖਦੇ ਹੋਏ ਇਸ ਤਬਾਹੀ ਤੋਂ ਬਚਣ ਲਈ ਇੱਕ ਅੰਤਰਰਾਸ਼ਟਰੀ ਸੰਸਥਾ ਲੀਗ ਆਫ ਨੇਸ਼ਨਜ਼ ਬਣਾਉਣ ਦਾ ਫੈਸਲਾ ਕੀਤਾ ਗਿਆ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ 28 ਜੂਨ 1919 ਨੂੰ ਫਰਾਂਸ ਵਿੱਚ ਹੋਏ ਸਮਝੋਤੇ ਤੋਂ ਬਾਦ ਹੋਈ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ ਤੋਂ ਬਾਦ ਦੋ ਦਹਾਕਿਆਂ ਤੱਕ ਸਮੂਹ ਦੇਸ਼ਾਂ ਨੇ ਯੁੱਧ ਤੋਂ ਬਚਣ ਲਈ ਬਹੁਤ ਹੀ ਕੰਮ ਕੀਤਾ ਗਿਆ। ਇਸਦਾ ਮੁੱਖ ਉਦੇਸ਼ ਅੰਤਰਰਾਸ਼ਟਰੀ ਝਗੜਿਆਂ ਨੂੰ ਸੁਲਝਾਉਣਾ ਸੀ। ਇਸ ਕੋਲ ਫੈਸਲੇ ਮਨਵਾਉਣ ਲਈ ਕੋਈ ਵੀ ਸੈਨਿਕ ਸ਼ਕਤੀ ਨਹੀਂ ਸੀ। ਇਸ ਦੀਆਂ ਕੋਸ਼ਿਸ਼ਾਂ ਦੇ ਬਾਬਜੂਦ ਵੀ ਕੁੱਝ ਦੇਸ਼ਾਂ ਦੇ ਝਗੜੇ ਨਿਪਟਾਉਣ ਵਿੱਚ ਇਹ ਨਾਕਾਮ ਰਿਹਾ ਅਤੇ ਸਾਲ 1939 ਵਿੱਚ ਦੂਜਾ ਵਿਸ਼ਵ ਯੁੱਧ ਹੋ ਗਿਆ ਜੋਕਿ 1939 ਤੋਂ 1945 ਤੱਕ ਲੱਗਭੱਗ ਛੇ ਸਾਲ ਚੱਲਿਆ ਅਤੇ ਇਸ ਵਿੱਚ ਵੀ ਬਹੁਤ ਨੁਕਸਾਨ ਹੋਇਆ। ਜਰਮਨੀ ਦੇ ਸ਼ਾਸ਼ਕ ਹਿਟਲਰ ਅਤੇ ਉਸਦੇ ਸਾਥੀਆਂ ਨੇ ਇਸ ਸੰਸਥਾ ਦਾ ਅਧਾਰ ਹੀ ਖਤਮ ਕਰ ਦਿੱਤਾ। ਅਮਰੀਕਾ ਦੁਆਰਾ ਜਪਾਨ ਦੇ ਸ਼ਹਿਰਾਂ ਨਾਗਾਸਾਕੀ ਅਤੇ ਹਿਰੋਸ਼ੀਮਾ ਤੇ ਕੀਤੇ ਗਏ ਬੰਬ ਹਮਲਿਆਂ ਨਾਲ ਭਿੰਅਕਰ ਤਬਾਹੀ ਹੋਈ। ਇਸ ਤਬਾਹੀ ਨੂੰ ਵੇਖਕੇ ਕਈ ਰਾਸ਼ਟਰਾਂ ਨੇ ਬੈਠਕ ਕੀਤੀ ਅਤੇ ਵਿਸ਼ਵ ਸ਼ਾਂਤੀ ਲਈ ਯੋਜਨਾ ਬਣਾਈ। 25 ਅਪ੍ਰੈਲ, 1945 ਨੂੰ ਸਾਨ ਫਰਾਂਸਿਸਕੋ ਵਿੱਚ ਸੰਯੁਕਤ ਰਾਸ਼ਟਰ ਸੰਮੇਲਨ ਹੋਇਆ। ਸਾਨ ਫਰਾਂਸਿਸਕੋ ਕਾਨਫਰੰਸ ਦੇ ਖਤਮ ਹੋਣ ਤੋਂ ਚਾਰ ਮਹੀਨਿਆਂ ਬਾਅਦ ਸੰਯੁਕਤ ਰਾਸ਼ਟਰ ਅਧਿਕਾਰਤ ਤੌਰ ਤੇ 24 ਅਕਤੂਬਰ 1945 ਨੂੰ ਚੀਨ, ਫਰਾਂਸ, ਸੋਵੀਅਤ ਯੂਨੀਅਨ, ਯੂਨਾਈਟਿਡ ਕਿੰਗਡਮ, ਸੰਯੁਕਤ ਰਾਜ ਅਮਰੀਕਾ ਦੁਆਰਾ ਇਸ ਦੇ ਚਾਰਟਰ ਦੀ ਪੁਸ਼ਟੀ ਹੋਣ ਤੋਂ ਬਾਅਦ ਹੋਂਦ ਵਿੱਚ ਆਇਆ। ਵਿਸ਼ਵ ਦੀਆਂ ਤਾਕਤਾਂ ਮੰਨੇ ਜਾਂਦੇ ਅਮਰੀਕਾ ਦੇ ਰਾਸ਼ਟਰਪਤੀ ਰੁਜ਼ਵੇਲਟ, ਇੰਗਲੈਂਡ ਦੇ ਪ੍ਰਧਾਨ ਮੰਤਰੀ ਚਰਚਿਲ ਅਤੇ ਰੂਸ ਦੇ ਆਗੂ ਸਟਾਲਿਨ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਹੀ 24 ਅਕਤੂਬਰ 1945 ਨੂੰ ਅਮਰੀਕਾ ਦੇ ਸਾਨ ਫਰਾਂਸਿਸਕੋ ਵਿੱਚ 50 ਦੇਸ਼ਾਂ ਨੇ ਮਿਲਕੇ ਸੰਯੁਕਤ ਰਾਸ਼ਟਰ ਸੰਘ ਦਾ ਅਪਣਾ ਸੰਵਿਧਾਨ ਬਣਾਇਆ ਜਿਸਦਾ ਮੁੱਖ ਉਦੇਸ਼ ਵੱਖ-ਵੱਖ ਦੇਸ਼ਾਂ ਵਿੱਚ ਸ਼ਾਂਤਮਈ ਸਬੰਧ ਕਾਇਮ ਰੱਖਣਾ ਅਤੇ ਉਨ੍ਹਾਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਸਹਿਯੋਗ ਕਰਨਾ ਰੱਖਿਆ ਗਿਆ। ਇਸਦੇ ਸੰਵਿਧਾਨ ਅਨੁਸਾਰ ਇਸਦਾ ਮੁੱਖ ਕੰਮ ਕਿਸੇ ਵੀ ਦੇਸ਼ ਦੁਆਰਾ ਦੂਜੇ ਤੇ ਕੀਤੇ ਜਾਣ ਵਾਲੇ ਹਮਲਿਆਂ ਨੂੰ ਰੋਕਣਾ, ਅੰਤਰਰਾਸ਼ਟਰੀ ਸੁਰੱਖਿਆ ਅਤੇ ਸ਼ਾਂਤੀ ਕਾਇਮ ਰੱਖਣਾ, ਬਰਾਬਰਤਾ ਅਤੇ ਸਵੈ ਨਿਰਣੈ ਦੇ ਅਧਿਕਾਰ ਦੇ ਅਧਾਰ ਤੇ ਵੱਖ ਵੱਖ ਦੇਸ਼ਾਂ ਵਿੱਚ ਮਿੱਤਰਤਾ ਵਾਲੇ ਸਬੰਧ ਕਾਇਮ ਕਰਨਾ, ਅੰਤਰਰਾਸ਼ਟਰੀ ਅਧਾਰ ਤੇ ਵੱਖ-ਵੱਖ ਦੇਸ਼ਾਂ ਵਿੱਚ ਸਮਾਜਿਕ, ਆਰਥਿਕ, ਸੰਸਕ੍ਰਿਤਕ ਅਤੇ ਹੋਰ ਮਾਨਵੀ ਸਬੰਧਾ ਵਿੱਚ ਆਪਸੀ ਸਹਿਯੋਗ ਦਾ ਵਿਕਾਸ ਕਰਨਾ ਸੀ। ਨਸਲ, ਜਾਤਿ, ਧਰਮ, ਭਾਸ਼ਾ, ਲਿੰਗ ਆਦਿ ਦੇ ਅਧਾਰ ਤੇ ਹੋਣ ਵਾਲੇ ਵਿਤਕਰਿਆਂ ਨੂੰ ਖਤਮ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਭਾਵਨਾ ਨੂੰ ਵਿਕਸਿਤ ਕਰਨਾ ਹੈ। 10 ਜਨਵਰੀ 1946 ਨੂੰ ਲੰਡਨ ਵਿੱਚ ਇਸਦਾ ਪਹਿਲਾ ਸੰਮੇਲਨ ਹੋਇਆ ਜਿਸ ਵਿੱਚ ਇਸਦਾ ਮੁੱਖ ਦੱਫਤਰ ਮੈਨਹੈਟਨ ਟਾਪੂ ਨਿਊਯਾਰਕ ਸ਼ਹਿਰ ਵਿੱਚ ਬਣਾਇਆ ਗਿਆ ਸੀ। ਇਸਤੋਂ ਇਲਾਵਾਂ ਇਸ ਦੀਆਂ ਕੁੱਝ ਸੰਸਥਾਵਾਂ ਦੇ ਦਫਤਰ ਜਨੇਵਾ, ਕੋਪਨਹੇਵਨ ਆਦਿ ਵਿੱਚ ਵੀ ਬਣਾਏ ਗਏ ਹਨ। ਸਥਾਪਨਾ ਵੇਲੇ ਸਿਰਫ 04 ਭਾਸ਼ਾਵਾਂ ਨੂੰ ਹੀ ਰਾਜ ਭਾਸ਼ਾਵਾਂ ਦਾ ਦਰਜਾ ਦਿਤਾ ਗਿਆ ਸੀ ਪਰੰਤੂ ਹੁਣ ਅਰਬੀ, ਚੀਨੀ, ਅੰਗਰੇਜੀ, ਫਰਾਂਸਿਸੀ, ਸਪੇਨੀ ਅਤੇ ਰੂਸੀ ਅਧਿਕਾਰਤ ਭਾਸ਼ਾਵਾਂ ਬਣਾਈਆਂ ਗਈਆਂ। ਭਾਰਤ ਨੇ ਬੇਸ਼ੱਕ ਹਿੰਦੀ ਨੂੰ ਰਾਜ ਭਾਸ਼ਾ ਬਣਾਉਣ ਲਈ ਪੂਰਾ ਜ਼ੋਰ ਲਗਾਇਆ ਹੋਇਆ ਹੈ ਪਰ ਅਜੇ ਤੱਕ ਹਿੰਦੀ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਸਮੇਂ-ਸਮੇਂ ਤੇ ਭਾਰਤ ਦੇ ਕਈ ਆਗੂਆਂ ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਸਵਰਗੀ ਵਿਦੇਸ਼ ਮੰਤਰੀ ਸ਼ੁਸ਼ਮਾ ਸਵਰਾਜ, ਮੋਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਦਿ ਨੇ ਸੰਯੁਕਤ ਰਾਸ਼ਟਰ ਵਿੱਚ ਹਿੰਦੀ ਭਾਸ਼ਾ ਵਿੱਚ ਹੀ ਅਪਣਾ ਭਾਸ਼ਣ ਦਿੱਤਾ ਹੈ। ਮੋਜੂਦਾ ਸਮੇਂ ਵਿਸ਼ਵ ਦੇ ਸਾਰੇ ਮਾਨਤਾ ਪ੍ਰਾਪਤ 193 ਦੇਸ਼ ਇਸਦੇ ਮੈਂਬਰ ਹਨ। ਸੰਯੁਕਤ ਰਾਸ਼ਟਰ ਸੰਘ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਈ ਸ਼ਾਖਾਵਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਆਮ ਸਭਾ ਜੋਕਿ ਸੰਯੁਕਤ ਰਾਸ਼ਟਰ ਸੰਘ ਦੇ ਸਾਰੇ ਮਾਮਲਿਆਂ ਸਬੰਧੀ ਫੈਸਲੇ ਕਰਦੀ ਹੈ, ਬੱਜਟ ਨੂੰ ਪਾਸ ਕਰਦੀ ਹੈ, ਸੰਯੁਕਤ ਰਾਸ਼ਟਰ ਸੰਘ ਦੇ ਫੈਸਲਿਆਂ ਨੂੰ ਨਾਂ ਮੰਨਣ ਵਾਲੇ ਦੇਸ਼ਾਂ ਦੀ ਮੈਂਬਰਸ਼ਿਪ ਰੱਦ ਕਰਨ ਸਬੰਧੀ ਫੈਸਲਾ ਕਰਨਾ, ਨਵੇਂ ਦੇਸਾਂ ਨੂੰ ਮੈਂਬਰਸ਼ਿਪ ਦੇਣ ਸਬੰਧੀ ਫੈਸਲੇ ਕਰਨਾ ਸ਼ਾਮਿਲ ਹੇ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਸ਼ਾਖਾ ਸੁਰੱਖਿਆ ਪ੍ਰੀਸ਼ਦ ਹੈ ਜਿਸਦੇ ਅਮਰੀਕਾ, ਰੂਸ, ਬ੍ਰਿਟੇਨ, ਫਰਾਂਸ, ਚੀਨ 05 ਸਥਾਈ ਮੈਂਬਰ ਹਨ ਅਤੇ 10 ਹੋਰ ਮੈਂਬਰਾ ਦੀ ਨਿਯੁਕਤੀ ਸਧਾਰਣ ਸਭਾ ਕਰਦੀ ਹੈ ਜਿਨ੍ਹਾ ਦਾ ਕਾਰਜਕਾਲ 02 ਸਾਲ ਤੱਕ ਹੁੰਦਾ ਹੈ ਅਤੇ ਇਨ੍ਹਾਂ ਕੋਲ ਵੀਟੋ ਅਧਿਕਾਰ ਹੁੰਦਾ ਹੈ ਅਤੇ ਇਹ ਦੇਸ਼ਾਂ ਵਿੱਚ ਯੁੱਧ ਸ਼ੁਰੂ ਹੋਣ ਦੀ ਹਾਲਤ ਵਿੱਚ ਯੁੱਧ ਰੋਕਣ ਲਈ ਯੁੱਧ ਵਿਰਾਮ ਦੇ ਆਦੇਸ਼ ਦਿੰਦੀ ਹੈ ਅਤੇ ਜੇਕਰ ਜਰੂਰਤ ਪਵੇ ਤਾਂ ਮੈਂਬਰ ਦੇਸ਼ਾਂ ਨੂੰ ਸੈਨਿਕ ਸਹਾਇਤਾ ਦਿੰਦੀ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਹੋਰ ਮਹੱਤਵਪੂਰਨ ਸ਼ਾਖਾ ਅੰਤਰ-ਰਾਸ਼ਟਰੀ ਅਦਾਲਤ ਹੈ ਜਿਸਦੇ 15 ਜੱਜ ਹੁੰਦੇ ਹਨ ਜਿਨ੍ਹਾ ਦੀ ਚੌਣ ਸਥਾਈ ਸਭਾ ਅਤੇ ਸੁਰੱਖਿਆ ਪ੍ਰੀਸ਼ਦ ਕਰਦੀ ਹੈ ਅਤੇ ਇਨ੍ਹਾਂ ਦਾ ਕਾਰਜਕਾਲ 9 ਸਾਲ ਲਈ ਹੁੰਦਾ ਹੈ ਅਤੇ ਇਨ੍ਹਾ ਵਿੱਚੋਂ ਇੱਕ ਤਿਹਾਈ ਹਰ ਤਿੰਨ ਸਾਲ ਬਦਲਦੇ ਹਨ। ਇਹ ਅਦਾਲਤ ਅੰਤਰਰਾਸ਼ਟਰੀ ਝਗੜਿਆਂ ਦਾ ਨਿਪਟਾਰਾ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਸ਼ਾਖਾਵਾ ਸਮਾਜਿਕ-ਆਰਥਿਕ ਪ੍ਰੀਸ਼ਦ, ਨਿਆਏ ਪ੍ਰੀਸਦ, ਸਕੱਤਰ ਆਦਿ ਵੀ ਹਨ। ਸੰਯੁਕਤ ਰਾਸ਼ਟਰ ਦੀਆ ਕਈ ਹੋਰ ਸੰਸਥਾਵਾ ਵੀ ਹਨ ਜਿਨ੍ਹਾਂ ਵਿੱਚ ਵਿਸ਼ਵ ਸਿਹਤ ਸੰਗਠਨ, ਖੁਰਾਕ ਅਤੇ ਖੇਤੀ ਸੰਗਠਨ, ਸੰਯੁਕਤ ਰਾਸ਼ਟਰ ਵਿਦਿਅੱਕ ਵਿਗਿਆਨਕ ਅਤੇ ਸੰਸਕ੍ਰਿਤਿਕ ਸੰਗਠਨ, ਯੂਨੀਸੈਫ, ਅੰਤਰਰਾਸ਼ਟਰੀ ਮਜਦੂਰ ਸੰਗਠਨ, ਸ਼ਰਨਾਰਥੀਆਂ ਲਈ




ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ, ਸੰਯੁਕਤ ਰਾਸ਼ਟਰ ਮਨੁਖੀ ਅਧਿਕਾਰ ਪ੍ਰੀਸ਼ਦ ਆਦਿ ਹਨ ਜੋਕਿ ਅਪਣੇ ਅਪਣੇ ਖੇਤਰ ਵਿੱਚ ਸਫਲਤਾ ਪੂਰਬਕ ਕੰਮ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਵਿੱਚ 193 ਮੈਂਬਰ ਰਾਜ ਅਤੇ 2 ਨਿਰੀਖਕ ਰਾਜ ਹਨ। ਸੰਯੁਕਤ ਰਾਸ਼ਟਰ ਦਾ ਮਿਸ਼ਨ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਬਣਾਈ ਰੱਖਣਾ ਹੈ। ਸੰਯੁਕਤ ਰਾਸ਼ਟਰ ਵਿਸ਼ਵ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸ਼ਰਤਾਂ ਵੀ ਨਿਰਧਾਰਤ ਕਰਦਾ ਹੈ। ਸਾਲ 1948 ਵਿੱਚ ਮਨੁੱਖੀ ਅਧਿਕਾਰਾਂ ਦੀ ਵਿਆਪਕ ਘੋਸ਼ਣਾ ਦੇ ਨਾਲ ਅੰਤਰਰਾਸ਼ਟਰੀ ਕਾਨੂੰਨ ਬਣਾਇਆ ਗਿਆ ਹੈ। ਅੰਤਰਰਾਸ਼ਟਰੀ ਸੰਗਠਨ ਦਾ ਇੱਕ ਹੋਰ ਉਦੇਸ਼ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਸੰਯੁਕਤ ਰਾਸ਼ਟਰ ਦਾ ਵਿਸ਼ਵ ਭੋਜਨ ਪ੍ਰੋਗਰਾਮ ਲੱਗਭੱਗ 83 ਦੇਸ਼ਾਂ ਵਿੱਚ 91 ਮਿਲੀਅਨ ਲੋਕਾਂ ਨੂੰ ਭੋਜਨ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ। ਉਹ ਦੁਨੀਆ ਦੇ 45% ਬੱਚਿਆਂ ਨੂੰ ਵੈਕਸੀਨ ਵੀ ਸਪਲਾਈ ਕਰਦੇ ਹਨ। ਸੰਯੁਕਤ ਰਾਸ਼ਟਰ ਉਨ੍ਹਾਂ ਲੋਕਾਂ ਦੀ ਮਦਦ ਕਰਦਾ ਹੈ ਜੋ ਹਿੰਸਾ, ਸੰਘਰਸ਼ ਅਤੇ ਅਤਿਆਚਾਰਾਂ ਦੁਆਰਾ ਬੇਘਰ ਹੋਏ ਹਨ। ਲੱਗਭੱਗ 100 ਦੇਸ਼ਾਂ ਵਿੱਚ ਜਲਵਾਯੂ ਬਦਲਾਓ ਅਤੇ ਊਰਜਾ ਬਚਾਓ ਲਈ ਪ੍ਰੋਗਰਾਮ ਚੱਲ ਰਹੇ ਹਨ, 3.6 ਕਰੋੜ ਸ਼ਰਨਾਰਥੀਆਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ, ਵੱਖ ਵੱਖ ਦੇਸ਼ਾਂ ਵਿੱਚ ਬੱਚਿਆਂ ਲਈ ਬਿਮਾਰੀਆਂ ਤੋਂ ਬਚਾਓ ਲਈ ਟੀਕਾਕਰਨ ਪ੍ਰੋਗਰਾਮ ਚੱਲ ਰਿਹਾ ਹੈ, ਗਰਭਵਤੀ ਮਹਿਲਾਵਾਂ ਦੀ ਸਿਹਤ ਦੀ ਸਾਂਭ ਸੰਭਾਲ ਲਈ ਪ੍ਰੋਗਰਾਮ ਚੱਲ ਰਹੇ ਹਨ, ਕਈ ਦੇਸ਼ਾਂ ਵਿੱਚ ਗਰੀਬੀ ਅਤੇ ਭੁੱਖਮਰੀ ਦੂਰ ਕਰਨ ਲਈ ਪ੍ਰੋਗਰਾਮ ਚੱਲ ਰਹੇ ਹਨ। ਸੰਯੁਕਤ ਰਾਸ਼ਟਰ ਸੰਘ ਨੇ ਲੱਗਭੱਗ 80 ਦੇਸ਼ਾਂ ਨੂੰ ਅਜ਼ਾਦ ਕਰਵਾਉਣ ਲਈ ਮੁੱਖ ਭੂਮਿਕਾ ਨਿਭਾਈ ਹੈ, ਵਿਸ਼ਵ ਦੇ 04 ਮਹਾਂਦੀਪਾਂ ਵਿੱਚ ਸ਼ਾਂਤੀ ਕਾਇਮ ਰੱਖਣ ਅਤੇ ਆਪਸੀ ਸਬੰਧ ਸੁਖਾਵੇਂ ਰੱਖਣ ਲਈ ਕੰਮ ਕੀਤਾ ਹੈ। ਪੂਰੀ ਦੁਨੀਆ ਦੇ ਜੋ ਵੀ ਲੋਕ ਬੁਨਿਆਦੀ ਅਧਿਕਾਰਾਂ ਅਤੇ ਵਿਸ਼ੇਸ ਅਧਿਕਾਰਾਂ ਦਾ ਆਨੰਦ ਮਾਣ ਰਹੇ ਹਨ ਉਹ ਸਭ ਸੰਯੁਕਤ ਰਾਸ਼ਟਰ ਵਲੋਂ ਕੀਤੀਆਂ ਗਈਆਂ ਕੋਸ਼ਿਸਾਂ ਅਤੇ ਕੰਮਾਂ ਦਾ ਹੀ ਨਤੀਜਾ ਹੈ। ਸੰਯੁਕਤ ਰਾਸ਼ਟਰ ਵਲੋਂ ਵਿਸ਼ਵ ਵਿੱਚ ਸ਼ਾਂਤੀ ਬਣਾਕੇ ਰੱਖਣ ਅਤੇ ਲੋਕਾਂ ਦੀਆਂ ਜਰੂਰਤਾਂ ਨੂੰ ਪੂਰੀਆਂ ਕਰਨ ਲਈ ਹਰ ਸੰਭਬ ਕੋਸਿਸ਼ ਕੀਤੀ ਜਾਂਦੀ ਹੈ। ਬਹੁਤ ਸਾਰੀਆਂ ਪ੍ਰਾਪਤੀਆਂ ਦੇ ਨਾਲ ਸੰਯੁਕਤ ਰਾਸ਼ਟਰ ਭਵਿੱਖ ਵੱਲ ਨਵੀਆਂ ਪ੍ਰਾਪਤੀਆਂ ਵੱਲ ਦੇਖ ਰਿਹਾ ਹੈ। ਸੰਯੁਕਤ ਰਾਸ਼ਟਰ ਅਜੇ ਵੀ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਕਾਇਮ ਰੱਖਣ, ਲੋੜਵੰਦਾਂ ਨੂੰ ਮਾਨਵਤਾਵਾਦੀ ਸਹਾਇਤਾ ਦੇਣ, ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਅੰਤਰਰਾਸ਼ਟਰੀ ਕਾਨੂੰਨ ਨੂੰ ਕਾਇਮ ਰੱਖਣ ਲਈ ਕੰਮ ਕਰ ਰਿਹਾ ਹੈ। ਇਸ ਸਾਲ ਅਸੀਂ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੀ 75ਵੀਂ ਵਰ੍ਹੇਗੰਢ ਤੇ ਧਿਆਨ ਕੇਂਦਰਿਤ ਕਰ ਰਹੇ ਹਾਂ ਜਿਸ ਦਾ ਥੀਮ "ਸਭ ਲਈ ਬਰਾਬਰੀ, ਆਜ਼ਾਦੀ ਅਤੇ ਨਿਆਂ" ਹੈ। ਸੰਯੁਕਤ ਰਾਸ਼ਟਰ ਇਕੋ ਇਕ ਵਿਸ਼ਵਵਿਆਪੀ ਸੰਸਥਾ ਹੈ ਜਿਸ ਦੇ ਮੂਲ ਵਿਚ ਮਨੁੱਖੀ ਅਧਿਕਾਰ ਹਨ। ਮਨੁੱਖੀ ਅਧਿਕਾਰਾਂ ਦਾ ਵਿਸ਼ਵਵਿਆਪੀ ਘੋਸ਼ਣਾ ਪੱਤਰ ਸੰਯੁਕਤ ਰਾਸ਼ਟਰ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਹੈ ਜਿੱਥੇ ਸਾਰਿਆਂ ਲਈ ਆਜ਼ਾਦੀ, ਬਰਾਬਰੀ ਅਤੇ ਨਿਆਂ ਲਈ ਪ੍ਰੇਰਿਤ, ਅਤੇ ਸੱਤਰ ਤੋਂ ਵੱਧ ਮਨੁੱਖੀ ਅਧਿਕਾਰ ਸੰਧੀਆਂ ਨੂੰ ਅਪਣਾਉਣ ਲਈ ਰਾਹ ਪੱਧਰਾ ਕੀਤਾ ਗਿਆ ਹੈ ਜੋ ਅੱਜ ਹਰੇਕ ਪੱਧਰ ਤੇ ਲਾਗੂ ਹਨ। ਸੰਯੁਕਤ ਰਾਸ਼ਟਰ ਦਿਵਸ ਰਾਸ਼ਟਰ ਨੂੰ ਗਲੋਬਲ ਸੰਘਰਸ਼ ਤੋਂ ਗਲੋਬਲ ਸਹਿਯੋਗ ਵੱਲ ਲਿਆਉਣ ਅਤੇ ਰਾਸ਼ਟਰਾਂ ਵਿਚਕਾਰ ਸ਼ਾਂਤੀ ਲਿਆਉਣ ਲਈ ਬਣਾਇਆ ਅਤੇ ਮਨਾਇਆ ਜਾਂਦਾ ਹੈ। ਹੁਣ ਸੰਯੁਕਤ ਰਾਸ਼ਟਰ ਚਾਰਟਰ ਦੇ ਜੀਵਨ ਦੇ ਮੁੱਲਾਂ ਅਤੇ ਸਿਧਾਂਤਾਂ ਨੂੰ ਦੁਨੀਆ ਦੇ ਹਰ ਕੋਨੇ ਤੱਕ ਪਹੁੰਚਾਉਣ ਦਾ ਟੀਚਾ ਰੱਖ ਰਿਹਾ ਹੈ। ਇਸਦਾ ਉਦੇਸ਼ ਔਰਤਾਂ ਦੀ ਆਜ਼ਾਦੀ ਨੂੰ ਲੋਕਾਂ ਵਿੱਚ ਬਰਾਬਰੀ ਲਿਆਉਣ ਅਤੇ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਨੂੰ ਯਕੀਨੀ ਬਣਾਉਣਾ, ਮਨੁੱਖਤਾ ਦਾ ਵਿਕਾਸ ਕਰਨਾ ਅਤੇ ਰਾਸ਼ਟਰਾਂ ਵਿਚਕਾਰ ਜੰਗੀ ਟਕਰਾਅ ਨੂੰ ਖਤਮ ਕਰਨਾ ਹੈ। ਯੂ.ਐਨ.ਓ. ਭਵਿੱਖ ਦੀਆਂ ਪੀੜ੍ਹੀਆਂ ਦੀ ਸੁਰੱਖਿਆ ਲਈ ਵਾਅਦੇ ਕਰਦਾ ਹੈ ਕਿ ਅਸਮਾਨਤਾ ਨੂੰ ਮਿਟਾਇਆ ਜਾਵੇਗਾ, ਮਨੁੱਖੀ ਕਦਰਾਂ-ਕੀਮਤਾਂ ਨੂੰ ਵਧਾਇਆ ਜਾਵੇਗਾ ਅਤੇ ਵਿਸ਼ਵ ਨਿਸ਼ਚਿਤ ਤੌਰ ਤੇ ਰਹਿਣ ਲਈ ਇੱਕ ਬਿਹਤਰ ਸਥਾਨ ਹੋਵੇਗਾ। ਦੁਨੀਆ ਦੇ ਹਰ ਕੋਨੇ ਵਿੱਚ ਸੰਯੁਕਤ ਰਾਸ਼ਟਰ ਚਾਰਟਰ ਦੇ ਮੁੱਲਾਂ ਅਤੇ ਸਿਧਾਂਤਾਂ ਨੂੰ ਜੀਵਨ ਵਿੱਚ ਲਿਆਉਣ ਦੀ ਲੋੜ ਹੈ, ਸ਼ਾਂਤੀ ਨੂੰ ਇੱਕ ਮੌਕਾ ਦੇ ਕੇ ਅਤੇ ਜੀਵਨ, ਭਵਿੱਖ ਅਤੇ ਵਿਸ਼ਵਵਿਆਪੀ ਤਰੱਕੀ ਨੂੰ ਖਤਰੇ ਵਿੱਚ ਪਾਉਣ ਵਾਲੇ ਸੰਘਰਸ਼ਾਂ ਨੂੰ ਖਤਮ ਕਰਕੇ, ਅਤਿ ਗਰੀਬੀ ਨੂੰ ਖਤਮ ਕਰਨ, ਅਸਮਾਨਤਾਵਾਂ ਨੂੰ ਘਟਾਉਣ ਅਤੇ ਟਿਕਾਊ ਵਿਕਾਸ ਟੀਚਿਆਂ ਨੂੰ ਬਚਾਉਣ ਲਈ ਕੰਮ ਕਰਕੇ, ਸਾਡੇ ਗ੍ਰਹਿ ਦੀ ਰੱਖਿਆ ਕਰਕੇ ਜਿਸ ਵਿੱਚ ਨਵਿਆਉਣਯੋਗ ਊਰਜਾ ਕ੍ਰਾਂਤੀ ਨੂੰ ਸ਼ੁਰੂ ਕਰਨਾ ਸ਼ਾਮਲ ਹੈ, ਔਰਤਾਂ ਅਤੇ ਲੜਕੀਆਂ ਲਈ ਅਵਸਰ ਅਤੇ ਆਜ਼ਾਦੀ ਦੇ ਪੈਮਾਨੇ ਨੂੰ ਸੰਤੁਲਿਤ ਕਰਕੇ ਅਤੇ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਨੂੰ ਯਕੀਨੀ ਬਣਾਉਣਾ ਜਰੂਰੀ ਹੈ। ਇਸਦੇ ਨਾਲ ਹੀ ਸੰਯੁਕਤ ਰਾਸ਼ਟਰ ਨੇ 2030 ਲਈ ਟਿਕਾਊ ਵਿਕਾਸ ਟੀਚੇ ਨਿਰਧਾਰਤ ਕੀਤੇ ਹਨ ਤਾਂ ਜੋ ਸਾਡੇ ਸਾਰਿਆਂ ਲਈ ਇੱਕ ਬਿਹਤਰ ਅਤੇ ਵਧੇਰੇ ਟਿਕਾਊ ਭਵਿੱਖ ਪ੍ਰਾਪਤ ਕੀਤਾ ਜਾ ਸਕੇ। ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ ਵੀ ਗਲੋਬਲ ਵਾਰਮਿੰਗ ਨੂੰ ਸੀਮਤ ਕਰਨ ਲਈ ਜਲਵਾਯੂ ਕਾਰਵਾਈ ਲਈ ਸਹਿਮਤ ਹੋਏ ਹਨ।ਭਾਰਤ ਸੰਯੁਕਤ ਰਾਸ਼ਟਰ ਦੇ ਚਾਰਟਰ ਮੈਂਬਰਾਂ ਵਿੱਚੋਂ ਇੱਕ ਸੀ ਜਿਸਨੇ 1 ਜਨਵਰੀ 1942 ਨੂੰ ਵਾਸ਼ਿੰਗਟਨ ਵਿੱਚ ਸੰਯੁਕਤ ਰਾਸ਼ਟਰ ਦੁਆਰਾ ਜਾਰੀ ਘੋਸ਼ਣਾ ਪੱਤਰ ਤੇ ਹਸਤਾਖਰ ਕੀਤੇ ਅਤੇ 25 ਅਪ੍ਰੈਲ ਤੋਂ 26 ਜੂਨ 1945 ਤੱਕ ਸੈਨ ਫਰਾਂਸਿਸਕੋ ਵਿਖੇ ਸੰਯੁਕਤ ਰਾਸ਼ਟਰ ਸੰਮੇਲਨ ਵਿੱਚ ਹਿੱਸਾ ਲਿਆ। ਭਾਰਤ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਦਾ ਜ਼ੋਰਦਾਰ ਸਮਰਥਨ ਕਰਦਾ ਹੈ ਅਤੇ ਇਸਨੇ ਚਾਰਟਰ ਦੇ ਟੀਚਿਆਂ ਨੂੰ ਲਾਗੂ ਕਰਨ ਅਤੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਪ੍ਰੋਗਰਾਮਾਂ ਅਤੇ ਏਜੰਸੀਆਂ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਭਾਰਤ ਨੇ ਆਪਣੇ ਪਹਿਲੇ ਸਾਲਾਂ ਵਿੱਚ ਕੋਰੀਆ, ਮਿਸਰ ਅਤੇ ਕਾਂਗੋ ਵਿੱਚ ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਅਕ ਯਤਨਾਂ ਵਿੱਚ ਅਤੇ ਹਾਲ ਹੀ ਵਿੱਚ ਸੋਮਾਲੀਆ, ਅੰਗੋਲਾ, ਹੈਤੀ, ਲਾਇਬੇਰੀਆ, ਲੇਬਨਾਨ, ਰਵਾਂਡਾ ਅਤੇ ਦੱਖਣੀ ਸੂਡਾਨ ਸੰਘਰਸ਼ ਵਿੱਚ ਸੈਨਿਕਾਂ ਦਾ ਯੋਗਦਾਨ ਦਿੱਤਾ ਹੈ। ਭਾਰਤ ਲੀਗ ਆਫ਼ ਨੇਸ਼ਨਜ਼ ਦੇ ਮੂਲ ਮੈਂਬਰਾਂ ਵਿੱਚੋਂ ਇੱਕ ਸੀ। ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਆਪਣੀ ਮੈਂਬਰਸ਼ਿਪ ਨੂੰ ਅੰਤਰ-ਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਬਣਾਈ ਰੱਖਣ ਲਈ ਇੱਕ ਮਹੱਤਵਪੂਰਨ ਗਰੰਟੀ ਵਜੋਂ ਦੇਖਿਆ। ਬਸਤੀਵਾਦ ਅਤੇ ਰੰਗਭੇਦ ਵਿਰੁੱਧ ਸੰਯੁਕਤ ਰਾਸ਼ਟਰ ਦੇ ਪਰੇਸ਼ਾਨੀ ਭਰੇ ਸਾਲਾਂ ਦੇ ਸੰਘਰਸ਼ ਦੌਰਾਨ ਭਾਰਤ ਸਭ ਤੋਂ ਅੱਗੇ ਸੀ। ਭਾਰਤ ਦੱਖਣੀ-ਅਫਰੀਕਾ ਵਿੱਚ ਨਸਲੀ ਵਿਤਕਰੇ ਦੇ ਸਭ ਤੋਂ ਵੱਧ ਬੋਲਣ ਵਾਲੇਆਲੋਚਕਾਂ ਵਿੱਚੋਂ ਇੱਕ ਸੀ ਅਤੇ ਸੰਯੁਕਤ ਰਾਸ਼ਟਰ ਵਿੱਚ ਇਹ ਮੁੱਦਾ ਉਠਾਉਣ ਵਾਲਾ ਪਹਿਲਾ ਦੇਸ਼ ਸੀ। ਭਾਰਤ ਨੇ 1956 ਵਿੱਚ ਸੁਏਜ਼ ਸੰਕਟ ਵਿੱਚ ਵੀ ਇੱਕ ਸਰਗਰਮ ਭੂਮਿਕਾ ਨਿਭਾਈ ਸੀ, ਜਿਸ ਵਿੱਚ ਜਵਾਹਰ ਲਾਲ ਨਹਿਰੂ ਦੀ ਭੂਮਿਕਾ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਗੁੱਟ ਨਿਰਲੇਪ ਅੰਦੋਲਨ ਦੇ ਇੱਕ ਨੇਤਾ ਵਜੋਂ ਮਹੱਤਵਪੂਰਨ ਸੀ। ਭਾਰਤ ਨੇ ਜਨਰਲ ਅਸੈਂਬਲੀ ਦੁਆਰਾ ਬਣਾਈ ਗਈ ਰੰਗਭੇਦ ਵਿਰੁੱਧ ਇੱਕ ਸਬ-ਕਮੇਟੀ ਦੇ ਗਠਨ ਵਿੱਚ ਮੋਹਰੀ ਭੂਮਿਕਾ ਨਿਭਾਈ। ਭਾਰਤ ਨੇ ਸੰਯੁਕਤ ਰਾਸ਼ਟਰ ਦੁਆਰਾ ਸਪਾਂਸਰ ਕੀਤੀਆਂ ਅਜਿਹੀਆਂ ਕਾਨਫਰੰਸਾਂ ਵਿੱਚ ਵਿਕਾਸਸ਼ੀਲ ਦੇਸ਼ਾਂ ਦੀਆਂ ਆਰਥਿਕ ਚਿੰਤਾਵਾਂ ਨੂੰ ਦਰਸਾਉਣ ਵਿੱਚ ਵੀ ਪ੍ਰਮੁੱਖ ਭੂਮਿਕਾ ਨਿਭਾਈ ਹੈ ਜਿਵੇਂ ਕਿ ਵਪਾਰ ਅਤੇ ਵਿਕਾਸ ਬਾਰੇ ਤਿਕੋਣੀ ਸੰਯੁਕਤ ਰਾਸ਼ਟਰ ਕਾਨਫਰੰਸ ਅਤੇ ਰੀਓ ਡੀ ਜਨੇਰੀਓ ਵਿੱਚ ਵਾਤਾਵਰਣ ਅਤੇ ਵਿਕਾਸ ਬਾਰੇ 1992 ਦੀ ਕਾਨਫਰੰਸ। ਭਾਰਤ ਜੀ-4 ਰਾਸ਼ਟਰਾਂ ਦੇ ਸਮੂਹ ਦਾ ਇੱਕ ਮੈਂਬਰ ਹੈ ਜੋ ਸੁਰੱਖਿਆ ਪ੍ਰੀਸ਼ਦ ਵਿੱਚ ਸਥਾਈ ਸੀਟ ਦੀ ਮੰਗ ਕਰਨ ਵਿੱਚ ਇੱਕ ਦੂਜੇ ਦਾ ਸਮਰਥਨ ਕਰਦੇ ਹਨ ਅਤੇ ਸੁਧਾਰ ਦੇ ਪੱਖ ਵਿੱਚ ਵਕਾਲਤ ਕਰਦੇ ਹਨ। ਭਾਰਤ ਦਾ ਉਦੇਸ਼ ਸਮੁੰਦਰੀ ਸੁਰੱਖਿਆ, ਸ਼ਾਂਤੀ ਰੱਖਿਅਕ, ਜਵਾਬੀ ਸੁਰੱਖਿਆ ਵਰਗੇ ਮੁੱਦਿਆਂ ਤੇ ਧਿਆਨ ਕੇਂਦਰਿਤ ਕਰਨਾ ਹੈ। ਭਾਰਤ ਆਪਣੀ ਮੰਗ ਨੂੰ ਜਾਇਜ਼ ਠਹਿਰਾਉਣ ਲਈ ਕਈ ਦਾਅਵੇ ਕਰਦਾ ਹੈ। ਭਾਰਤ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ ਅਤੇ ਦੁਨੀਆ ਦਾ ਸਭ ਤੋਂ ਵੱਡਾ ਉਦਾਰਵਾਦੀ ਲੋਕਤੰਤਰ ਹੈ। ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਬਾਅਦ 2014 ਤੱਕ ਸੰਯੁਕਤ ਰਾਸ਼ਟਰ ਦੇ ਸ਼ਾਂਤੀ ਰੱਖਿਅਕ ਮਿਸ਼ਨਾਂ ਵਿੱਚ 7860 ਕਰਮਚਾਰੀਆਂ ਦੀ ਤਾਇਨਾਤੀ ਦੇ ਨਾਲ ਭਾਰਤ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨਾਂ ਵਿੱਚ ਸੈਨਿਕਾਂ ਦਾ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲਾ ਦੇਸ਼ ਹੈ। ਭਾਰਤ ਨੇ 43 ਤੋਂ ਵੱਧ ਮਿਸ਼ਨਾਂ ਵਿੱਚ ਹਿੱਸਾ ਲਿਆ ਹੈ ਅਤੇ 156 ਭਾਰਤੀ ਸ਼ਾਂਤੀ ਰੱਖਿਅਕਾਂ ਨੇ ਸੰਯੁਕਤ ਰਾਸ਼ਟਰ ਮਿਸ਼ਨ ਵਿੱਚ ਸੇਵਾ ਕਰਦੇ ਹੋਏ ਬਲੀਦਾਨ ਦਿੱਤਾ ਹੈ। ਸਾਲ 1945 ਤੋਂ ਹੁਣ ਤੱਕ ਭਾਰਤ ਤੋਂ ਕੁੱਲ 4 ਮੈਂਬਰਾਂ ਨੂੰ ਸੰਯੁਕਤ ਰਾਸ਼ਟਰ ਦੀ ਮੁੱਢਲੀ ਨਿਆਂਇਕ ਸ਼ਾਖਾ ਅੰਤਰਰਾਸ਼ਟਰੀ ਅਦਾਲਤ ਦੇ ਜੱਜ ਵਜੋਂ ਨਿਯੁਕਤ ਕੀਤਾ ਗਿਆ ਹੈ। ਵਿਦੇਸ਼ ਨੀਤੀ ਦੇ ਮਾਹਿਰ ਰੇਜਾਉਲ ਕਰੀਮ ਲਸਕਰ ਅਨੁਸਾਰ ਭਾਰਤ ਨੇ ਅੰਤਰਰਾਸ਼ਟਰੀ ਸੁਰੱਖਿਆ ਅਤੇ ਸ਼ਾਂਤੀ ਵਧਾਉਣ ਦੇ ਨਾਲ-ਨਾਲ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਸ਼ਾਂਤੀ ਲਈ ਵੀ ਕੰਮ ਕੀਤਾ ਹੈ। ਜਨਵਰੀ 2021 ਤੋਂ ਭਾਰਤ 8ਵੀਂ ਵਾਰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਅਸਥਾਈ ਮੈਂਬਰ ਬਣ ਗਿਆ ਹੈ। ਭਾਰਤ ਅਗੱਸਤ 2021 ਵਿੱਚ ਸੁਰੱਖਿਆ ਪ੍ਰੀਸ਼ਦ ਦਾ ਪ੍ਰਧਾਨ ਬਣਿਆ ਹੈ ਅਤੇ ਦਸੰਬਰ 2022 ਵਿੱਚ ਫਿਰ ਸੁਰੱਖਿਆ ਪ੍ਰੀਸ਼ਦ ਦਾ ਪ੍ਰਧਾਨ ਬਣਿਆ ਹੈ। ਇਸਦੀ ਕਾਰਗੁਜ਼ਾਰੀ ਬਾਰੇ ਕਈ ਵਾਰ ਵਿਤਕਰੇ ਦੀ ਭਾਵਨਾ ਦੇ ਇਲਜਾਮ ਲੱਗਦੇ ਹਨ ਜੋਕਿ ਇਸਦੇ ਭਵਿੱਖ ਲਈ ਉਚਿੱਤ ਨਹੀਂ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਕਈ ਵਾਰ ਸੰਯੁਕਤ ਰਾਸ਼ਟਰ ਵਿੱਚ ਕੁੱਝ ਪ੍ਰਭਾਵਸਾਲੀ ਦੇਸ਼ਾਂ ਨੇ ਮਨਮਾਨੀ ਕੀਤੀ ਹੈ ਅਤੇ ਸੰਯੁਕਤ ਰਾਸਟਰ ਨੂੰ ਪ੍ਰਭਾਵਸ਼ਾਲੀ ਬਣਾਉਣ ਅਤੇ ਨਿਰਪੱਖ ਤੋਰ ਤੇ ਕੰਮ ਕਰਨ ਲਈ ਕਈ ਦੇਸ਼ ਸਮੇਂ ਸਮੇਂ ਤੇ ਮੰਗ ਕਰਦੇ ਹਨ। ਭਾਰਤ ਵਿੱਚ ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ ਕੰਮ ਕਰ ਰਹੀਆਂ ਹਨ। ਵਿਸ਼ਵ ਪੱਧਰ ਤੇ ਸੰਯੁਕਤ ਰਾਸ਼ਟਰ ਦਿਵਸ ਮਨਾਇਆ ਜਾ ਰਿਹਾ ਹੈ ਪਰ ਜਰੂਰਤ ਹੈ ਕਿ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਦੀ ਪੂਰਤੀ ਲਈ ਸਮੂਹ ਮੈਂਬਰ ਦੇਸ਼ ਪੂਰਾ ਸਹਿਯੋਗ ਕਰਨ ਅਤੇ ਸੰਯੁਕਤ ਰਾਸ਼ਟਰ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਹਾਸ਼ੀਆਗਤ ਐਨ.ਆਰ.ਆਈ. ਸਭਾ ਮੁੜ ਸੁਰਜੀਤ ਹੋਵੇ



ਗੁਰਮੀਤ ਪਲਾਹੀ
91-98158-02070

ਕਿਸੇ ਵੇਲੇ ਅਤਿ ਚਰਚਾ ਵਿੱਚ ਰਹੀ ਪ੍ਰਵਾਸੀ ਪੰਜਾਬੀਆਂ ਦੇ ਭਲੇ ਹਿੱਤ ਬਣਾਈ ਐਨ.ਆਰ.ਆਈ. ਸਭਾ (ਰਜਿ:) ਜਲੰਧਰ ਦੇ ਪ੍ਰਧਾਨ ਦੀ ਚੋਣ 5 ਜਨਵਰੀ 2024 ਨੂੰ ਹੋਵੇਗੀ। ਪ੍ਰਧਾਨਗੀ ਚੋਣ ਦਾ ਅਮਲ 11 ਦਸੰਬਰ 2023 ਤੋਂ ਸ਼ੁਰੂ ਹੋਵੇਗਾ। ਐਨ.ਆਰ.ਆਈ. 27 ਅਕਤੂਬਰ 2023 ਤੱਕ 10,000 ਰੁਪਏ ਦੇ ਕੇ ਲਾਈਫ ਮੈਂਬਰਸ਼ਿਪ ਲੈ ਸਕਦੇ ਹਨ। ਇਹ ਸਭਾ 1998 ਵਿੱਚ, ਸੁਸਾਇਟੀ ਰਜਿਸਟ੍ਰੇਸ਼ਨ ਐਕਟ 1860 ਦੇ ਅਧੀਨ ਰਜਿਸਟਰਡ ਕਰਵਾਈ ਗਈ।

ਇਸ ਸਭਾ ਦੇ ਦੁਨੀਆ ਭਰ ਵਿੱਚ 25,000 ਹਜ਼ਾਰ ਤੋਂ ਵੱਧ ਐਨ.ਆਰ.ਆਈ. ਮੈਂਬਰ ਹਨ। ਇਸ ਸਭਾ ਦੇ ਮੁੱਖ ਮੰਤਰੀ ਪੰਜਾਬ ਚੀਫ ਪੈਟਰਨ, ਜਲੰਧਰ ਡਿਵੀਜਨ ਦੇ ਕਮਿਸ਼ਨਰ ਚੇਅਰਮੈਨ ਅਤੇ ਪੰਜਾਬ ਦੇ 12 ਜਿਲਿਆਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂ ਸ਼ਹਿਰ, ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਲੁਧਿਆਣਾ, ਮੋਗਾ, ਮੁਹਾਲੀ, ਪਟਿਆਲਾ ਅਤੇ ਰੋਪੜ ਦੇ ਡਿਪਟੀ ਕਮਿਸ਼ਨਰ ਆਪੋ-ਆਪਣੇ ਜਿਲਿਆਂ ਵਿੱਚ ਬਣਾਏ ਸਭਾ ਦੇ ਯੂਨਿਟਾਂ ਦੇ ਚੇਅਰਮੈਨ ਹਨ। ਇਹਨਾ ਜਿਲਿਆਂ ਵਿੱਚ ਹੀ ਐਨ.ਆਰ.ਆਈ. ਪੁਲਿਸ ਸਟੇਸ਼ਨ ਅਤੇ ਐਨ.ਆਰ.ਆਈ. ਅਦਾਲਤਾਂ ਸਰਕਾਰ ਵਲੋਂ ਸਥਾਪਿਤ ਹਨ।

ਕਈ ਦਹਾਕੇ ਪਹਿਲਾਂ ਪੰਜਾਬ ਸਰਕਾਰ ਵਲੋਂ ਐਨ.ਆਰ.ਆਈ. ਸਭਾ ਜਲੰਧਰ ਦਾ ਗਠਨ ਕੀਤਾ ਗਿਆ ਸੀ। ਜਿਸ ਕੋਲ ਕੋਈ ਵੀ ਕਨੂੰਨੀ ਅਧਿਕਾਰ ਨਹੀਂ ਹੈ ਪਰ ਇਹ ਸਭਾ ਸਰਕਾਰ ਦੇ ਵੱਖੋ-ਵੱਖਰੇ ਮਹਿਕਮਿਆਂ ਨਾਲ ਸੰਪਰਕ ਕਰਕੇ ਐਨ.ਆਰ.ਆਈ. ਦੇ ਹਿੱਤਾਂ ਲਈ ਕੰਮ ਕਰਨ ਵਜੋਂ ਜਾਣੀ ਜਾਂਦੀ ਹੈ। ਪਰ ਬਹੁਤੇ ਸਰਕਾਰੀ ਦਖ਼ਲ ਕਾਰਨ ਇਹ ਸਭਾ ਸਿਆਸਤ ਦਾ ਅਖਾੜਾ ਬਣ ਗਈ। ਪਿਛਲੀ ਵੇਰ ਚੋਣ ਹੋਣ ਦੇ ਬਾਵਜੂਦ ਵੀ ਇਸਦੇ ਹੋਂਦ ਵਿਖਾਈ ਹੀ ਨਹੀਂ ਦਿੰਦੀ। ਪਿਛਲੀ ਵੇਰ ਕਿਪਾਲ ਸਿੰਘ ਸਹੋਤਾ ਅਮਰੀਕਾ ਪ੍ਰਧਾਨ ਚੁਣੇ ਗਏ, ਪਰ ਉਹਨਾ ਨੇ ਚੋਣ ਤੋਂ ਬਾਅਦ ਸਭਾ ਦੀਆਂ ਸਰਗਰਮੀਆਂ 'ਚ ਕੋਈ ਦਿਲਚਸਪੀ ਹੀ ਨਾ ਵਿਖਾਈ। ਇਹ ਚੋਣ 2020 ਵਿੱਚ ਹੋਈ ਸੀ।

ਇਸ ਸੰਸਥਾ ਨੇ ਹਜ਼ਾਰਾਂ ਪ੍ਰਵਾਸੀ ਪੰਜਾਬੀਆਂ ਤੋਂ ਮੈਂਬਰਸ਼ਿਪ ਦੇ ਨਾਮ 'ਤੇ ਚੰਦੇ ਉਗਰਾਹੇ, ਕਰੋੜਾਂ ਦੀ ਲਾਗਤ ਨਾਲ ਜਲੰਧਰ 'ਚ ਦਫ਼ਤਰ ਬਣਾਇਆ, ਪਰ ਹੁਣ ਇਸਦੀ ਹਾਲਤ ਚਾਰਾ ਖਾਣ ਵਾਲੇ ਹਾਥੀ ਦੀ ਹੈ, ਜੋ ਕਿਸੇ ਦਾ ਕੁਝ ਵੀ ਨਹੀਂ ਸੁਆਰਦਾ ਭਾਵੇਂ ਕਿ ਇਹ ਸੁਸਾਇਟੀ ਸੁਤੰਤਰ ਹੈ, ਪਰ ਹੁਣ ਸਰਕਾਰ ਦੇ ਗਲਬੇ ਹੇਠ ਹੈ, ਇਥੋਂ ਤੱਕ ਕਿ ਇਸਦਾ ਇਨਫਰਾਸਟ੍ਰਕਚਰ ਵੀ ਸੁਸਾਇਟੀ ਦੀ ਸੁਤੰਤਰ ਮਾਲਕੀ ਵਾਲਾ ਨਹੀਂ ਰਿਹਾ। ਸਟੇਟ ਐਨ.ਆਰ.ਆਈ. ਕਮਿਸ਼ਨਰ, ਜਲੰਧਰ ਡਿਵੀਜ਼ਨ ਇਸ ਸਭਾ ਦੇ ਕਮਿਸ਼ਨਰ ਹਨ।

ਅਕਾਲੀ-ਭਾਜਪਾ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਦੀਆਂ ਇਸ ਕਿਸਮ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਕਥਿਤ ਉਦੇਸ਼ ਅਧੀਨ ਹਰ ਵਰ੍ਹੇ ਪੰਜਾਬੀ ਪ੍ਰਵਾਸੀ ਕਾਨਫਰੰਸਾਂ ਲਗਭਗ ਬਾਰਾਂ ਵਰ੍ਹੇ ਕਰਵਾਈਆਂ ਜਾਂਦੀਆਂ ਰਹੀਆਂ। ਕੈਨੇਡਾ, ਅਮਰੀਕਾ, ਬਰਤਾਨੀਆਂ ਅਤੇ ਹੋਰ ਮੁਲਕਾਂ ਤੋਂ ਕੁਝ ਚੋਣਵੇਂ ਪ੍ਰਮੁੱਖ ਪੰਜਾਬੀ ਪ੍ਰਵਾਸੀ ਇਹਨਾ ਕਾਨਫਰੰਸਾਂ 'ਚ ਹਿੱਸਾ ਲੈਂਦੇ ਰਹੇ। ਹਰ ਵਰ੍ਹੇ ਲੱਖਾਂ ਰੁਪਏ ਖਰਚਣ ਤੋਂ ਬਾਅਦ ਵੀ ਪ੍ਰਵਾਸੀ ਪੰਜਾਬੀਆਂ ਦੇ ਪੱਲੇ ਇਸ ਕਰਕੇ ਇਹਨਾ ਕਾਨਫਰੰਸਾਂ ਤੋਂ ਕੁਝ ਨਾ ਪਿਆ ਕਿ ਗੱਲਾਂ-ਬਾਤਾਂ ਤੋਂ ਬਾਅਦ ਅਮਲੀ ਰੂਪ ਵਿੱਚ ਸਰਕਾਰ ਵੱਲੋਂ ਕੁਝ ਨਾ ਕੀਤਾ ਗਿਆ। ਐਨ.ਆਰ.ਆਈ. ਥਾਣਿਆਂ ਅਤੇ ਐਨ.ਆਰ.ਆਈ. ਅਦਾਲਤਾਂ ਦੀ ਕਾਰਗੁਜ਼ਾਰੀ ਕਦੇ ਵੀ ਸੰਤੋਖਜਨਕ ਨਹੀਂ ਰਹੀਂ ਕਿਉਂਕਿ ਇਸ ਸਰਕਾਰ ਦਾ ਮੰਤਵ ਤਾਂ ਅੰਦਰੋਂ ਪ੍ਰਵਾਸੀ ਪੰਜਾਬੀਆਂ ਦੇ ਉਹਨਾ ਦੇ ਪ੍ਰਭਾਵ ਵਾਲੀਆਂ ਵੋਟਾਂ ਪ੍ਰਾਪਤ ਕਰਨ ਦਾ ਪੱਤਾ ਖੇਡਣਾ ਸੀ।

ਪਰ ਜਦੋਂ ਪ੍ਰਵਾਸੀ ਪੰਜਾਬੀਆਂ ਦਾ ਵੱਡਾ ਹਿੱਸਾ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਵਲੋਂ 2012 'ਚ ਬਣਾਈ ਪੀਪਲਜ਼ ਪਾਰਟੀ ਆਫ ਪੰਜਾਬ ਦੇ ਹੱਕ ਵਿੱਚ ਨਿਤਰ ਪਿਆ ਅਤੇ ਬਾਅਦ ਵਿੱਚ ਆਮ ਆਦਮੀ ਪਾਰਟੀ ਨਾਲ ਲੋਕ ਸਭਾ ਚੋਣਾ ਵੇਲੇ ਖੜਾ ਦਿਸਿਆ ਤਾਂ ਅਕਾਲੀ-ਭਾਜਪਾ ਦੀ ਸਰਕਾਰ ਨੇ ਪੰਜਾਬੀ ਪ੍ਰਵਾਸੀਆਂ ਦਾ ਖਹਿੜਾ ਛੱਡ ਉਹਨਾ ਨੂੰ ਆਪਣੇ ਰਹਿਮੋ ਕਰਮ ਉਤੇ ਰਹਿਣ ਦੇਣ ਦਾ ਜਿਵੇਂ ਫੈਸਲਾ ਹੀ ਕਰ ਲਿਆ। ਪ੍ਰਵਾਸੀ ਪੰਜਾਬੀਆਂ ਦੀ ਡੇਢ ਦਹਾਕਾ ਪਹਿਲਾਂ ਤੋਂ ਚਲਦੀ ਸੰਸਥਾ ਐਨਆਰ ਆਈ ਸਭਾ ਦੀਆਂ ਸਰਗਰਮੀਆਂ ਠੱਪ ਕਰ ਦਿੱਤੀਆਂ, ਉਸਦੀ ਵਾਂਗ ਡੋਰ ਅਫ਼ਸਰਾਂ ਹੱਥ ਫੜਾ ਦਿੱਤੀ, ਕਿਉਂਕਿ ਉਹ ਸਿਆਸੀ ਲੋਕਾਂ ਦਾ ਅਖਾੜਾ ਬਣਦੀ ਨਜ਼ਰ ਆਉਣ ਲੱਗ ਪਈ ਸੀ।

ਉਂਜ ਸਭਾ ਦਾ ਉਦੇਸ਼ ਐਨ.ਆਰ.ਆਈ. ਵੀਰਾਂ ਦੇ ਹੱਕਾਂ ਦੀ ਰਾਖੀ ਕਰਨਾ ਸੀ। ਉਹਨਾ ਨੂੰ ਕੋਈ ਮੁਸ਼ਕਲ ਪੇਸ਼ ਨਾ ਹੋਵੇ, ਅਤੇ ਉਹਨਾ ਦੀ ਜਾਇਦਾਦ ਨੂੰ ਕੋਈ ਸੰਨ੍ਹ ਨਾ ਲਾਵੇ, ਇਹ ਵੇਖਣਾ ਵੀ ਉਹਨਾ ਦਾ ਮੰਤਵ ਨੀਅਤ ਸੀ। ਲੋੜ ਅਨੁਸਾਰ ਐਨ.ਆਰ.ਆਈਜ਼, ਦੀ ਮਦਦ ਕਰਨਾ ਵੀ ਮਿਥਿਆ ਗਿਆ ਸੀ।

ਪਿਛਲੇ ਪੰਜਾਹ ਵਰਿਆਂ ਦੌਰਾਨ ਹਜ਼ਾਰਾਂ ਪੰਜਾਬੀਆਂ ਚੰਗੇਰੇ ਭਵਿੱਖ ਲਈ ਆਪਣਾ ਘਰ-ਬਾਰ ਛੱਡਿਆ ਹੈ। ਭਾਵੇਂ ਕਿ ਪੰਜਾਬੀਆਂ ਦੇ ਪ੍ਰਵਾਸ ਦੀ ਕਹਾਣੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਸ਼ੁਰੂ ਹੁੰਦੀ ਹੈ ਪਰ ਅਸਲ ਵਿੱਚ 1960 ਤੋਂ ਬਾਅਦ ਜਿਆਦਾ ਪੰਜਾਬੀਆਂ ਨੇ ਪੰਜਾਬੋਂ ਤੋਰੇ ਪਾਏ, ਆਪਣੇ ਪਿਛੇ ਰਹੇ ਪ੍ਰੀਵਾਰਾਂ ਦੀਆਂ ਤੰਗੀਆਂ-ਤੁਰਸ਼ੀਆਂ ਦੂਰ ਕਰਨ ਲਈ ਸਿਰਤੋੜ ਯਤਨ ਕੀਤੇ। ਪੰਜਾਬ 'ਚ ਜ਼ਮੀਨਾਂ-ਜਾਇਦਾਦਾਂ ਦੀ ਸਾਂਭ-ਸੰਭਾਲ ਉਹਨਾ ਦੇ ਜੀਅ ਦਾ ਜੰਜਾਲ ਬਣ ਗਈ।

ਪਿੱਛੇ ਰਹੇ ਕੁਝ ਰਿਸ਼ਤੇਦਾਰਾਂ, ਕੁਝ ਦੋਸਤਾਂ-ਮਿੱਤਰਾਂ, ਸੰਗੀਆਂ-ਸਾਥੀਆਂ ਉਹਨਾ ਨਾਲ ਠੱਗੀਆਂ-ਠੋਰੀਆਂ ਕੀਤੀਆਂ। ਜਾਅਲੀ ਮੁਖਤਾਰਨਾਮੇ ਤਿਆਰ ਕਰਕੇ, ਜਾਅਲੀ ਬੰਦੇ ਖੜੇ ਕਰਕੇ ਉਹਨਾ ਦੀਆਂ ਜ਼ਮੀਨਾਂ-ਜਾਇਦਾਦਾਂ ਹਥਿਆ ਲਈਆਂ ਜਾਂ ਹਥਿਆਉਣ ਦਾ ਯਤਨ ਕੀਤਾ। ਇਹਨਾ ਮਸਲਿਆਂ ਸਬੰਧੀ ਸੈਂਕੜੇ ਨਹੀਂ ਹਜ਼ਾਰਾਂ ਕੇਸ ਪੁਲਿਸ, ਅਦਾਲਤਾਂ ਕੋਲ ਇਨਸਾਫ ਦੀ ਉਡੀਕ ਵਿੱਚ ਵਰ੍ਹਿਆਂ ਤੋਂ ਪਏ ਹਨ। ਕਈ ਵੇਰ ਜਦੋਂ ਪ੍ਰਵਾਸੀ ਆਪਣੀਆਂ ਜਾਇਦਾਦਾਂ ਦੀ ਦੇਖ-ਭਾਲ, ਸੰਭਾਲ ਜਾਂ ਕੇਸਾਂ ਸਬੰਧੀ ਜਾਣਕਾਰੀ ਲਈ ਦੇਸ਼ ਪਰਤਦੇ ਹਨ ਤਾਂ ਭੂ-ਮਾਫੀਏ ਨਾਲ ਜੁੜੇ ਲੋਕ ਉਹਨਾ ਨੂੰ ਡਰਾਕੇ, ਧਮਕਾਕੇ, ਉਹਨਾ ਨਾਲ ਜ਼ਮੀਨੀ ਸੌਦੇ ਕਰਦੇ ਹਨ।

ਕਾਨੂੰਨ ਤੋਂ ਉਲਟ ਜਾਕੇ, ਪ੍ਰਵਾਸੀਆਂ ਨੂੰ ਬਿਨਾਂ ਦੱਸੇ ਉਹਨਾ ਤੋਂ ਅਸ਼ਟਾਮਾਂ ਜਾਂ ਹੋਰ ਕਾਗਜ਼ਾਂ ਉਤੇ ਦਸਤਖ਼ਤ ਕਰਵਾਕੇ ਸਰਕਾਰੀ ਮਿਲੀ ਭੁਗਤ ਨਾਲ ਉਹਨਾ ਦੀ ਕਰੋੜਾਂ ਜਾਇਦਾਦ ਕੌਡੀਆਂ ਦੇ ਭਾਅ ਲੁੱਟ ਲੈਂਦੇ ਹਨ। ਅਤੇ ਵਿਰੋਧ ਕਰਨ ਤੇ ਉਹਨਾ ਖਿਲਾਫ਼ ਕਿਧਰੇ ਫੌਜਦਾਰੀ, ਕਿਧਰੇ ਅਪਰਾਧਿਕ ਮਾਮਲਿਆਂ ਦਾ ਅਤੇ ਕਿਧਰੇ ਗੈਰ-ਕਾਨੂੰਨੀ ਢੰਗ ਨਾਲ ਜਾਇਦਾਦ ਦੀ ਵੇਚ-ਵੱਟਤ ਦਾ ਕੇਸ ਦਰਜ ਕਰਵਾ ਦਿੰਦੇ ਹਨ ਤਾਂ ਕਿ ਉਹ ਪੰਜਾਬ ਪਰਤਣ ਜੋਗੇ ਹੀ ਨਾ ਰਹਿਣ। ਇੱਕ ਨਹੀਂ ਅਨੇਕਾਂ ਉਦਾਹਰਨਾਂ ਇਸ ਕਿਸਮ ਦੇ ਮਾਮਲਿਆਂ ਦੀਆਂ ਸਮੇਂ ਸਮੇਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ।

ਇਸ ਵੇਲੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਵੱਧ ਪੰਜਾਬ ਦੇ ਲੋਕ ਪ੍ਰਵਾਸ ਦੇ ਰਾਹ ਪਏ ਹੋਏ ਹਨ। ਪੰਜਾਬੀ ਵਿਦਿਆਰਥੀ ਧੜਾ ਧੜ ਪੜ੍ਹਾਈ ਕਰਨ ਅਤੇ ਉਥੇ ਪੱਕੀ ਰਿਹਾਇਸ਼ ਕਰਨ ਲਈ ਤਤਪਰ ਹਨ ਅਤੇ ਨਿੱਤ ਪੰਜਾਬ ਛੱਡ ਰਹੇ ਹਨ। ਵਿਦੇਸ਼ ਰਹਿੰਦੇ ਪੁੱਤਰ ਧੀਆਂ, ਆਪਣੇ ਮਾਪਿਆਂ, ਰਿਸ਼ਤੇਦਾਰਾਂ ਨੂੰ ਪੰਜਾਬ ਵਿਚੋਂ ਬਾਹਰ ਲੈ ਜਾਣ ਲਈ ਤਰਲੋ-ਮੱਛੀ ਹੋਏ ਪਏ ਹਨ ਕਿਉਂਕਿ ਉਹਨਾ ਨੂੰ ਪੰਜਾਬ ਆਪਣਿਆਂ ਲਈ ਸੁਰੱਖਿਅਤ ਨਹੀਂ ਦਿਸਦਾ।

ਪਰ ਇਸ ਸਭ ਕੁਝ ਦੇ ਬਾਵਜੂਦ ਉਹ ਆਪਣੀ ਜਨਮ ਭੂਮੀ, ਪੰਜਾਬ ਦੀ ਨਸ਼ਿਆਂ, ਬੇਰੁਜ਼ਗਾਰੀ, ਹਫਰਾ-ਤਫੜੀ ਨਾਲ ਮਾਰੀ, ਨਸ਼ਾ-ਭੂ ਮਾਫੀਆ, ਅਫ਼ਸਰਸ਼ਾਹੀ ਅਤੇ ਸਿਆਸੀ ਲੋਕਾਂ ਦੀ ਤਿਕੜੀ ਦੀ ਜਕੜ 'ਚ ਆਈ ਪੰਜਾਬ ਦੀ ਧਰਤੀ ਉਤੇ ਪੈਰ ਰੱਖਣੋਂ ਆਕੀ ਹਨ।

ਦੇਸ਼ ਦੀ ਕੇਂਦਰੀ ਸਰਕਾਰ ਕਹਿਣ ਨੂੰ ਤਾਂ ਉਹਨਾ ਲਈ ਅੰਮ੍ਰਿਤਸਰ, ਚੰਡੀਗੜ 'ਚ ਅੰਤਰਰਾਸ਼ਟਰੀ ਹਵਾਈ ਅੱਡੇ ਬਨਾਉਣ ਦਾ ਦਮ ਭਰਦੀ ਹੈ, ਪਰ ਇਹਨਾ ਹਵਾਈ ਅੱਡਿਆਂ ਉਤੋਂ ਅੰਤਰਰਾਸ਼ਟਰੀ ਉਡਾਣਾ ਭਰਨ ਦੀ ਆਗਿਆ ਨਹੀਂ ਦਿੰਦੀ ਅਤੇ ਉਹਨਾ ਨੂੰ ਆਪਣੇ ਪਿੰਡ, ਆਪਣੇ ਸ਼ਹਿਰ ਪੁੱਜਣ ਲਈ 24 ਘੱਟੇ ਤੋਂ 36 ਤੱਕ ਬੇ-ਘਰੇ ਹੋ ਕੇ, ਪਹਿਲਾਂ ਹਵਾ 'ਚ ਫਿਰ ਦਿੱਲੀ ਤੋਂ ਘਰ ਵਾਲੀਆਂ ਆਉਂਦੀਆਂ ਘਟੀਆ ਸੜਕਾਂ ਤੇ ਹੀ ਨਹੀਂ ਲਟਕਣਾ ਪੈਂਦਾ, ਸਗੋਂ ਦਿੱਲੀ ਹਵਾਈ ਅੱਡੇ ਉਤੇ ਕੁਰਖੱਤ ਬੋਲਾਂ, ਸ਼ੱਕੀ ਨਜ਼ਰਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਪ੍ਰਵਾਸੀ ਪੰਜਾਬੀਆਂ ਦੇ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਜਜ਼ਬਾਤੀ ਮਸਲਿਆਂ ਨੂੰ ਸਮਝਣ ਅਤੇ ਉਹਨਾ ਦੀਆਂ ਸਮੱਸਿਆਵਾਂ ਦਾ ਤੋੜ ਹਾਲੀ ਤੱਕ ਨਾ ਤਾਂ ਕਿਸੇ ਸਰਕਾਰ ਨੂੰ ਮਿਲ ਸਕਿਆ ਹੈ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਜਾਂ ਧਿਰ ਨੇ ਉਹਨਾ ਦੇ ਅੰਦਰੂਨੀ ਭਾਵਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਬਾਹਰ ਬੈਠੇ ਪ੍ਰਵਾਸੀ ਪੰਜਾਬੀਆਂ ਦੇ ਮਨਾਂ 'ਚ ਪੰਜਾਬ ਬਾਰੇ ਨਿਰਾਸ਼ਤਾ ਹੈ। ਉਹ ਟੁੱਟ ਰਹੇ ਪੰਜਾਬ ਨੂੰ ਉਵੇਂ ਵੇਖ ਰਹੇ ਹਨ, ਜਿਵੇਂ ਉਹਨਾ ਦਾ ਆਪਣਾ ਜੱਦੀ ਘਰ ਢਹਿ ਢੇਰੀ ਹੋ ਰਿਹਾ ਹੋਵੇ। ਉਹਨਾ ਦੇ ਮਨਾਂ 'ਚ ਇਸ ਦੀ ਮੁੜ ਉਸਾਰੀ ਦੀ ਤਾਂਘ ਹੈ। ਜੇਕਰ ਮੌਜੂਦਾ ਪੰਜਾਬ ਦੀ 'ਆਪ' ਸਰਕਾਰ ਕੁਝ ਇਹੋ ਜਿਹੇ ਉਪਰਾਲੇ ਕਰੇ ਜਿਸ ਨਾਲ ਉਹਨਾ ਦੇ ਉਚੜੇ ਜਖਮਾਂ ਉਤੇ ਮਲਮ ਲੱਗ ਸਕੇ ਤਾਂ ਪ੍ਰਵਾਸੀ ਪੰਜਾਬੀ ਕੁਝ ਰਾਹਤ ਮਹਿਸੂਸ ਕਰ ਸਕਦੇ ਹਨ।

ਪ੍ਰਵਾਸੀ ਪੰਜਾਬੀਆਂ ਦੀ ਜ਼ਮੀਨ ਜਾਇਦਾਦ ਦੀ ਸੰਭਾਲ ਅਤੇ ਰਾਖੀ ਲਈ ਸਖ਼ਤ ਕਾਨੂੰਨ ਬਨਣਾ ਚਾਹੀਦਾ ਹੈ, ਜਿਸ ਬਾਰੇ ਮੌਜੂਦਾ ਸਰਕਾਰ ਨੇ ਐਲਾਨ ਵੀ ਕੀਤਾ ਹੋਇਆ ਹੈ। ਉਹਨਾ ਸਾਰੇ ਕੇਸਾਂ, ਜਿਹਨਾਂ ਵਿੱਚ ਪ੍ਰਵਾਸੀ ਪੰਜਾਬੀਆਂ ਦੀਆਂ ਜਾਅਲੀ ਵਸੀਅਤਾਂ, ਮੁਖਤਾਰਨਾਮਿਆਂ ਕਾਰਨ ਉਹਨਾ ਨਾਲ ਜਾਅਲਸਾਜੀ ਕੀਤੀ ਗਈ ਹੈ, ਸਬੰਧੀ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਵਰਗਾ ਇੱਕ ਕਮਿਸ਼ਨ ਬਨਣਾ ਚਾਹੀਦਾ ਹੈ, ਜੋ ਇਹਨਾ ਕੇਸਾਂ ਦੀ ਘੋਖ ਪੜਤਾਲ ਕਰੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਵੇ। ਇਸੇ ਤਰਾਂ ਕਮਿਸ਼ਨ ਵਲੋਂ ਉਹਨਾ ਸਾਰੇ ਆਨ.ਆਰ.ਆਈ. ਕੇਸਾਂ ਦੀ ਜਾਂਚ ਸੌਂਪੀ ਜਾਣੀ ਚਾਹੀਦੀ ਹੈ, ਜਿਹਨਾ 'ਚ ਐਨ.ਆਰ.ਆਈ. ਉਤੇ ਕਥਿਤ ਤੌਰ 'ਤੇ ਅਪਰਾਧਿਕ ਜਾਂ ਜ਼ਮੀਨਾਂ ਨਾਲ ਸਬੰਧਤ ਝੂਠੇ ਪਰਚੇ ਦਰਜ਼ ਕੀਤੇ ਗਏ ਹਨ।

ਇਸਦੇ ਨਾਲ-ਨਾਲ ਪ੍ਰਵਾਸੀ ਪੰਜਾਬੀਆਂ ਅਤੇ ਉਹਨਾ ਦੀ ਔਲਾਦ ਨੂੰ ਪੰਜਾਬ ਨਾਲ ਜੋੜੀ ਰੱਖਣਾ ਪੰਜਾਬ ਦੇ ਹਿੱਤ ਵਿੱਚ ਹੈ।

ਜਿਥੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਹੱਲ ਕਰਨਾ ਸਮੇਂ ਦੀ ਲੋੜ ਹੈ, ਉਥੇ ਸਧਾਰਨ ਪ੍ਰਵਾਸੀ ਪੰਜਾਬੀਆਂ ਅਤੇ ਉਹਨਾ ਦੇ ਬੱਚਿਆਂ ਨੂੰ ਪੰਜਾਬ ਨਾਲ ਜੋੜੀ ਰੱਖਣ ਲਈ ਵੀ ਉਪਰਾਲੇ ਜ਼ਰੂਰੀ ਹਨ।

ਚਾਹੀਦਾ ਤਾਂ ਇਹ ਹੈ ਕਿ ਪ੍ਰਵਾਸੀ ਪੰਜਾਬੀਆਂ ਦੇ ਚਿਰਾਂ ਤੋਂ ਵਿਦੇਸ਼ਾਂ 'ਚ ਰਹਿ ਰਹੇ ਬੱਚਿਆਂ ਦੇ ਪੰਜਾਬ ਆਉਣ ਜਾਣ ਦਾ ਸਰਕਾਰੀ ਤੌਰ 'ਤੇ ਪ੍ਰਬੰਧ ਹੋਵੇ। ਪੰਜਾਬ ਅਤੇ ਉਹਨਾ ਦੇਸ਼ਾਂ 'ਚ ਜਿਥੇ ਪੰਜਾਬੀਆਂ ਦੀ ਜਿਆਦਾ ਵਸੋਂ ਹੈ ਉਥੇ ਉਹਨਾ ਦੇ ਮਸਲਿਆਂ, ਮੁਸ਼ਕਲਾਂ ਨੂੰ ਸਮਝਣ ਵਾਲੇ ਸਟੱਡੀ ਸੈਂਟਰਾਂ ਦੀ ਸਥਾਪਨਾ ਹੋਵੇ ਅਤੇ ਉਹਨਾ ਵਿੱਚ ਪੰਜਾਬ ਦੇ ਇਤਹਾਸਕ ਪਿਛੋਕੜ ਅਤੇ ਪ੍ਰਾਪਤੀਆਂ ਸਬੰਧੀ ਭਰਪੂਰ ਜਾਣਕਾਰੀ ਵੀ ਉਪਲਬੱਧ ਕੀਤੀ ਜਾਵੇ।

ਕਿੰਨਾ ਚੰਗਾ ਹੋਵੇ ਜੇਕਰ ਪ੍ਰਵਾਸੀਆਂ ਲਈ ਹਵਾਈ ਅੱਡਿਆਂ ਉਤੇ ਸਰਕਾਰ ਸਵਾਗਤੀ ਕੇਂਦਰ ਸਥਾਪਤ ਕਰੇ ਤਾਂ ਕਿ ਪ੍ਰਵਾਸੀ ਘਰ ਪਰਤਣ 'ਤੇ ਅਪਣੱਤ ਅਤੇ ਮਾਣ ਮਹਿਸੂਸ ਕਰ ਸਕਣ।

ਇਹ ਕੰਮ ਐਨ.ਆਰ.ਆਈ. ਸਭਾ ਨੂੰ ਸਰਗਰਮ ਕਰਕੇ ਕੀਤਾ ਜਾ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਕੋਈ ਇਹੋ ਜਿਹਾ ਐਨ.ਆਰ.ਆਈ. ਹੀ ਐਨ.ਆਰ.ਆਈ. ਸਭਾ ਦਾ ਪ੍ਰਧਾਨ ਬਣਾਇਆ ਜਾਵੇ ਜੋ ਆਪ ਐਨ.ਆਰ.ਆਈ. ਦੀਆਂ ਸਮੱਸਿਆਵਾਂ ਪ੍ਰਤੀ ਜਾਣੂ ਹੋਵੇ। ਉਹ ਉਹਨਾ ਵਿੱਚ ਚੰਗਾ ਰਸੂਖ ਰੱਖਦਾ ਹੋਵੇ। ਸਿਆਸੀ ਤੌਰ 'ਤੇ ਇਸ ਸਭਾ ਦਾ ਕਿਸੇ ਵੱਡੇ ਨੂੰ ਪ੍ਰਧਾਨ ਥਾਪਣਾ ਗਲਤ ਹੋਵੇਗਾ।

ਸਭਾ ਦੀ ਪ੍ਰਧਾਨਗੀ ਲਈ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਨਰਪਾਲ ਸਿੰਘ ਸ਼ੇਰਗਿੱਲ, ਮੋਤਾ ਸਿੰਘ ਸਰਾਏ ਯੂ.ਕੇ., ਸੁੱਖੀ ਬਾਠ ਪੰਜਾਬ ਭਵਨ ਸਰੀ (ਕੈਨੇਡਾ) ਦੇ ਨਾਮ ਸੁਝਾਏ ਜਾ ਸਕਦੇ ਹਨ, ਜਿਹਨਾ ਨੇ ਐਨ.ਆਰ.ਆਈਜ਼. ਲਈ ਜ਼ਮੀਨੀ ਪੱਧਰ 'ਤੇ ਵੱਡਾ ਕੰਮ ਕੀਤਾ ਹੈ।

# "ਸਕੂਲ ਆਫ ਐਮੀਨੈਂਸ" 'ਚ ਬਿਨ੍ਹਾਂ ਸਹਿਮਤੀ ਤੋਂ ਜਬਰੀ ਬਦਲੀਆਂ ਕਰਨਾ ਸਰਾਸਰ ਧੱਕਾ - ਡੀ ਟੀ ਐੱਫ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਡ੍ਰੀਮ ਪ੍ਰੋਜੈਕਟ 'ਸਕੂਲ ਆਫ਼ ਐਮੀਨੈਂਸ' ਦੇ ਵਿਤਕਰੇ ਭਰਪੂਰ ਸਿੱਖਿਆ ਮਾਡਲ ਹੋਣ ਸੰਬੰਧੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਉਠਾਏ ਸਵਾਲ ਕਦਮ ਦਰ ਕਦਮ ਇੱਕ ਕੌੜੇ ਸੱਚ ਵਜੋਂ ਸਾਹਮਣੇ ਆਉਣੇ ਸ਼ੁਰੂ ਹੋ ਰਹੇ ਹਨ। ਜਿਸ ਤਹਿਤ ਪੰਜਾਬ ਸਰਕਾਰ ਇੰਨ੍ਹਾਂ 117 ਸਕੂਲਾਂ ਨੂੰ ਕਾਮਯਾਬ ਕਰਨ ਲਈ ਨਵੀਆਂ ਭਾਰਤੀਆਂ ਦੀ ਥਾਂ 19000 ਦੇ ਕਰੀਬ ਬਾਕੀ ਸਰਕਾਰੀ ਸਕੂਲਾਂ ਨੂੰ ਉਜਾੜਨ ਦੇ ਰਾਹ ਪਈ ਹੋਈ ਹੈ। ਸਕੂਲ ਆਫ ਐਮੀਨੈਂਸ ਵਿੱਚ ਅਧਿਆਪਕਾਂ ਦੀਆਂ ਜ਼ਬਰੀ ਕੀਤੀਆਂ ਬਦਲੀਆਂ ਬਾਰੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਸੂਬਾ ਜਨਰਲ ਸਕੱਤਰ ਮੁਕੇਸ਼ ਕੁਮਾਰ, ਸੂਬਾ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਪਹਿਲਾਂ ਇੱਕੋ ਸਕੂਲ ਵਿੱਚ ਦੋ ਕਿਸਮ ਦੀਆਂ ਵਰਦੀਆਂ ਦੇਣ ਅਤੇ ਬਾਕੀ ਸਕੂਲਾਂ ਨੂੰ ਗਰਾਂਟ ਜਾਰੀ ਕਰਨ ਵਿੱਚ ਵਿਤਕਰੇਬਾਜ਼ੀ ਕਰਨ ਤੋਂ ਬਾਅਦ ਹੁਣ ਦੂਜੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਅੱਖੋਂ ਪਰੋਖੇ ਕਰਦਿਆਂ ਸੂਬੇ ਵਿਚੋਂ 162 ਅਧਿਆਪਕਾਂ ਨੂੰ "ਸਕੂਲ ਆਫ ਐਮੀਨੈਂਸ" ਵਿੱਚ ਦੂਰ-ਦੁਰਾਡੇ ਜ਼ਬਰੀ ਬਦਲਣ ਦਾ ਫ਼ਰਮਾਨ ਜ਼ਾਰੀ ਕਰ ਦਿੱਤਾ ਹੈ। ਡੀ.ਟੀ.ਐੱਫ ਦੇ ਜਿਲ੍ਹਾਂ ਪ੍ਰਧਾਨ ਸੁਖਦੇਵ ਡਾਨਸੀਵਾਲ ਜਿਲ੍ਹਾਂ ਸਕੱਤਰ ਇੰਦਰਸੁਖਦੀਪ ਓਡਰਾ ਮਨਜੀਤ ਸਿੰਘ ਦਸੂਹਾ, ਅਸ਼ਨੀ ਕੁਮਾਰ,ਬਲਜੀਤ ਸਿੰਘ,ਮਨਜੀਤ ਸਿੰਘ ਬਾਬਾ, ਹਰਿੰਦਰ ਸਿੰਘ, ਅਜੇ ਕੁਮਾਰ, ਕਰਨੈਲ ਸਿੰਘ, ਮਨਜੀਤ ਸਿੰਘ ਬੰਗਾ ਨੇ ਕਿਹਾ ਕਿ ਅਧਿਆਪਕਾਂ ਦੀ ਕਮੀ ਨਾਲ ਜੂਝ ਰਹੇ ਸਰਕਾਰੀ ਸਕੂਲਾਂ ਵਿੱਚ ਨਵੀਂ ਭਰਤੀ ਕਰਨ ਦੀ ਥਾਂ ਸਕੂਲ ਆਫ ਐਮੀਨੈਂਸ ਵਿੱਚ ਅਧਿਆਪਕਾਂ ਨੂੰ ਇੱਧਰੋਂ ਉੱਧਰੋਂ ਸ਼ਿਫਟ ਕਰਕੇ ਸਿੱਖਿਆ ਦਾ ਮਿਆਰ ਚੁੱਕਣ ਦੇ ਦਮਗਜ਼ੇ ਮਾਰੇ ਜਾ ਰਹੇ ਹਨ। ਇਸ ਲੜੀ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ 'ਚ ਰਮਿੰਦਰ ਕੁਮਾਰ ਏ ਸੀ ਟੀ ਸ.ਮਿ.ਸ ਚੱਕ ਗੁਰੂ, ਤੇ ਹਿਸਾਬ ਲੈਕਚਰਾਰ ਰਾਜਵਿੰਦਰ ਕੌਰ ਨੂੰ ਸ.ਸ.ਸ.ਸ.ਮਾਹਿਲਪੁਰ ਤੋਂ ਸਕੂਲ ਆਫ ਐਮੀਨੈਂਸ ਗੜਸ਼ੰਕਰ ਵਿਖੇ, ਇੰਦਰਜੀਤ ਕੌਰ ਏ ਸੀ ਟੀ ਸ ਮਿ ਸ ਮੁਰਾਦਪੁਰ ਗੁਰੂਕਾ ਤੇ ਸ਼ੁਰੇਸ਼ ਕੁਮਾਰ ਅੰਗਰੇਜ਼ੀ ਲੈਕਚਰਾਰ ਸ ਸ ਸ ਸ ਦਾਤਾਰਪੁਰ ਨੂੰ ਸਕੂਲ ਆਫ ਐਮੀਨੈਂਸ ਬਾਗਪੁਰ, ਤੇਜਿੰਦਰ ਸਿੰਘ ਏ ਸੀ ਟੀ ਨੂੰ ਸ ਮਿ ਸ ਘੋੜੇਵਾਹਾ ਤੋ ਸਕੂਲ ਆਫ ਐਮੀਨੈਂਸ ਟਾਂਡਾ ਅਤੇ ਦੇਵਿਨਾ ਸਿੰਘ ਲੈਕਚਰਾਰ ਹਿਸਾਬ ਸ ਸ ਸ ਸ ਤਲਵਾੜਾ ਸੈਕਟਰ 3 ਨੂੰ ਸਕੂਲ ਆਫ ਐਮੀਨੈਂਸ ਪੁਰਹੀਰਾਂ ਵਿਖੇ ਜ਼ਬਰਨ ਬਦਲ ਕੇ ਭੇਜਣਾ ਅਤੇ ਪੂਰੇ ਸੂਬੇ ਵਿਚੋਂ 162 ਅਧਿਆਪਕਾਂ ਨੂੰ ਆਪਣੇ ਰਿਹਾਇਸ਼ ਤੋਂ ਮੀਲਾਂ ਦੂਰ ਜ਼ਬਰਨ ਭੇਜਣਾ ਸਰਾਸਰ ਨਾਇਨਸਾਫ਼ੀ ਹੈ। ਜਦਕਿ ਅਸਲੀਅਤ ਇਹ ਹੈ ਕਿ ਆਮ ਸਕੂਲਾਂ ਵਿੱਚ ਪਹਿਲਾਂ ਹੀ ਅਧਿਆਪਕਾਂ ਦੀ ਵੱਡੀ ਘਾਟ ਹੈ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਅੱਖੋਂ ਪਰੋਖੇ ਕਰਕੇ ਹੋਰ ਪਿਛਾੜਿਆ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਅਧਿਆਪਕ ਆਪਣੇ ਆਪ ਨੂੰ ਮਾਨਸਿਕ ਸ਼ੋਸ਼ਿਤ ਅਤੇ ਅਰਥਿਕ ਸ਼ੋਸ਼ਿਤ ਮਹਿਸੂਸ ਕਰ ਰਹੇ ਹਨ। ਉਹਨਾਂ ਕਿਹਾ ਕਿ ਜੱਥੇਬੰਦੀ ਵੱਲੋਂ ਸਕੂਲ ਆਫ ਐਮੀਨੈਂਸ ਤੇ ਕੀਤੇ ਗਏ ਇਤਰਾਜ਼ ਹੁਣ ਅਧਿਆਪਕ ਵਰਗ ਦੇ ਸਾਹਮਣੇ ਹੂਬਹੂ ਆਉਣੇ ਸ਼ੁਰੂ ਹੋ ਗਏ ਹਨ। ਪੂਰੇ ਪੰਜਾਬ ਵਿੱਚ ਕੀਤੀਆਂ ਇਹ ਜ਼ਬਰੀ ਬਦਲੀਆਂ ਮੌਕੇ ਅਪਾਹਜ਼ ਅਧਿਆਪਕਾਂ ਦੀਆਂ ਦਿੱਕਤਾਂ ਤੱਕ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ ਅਤੇ ਨਾ ਹੀ ਇੱਕ ਸਾਲ ਦੌਰਾਨ ਸੇਵਾ ਮੁਕਤ ਅਧਿਆਪਕਾਂ ਨੂੰ ਆਪਣੇ ਸਟੇਸ਼ਨ ਤੋਂ ਬਦਲਣ ਤੋਂ ਗੁਰੇਜ਼ ਕੀਤਾ ਗਿਆ ਹੈ। ਵਰਤਮਾਨ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੀ ਮਿਡਲ ਸਕੂਲਾਂ ਨੂੰ ਤਬਾਹ ਕਰਨ ਦੀ ਨੀਤੀ ਅਗਾਂਹ ਵਧਾਉਂਦਿਆਂ ਇੰਨ੍ਹਾਂ ਸਕੂਲਾਂ ਵਿੱਚੋਂ ਆਰਟ ਐਂਡ ਕਰਾਫਟ ਟੀਚਰਾਂ ਦੀਆਂ ਬਦਲੀਆਂ ਕੀਤੇ ਜਾਣ ਨਾਲ ਮਿਡਲ ਸਕੂਲਾਂ ਵਿੱਚੋਂ ਸੀ ਐਂਡ ਵੀ ਕਾਡਰ ਦਾ ਭੋਗ ਪਾ ਦਿੱਤਾ ਗਿਆ ਹੈ।



ਆਗੂਆਂ ਨੇ ਮੰਗ ਕੀਤੀ ਕਿ ਸਾਰੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਬਰਾਬਰ ਸਿੱਖਿਆ ਦੇਣ ਲਈ ਇਹ ਬਦਲੀਆਂ ਤੁਰੰਤ ਰੱਦ ਕੀਤੀਆਂ ਜਾਣ ਅਤੇ ਪੰਜਾਬ ਭਰ ਦੇ ਸਕੂਲਾਂ ਵਿੱਚ ਵੱਡੀ ਗਿਣਤੀ ਵਿੱਚ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕ੍ਰਿਆ ਤੁਰੰਤ ਪ੍ਰਭਾਵ ਤੋਂ ਆਰੰਭੀ ਜਾਵੇ। ਜੇਕਰ ਸੂਬਾ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਇਹਨਾਂ ਮੰਗਾਂ ਦਾ ਜ਼ਲਦ ਤੋਂ ਜ਼ਲਦ ਨਿਪਟਾਰਾ ਨਾ ਕੀਤਾ ਗਿਆ ਤਾਂ ਜਥੇਬੰਦੀ ਨੂੰ ਭਵਿੱਖ ਵਿੱਚ ਤਿੱਖੇ ਸੰਘਰਸ਼ੀ ਐਲਾਨ ਕਰਨੇ ਪੈਣਗੇ, ਜਿਸ ਦੀ ਸਮੁੱਚੀ ਜਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।

# ਭਗਤ ਸਿੰਘ ਦੀ ਜ਼ਿੰਦਗੀ ਬਾਰੇ ਅਹਿਮ ਜਾਣਕਾਰੀ









ਸ. ਭਗਤ ਸਿੰਘ 29 ਮਈ 1927 ਨੂੰ ਪਹਿਲੀ ਗ੍ਰਿਫਤਾਰੀ ਸਮੇਂ ਰੇਲਵੇ ਪੁਲਿਸ ਸਟੇਸ਼ਨ ਲਾਹੌਰ ਵਿੱਚ । ਸ.ਗੋਪਾਲ ਸਿੰਘ ਪੰਨੂੰ, ਡੀ.ਐਸ.ਪੀ. (ਸੀ.ਆਈ.ਡੀ), ਕ੍ਰਾਂਤੀਕਾਰੀਆਂ ਨਾਲ ਭਗਤ ਸਿੰਘ ਦੇ ਸੰਬੰਧਾਂ ਬਾਰੇ ਪੁੱਛ-ਪੜਤਾਲ ਕਰਦੇ ਹੋਏ।




1- ਭਗਤ ਸਿੰਘ ਪੜ੍ਹਨ ਦਾ ਬਹੁਤ ਸ਼ੌਕੀਨ ਸੀ।ਹਰ ਵੇਲੇ ਕਿਤਾਬ ਉਸ ਕੋਲ ਹੁੰਦੀ ਸੀ। ਇਨ੍ਹਾਂ ਦੇ ਕ੍ਰਾਂਤੀਕ-ਾਰੀ ਦਲ ਦੇ ਹਰ ਇੱਕ ਖ਼ੁਫ਼ੀਆ ਟਿਕਾਣੇ ਵਿੱਚ ਬੰਬ, ਪਿਸਤੌਲਾਂ ਦੇ ਨਾਲ ਇੱਕ ਲਾਇਬ੍ਰੇਰੀ ਵੀ ਹੁੰਦੀ ਸੀ।

2- ਪਹਿਲਾਂ ਕ੍ਰਾਂਤੀਕਾਰੀ ਐਕਸ਼ਨ ਵਿੱਚ ਜ਼ਿਆਦਾ ਵਿਸ਼ਵਾਸ਼ ਰੱਖਦੇ ਸਨ ਪਰ ਭਗਤ ਸਿੰਘ ਨੇ ਵਿਚਾਰਧਾਰਾ ਨੂੰ ਲੋਕਾਂ ਵਿੱਚ ਲਿਜਾਣ ਤੇ ਜ਼ੋਰ ਦਿੱਤਾ।

ਨੌਜਵਾਨ ਭਾਰਤ ਸਭਾ ਬਣਾਈ, ਆਮ ਸਭਾ, ਬਿਆਨ, ਪਰਚੇ, ਮੈਜਿਕ ਲੈਂਟਰਨ ਰਾਹੀਂ ਪ੍ਰਚਾਰ, ਦੇਸ਼ ਭਗਤਾਂ ਬਾਰੇ ਪ੍ਰਦਰਸ਼ਨੀ ਤੇ ਅਖਬਾਰਾਂ ਵਿੱਚ ਲੇਖ ਆਦਿ ਯਤਨਾਂ ਨਾਲ ਲੋਕ ਮਨਾਂ ਵਿੱਚ ਥਾਂ ਬਣਾਈ। ਇਸ ਪ੍ਰਚਾਰ ਸਦਕਾ ਕਾਂਗਰਸ ਦੇ ਹਜ਼ਾਰਾਂ ਨੌਜਵਾਨ ਇਨ੍ਹਾਂ ਵੱਲ ਖਿੱਚੇ ਗਏ ਸਨ।

3- ਭਗਤ ਸਿੰਘ ਨੇ ਆਪਣੇ ਸਾਥੀਆਂ ਨੂੰ ਸਮਾਜਵਾਦ ਦਾ ਅਧਿਐਨ ਕਰਨ ਤੇ ਖੁੱਲ੍ਹ ਕੇ ਬਹਿਸ ਕਰਨ ਲਾਇਆ।

4- ਭਗਤ ਸਿੰਘ ਚੰਗਾ ਪਾਠਕ, ਸੁਹਿਰਦ ਸਾਥੀ, ਚੰਗਾ ਬੁਲਾਰਾ, ਐਕਟਰ, ਯੋਗ ਪ੍ਰਬੰਧਕ, ਮਜ਼ਾਕੀਆ ਦੋਸਤ, ਇਨਸਾਨੀ ਗੁਣਾਂ ਨਾਲ ਭਰਪੂਰ, ਵਿਚਾਰਵਾਨ ਸਮਰੱਥ ਇਨਕਲਾਬੀ, ਲੇਖ਼ਕ, ਸੰਪਾਦਕ, ਪੱਤਰਕਾਰ , ਸੱਚਾ ਦੇਸ਼ ਪ੍ਰੇਮੀ ਸੀ।

5- ਕੌਮੀ ਪੱਧਰ ਦਾ ਕ੍ਰਾਂਤੀਕਾਰੀ ਦਲ ਬਣਾਉਣ ਲਈ ਭਗਤ ਸਿੰਘ ਦੇ ਯਤਨਾਂ ਸਦਕਾ 8-9 ਸਤੰਬਰ 1928 ਨੂੰ ਦਿੱਲੀ ਫਿਰੋਜ਼ ਸ਼ਾਹ ਕੋਟਲਾ ਕਿਲੇ ਦੇ ਖੰਡਰਾਂ ਵਿੱਚ ਕ੍ਰਾਂਤੀਕਾਰੀਆਂ ਦਾ ਇਕੱਠ ਹੋਇਆ ਜਿਸ ਵਿੱਚ ਭਗਤ ਸਿੰਘ ਦੇ ਸੁਝਾਅ ਤੇ ਸਮਾਜਵਾਦੀ ਸ਼ਬਦ ਜੋੜ ਕੇ ਦਲ ਦਾ ਨਾਂ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਰੱਖਿਆ ਗਿਆ। ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਿੱਚ ਇਸਦਾ ਮਿਲਟਰੀ ਵਿੰਗ ਬਣਾਇਆ ਗਿਆ।

6- ਪਹਿਲਾਂ ਕ੍ਰਾਂਤੀਕਾਰੀ ਦਲ ਵਿੱਚ ਕਮਾਂਡ ਇੱਕ ਜਣੇ ਕੋ਼ਲ ਹੁੰਦੀ ਸੀ ਪਰ ਭਗਤ ਸਿੰਘ ਨੇ ਸਾਰੇ ਫੈਸਲੇ ਲੈਣ ਲਈ ਕੇਂਦਰੀ ਕਮੇਟੀ ਬਣਾਈ ਜੋ ਕਾਫ਼ੀ ਵਿਚਾਰ ਵਟਾਂਦਰੇ ਬਾਅਦ ਸਾਂਝੀ ਸਹਿਮਤੀ ਨਾਲ ਫੈਸਲੇ ਕਰਦੇ ਸਨ।

7- ਸਾਂਡਰਸ ਦਾ ਕਤਲ ਕਰਨ ਮਗਰੋਂ ਲਾਹੌਰ ਦੀਆਂ ਕੰਧਾਂ ਤੇ ਲਾਏ ਪਰਚਿਆਂ ਤੇ ਭਗਤ ਸਿੰਘ ਹੁਰਾਂ ਲਿਖਿਆ ਸੀ, "ਇਨਸਾਨ ਦਾ ਖ਼ੂਨ ਵਹਾਉਣ ਦਾ ਸਾਨੂੰ ਅਫਸੋਸ ਹੈ ਪਰ ਕ੍ਰਾਂਤੀ ਦੀ ਬਲੀਵੇਦੀ 'ਤੇ ਖ਼ੂਨ ਵਹਾਉਣਾ ਲਾਜ਼ਮੀ ਹੋ ਜਾਂਦਾ ਹੈ। ਸਾਡਾ ਨਿਸ਼ਾਨਾ ਐਸਾ ਇਨਕਲਾਬ ਲਿਆਉਣਾ ਹੈ ਜੋ ਮਨੁੱਖ ਵੱਲੋਂ ਮਨੁੱਖ ਦੇ ਸ਼ੋਸ਼ਣ ਦਾ ਅੰਤ ਕਰ ਦੇਵੇਗਾ।"

8- ਸਰਕਾਰ ਨੇ ਪਬਲਿਕ ਸੇਫਟੀ ਬਿੱਲ ਅਤੇ ਟਰੇਡ ਡਿਸਪਿਊਟ ਬਿੱਲ ਪਾਸ ਕੀਤੇ ਤਾਂ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਅਸੰਬਲੀ ਵਿੱਚ ਦੋ ਬੰਬ ਧਮਾਕੇ ਕਰਕੇ ਸਰਕਾਰ ਦੇ ਧੱਕੇ ਦਾ ਜਵਾਬ ਦਿੱਤਾ। ਇਹ ਇੱਕ ਅਜਿਹਾ ਐਕਸ਼ਨ ਸੀ ਜਿਸ ਨਾਲ ਕ੍ਰਾਂਤੀਕਾਰੀਆਂ ਨੇ ਮਜ਼ਦੂਰ ਕਿਸਾਨ ਅੰਦੋਲਨ ਨਾਲ ਇੱਕਜੁੱਟਤਾ ਦਿਖਾਈ। ਬੰਬ ਸੁੱਟਣ ਤੋਂ ਬਾਅਦ ਉਹ ਉੱਥੇ ਖੜ੍ਹੇ ਰਹੇ ਤੇ ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ, ਦੁਨੀਆਂ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ ਦੇ ਨਾਹਰੇ ਲਾਉਂਦੇ ਰਹੇ।

9- ਨੌਜਵਾਨ ਭਾਰਤ ਸਭਾ ਦੇ ਉਦੇਸ਼ਾਂ ਤੋਂ ਪਤਾ ਲੱਗਦਾ ਹੈ ਕਿ ਉਸਦੇ ਸੰਸਥਾਪਕਾਂ ਤੇ ਮੈਂਬਰਾਂ ਦਾ ਸਮਾਜਵਾਦੀ ਗਣਰਾਜ ਦੇ ਆਦਰਸ਼ਾਂ ਵਿੱਚ ਦ੍ਰਿੜ ਵਿਸ਼ਵਾਸ ਸੀ। ਇਸਨੇ ਦੇਸ਼ ਦੇ ਸਾਹ-ਮਣੇ ਆਜ਼ਾਦੀ, ਜਮਹੂਰੀਅਤ ਤੇ ਸਮਾਜਵਾਦ ਤਿੰਨ ਨਿਸ਼ਾਨੇ ਰੱਖੇ। ਉਨ੍ਹਾਂ ਦਾ ਮੰਨਣਾ ਸੀ ਕਿ ਲੋਕਾਂ ਨੂੰ ਆਪਸ ਵਿੱਚ ਵੰਡਣ ਵਾਲੀਆਂ ਜਾਤੀ, ਧਾਰਮਿਕ ਅਤੇ ਫ਼ਿਰਕੂ ਭਾਵਨਾਵਾਂ ਤੋਂ ਉਨ੍ਹਾਂ ਨੂੰ ਮੁਕਤ ਕਰਕੇ ਅਤੇ ਨੌਜਵਾਨਾਂ ਦੇ ਦਿਲਾਂ ਵਿੱਚ ਦੇਸ਼ ਪਿਆਰ ਦੀ ਭਾਵਨਾ ਪੈਦਾ ਕਰਕੇ ਉਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਨੌਜਵਾਨ ਹੀ ਇਨਕਲਾਬ ਦੇ ਹਰਾਵਲ ਦਸਤੇ ਦੇ ਤੌਰ 'ਤੇ ਜਨਤਾ ਨੂੰ ਉਲੀਕੇ ਨਿਸ਼ਾਨਿਆਂ ਤੱਕ ਲਿਜਾ ਸਕਦੇ ਹਨ।

ਸਭਾ ਨੇ ਕਿਰਤੀ ਪਾਰਟੀ ਨਾਲ ਮਿਲ ਕੇ ਕਿਸਾਨਾਂ ਮਜ਼ਦੂਰਾਂ ਵਿੱਚ ਵੀ ਆਪਣਾ ਅਸਰ ਫੈਲਾਉਣ ਦੀ ਕੋਸ਼ਿਸ਼ ਕੀਤੀ। ਸਭਾ ਨੇ ਅਕਤੂਬਰ 1928 ਵਿੱਚ "ਨੌਜਵਾਨ" ਨਾਮ ਦੀ ਅਖ਼ਬਾਰ ਸ਼ੁਰੂ ਕੀਤੀ ਸੀ।

ਐਚ ਐਸ ਆਰ ਏ ਨੇ ਇਨ੍ਹਾਂ ਸ਼ਬਦਾਂ ਵਿੱਚ ਦੇਸੀ ਪੂੰਜੀਪਤੀਆਂ ਨੂੰ ਚੁਣੌਤੀ ਦਿੱਤੀ ਸੀ- ਉਹ ਸਮਾਂ ਦੂਰ ਨਹੀਂ ਜਦੋਂ ਸਾਡੀ ਪਾਰਟੀ ਇਹ ਤੈਅ ਕਰੇਗੀ ਕਿ ਪਿਸਤੌਲ ਦੇ ਨਿਸ਼ਾਨੇ ਤੇ ਕੌਣ ਹੋਵੇ ਅਤੇ ਕਦੋਂ ਇਨ੍ਹਾਂ ਪੂੰਜੀਪਤੀਆਂ ਦੇ ਪੂੰਜੀਵਾਦ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਮਿੱਟੀ ਵਿੱਚ ਮਿਲਾ ਦਿੱਤਾ ਜਾਵੇਗਾ.... ਜੇਕਰ ਉਹ ਆਪਣਾ ਰਵੱਈਆ ਨਹੀਂ ਬਦਲਣਗੇ ਤਾਂ ਸਾਡੀ ਪਾਰਟੀ ਉਨ੍ਹਾਂ ਦੇ ਪੂਰੇ ਕੁਨਬੇ ਅਤੇ ਉਨ੍ਹਾਂ ਦੇ ਪੂੰਜੀਵਾਦ ਨੂੰ ਇਸ ਧਰਤੀ ਤੋਂ ਮਿਟਾ ਦੇਵੇਗੀ।

10- ਅਸੰਬਲੀ ਬੰਬ ਕੇਸ ਦੌਰਾਨ ਅਦਾਲਤ ਵਿੱਚ ਭਗਤ ਸਿੰਘ ਤੇ ਦੱਤ ਨੇ ਸਾਂਝਾ ਬਿਆਨ ਦਿੱਤਾ- ਕ੍ਰਾਂਤੀ ਦਾ ਮਤਲਬ ਲਾਜ਼ਮੀ ਤੌਰ ਤੇ ਖ਼ੂਨੀ ਸੰਘਰਸ਼ ਨਹੀਂ ਹੁੰਦਾ ਅਤੇ ਨਾ ਹੀ ਉਸ ਵਿੱਚ ਵਿਅਕਤੀਗਤ ਵੈਰ ਦੀ ਕੋਈ ਜਗ੍ਹਾ ਹੁੰਦੀ ਹੈ। ਇਹ ਬੰਬ ਅਤੇ ਪਿਸਤੌਲ ਦੀ ਸੰਸਕ੍ਰਿਤੀ ਨਹੀਂ ਹੈ.. ਦੇਸ਼ ਨੂੰ ਇੱਕ ਵੱਡੀ ਤਬਦੀਲੀ ਦੀ ਲੋੜ ਹੈ ਅਤੇ ਜਿਹੜੇ ਲੋਕ ਇਸ ਗੱਲ ਨੂੰ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਫਰਜ਼ ਹੈ ਕਿ ਸਮਾਜਵਾਦੀ ਸਿਧਾਂਤਾਂ ਉੱਤੇ ਸਮਾਜ ਦੀ ਮੁੜ ਉਸਾਰੀ ਕਰਨ।

ਉਨ੍ਹਾਂ ਲਈ ਇਨਕਲਾਬ ਦਾ ਮਤਲਬ ਸੀ ਕਿ "ਮੌ-ਜੂਦਾ ਵਿਵਸਥਾ ਬਦਲਨੀ ਚਾਹੀਦੀ ਹੈ ਸੋ ਸਾਫ਼ ਸਾਫ਼ ਬੇਇਨਸ-ਾਫ਼ੀ ਤੇ ਟਿਕੀ ਹੋਈ ਹੈ।"

3 ਮਾਰਚ 1929 ਦੇ ਆਪਣੇ ਸੰਦੇਸ਼ ਵਿੱਚ ਭਗਤ ਸਿੰਘ ਨੇ ਲਿਖਿਆ ਸੀ- ਯੁੱਧ ਛਿੜਿਆ ਹੋਇਆ ਹੈ ਅਤੇ ਇਹ ਲੜਾਈ ਉਦੋਂ ਤੱਕ ਚਲਦੀ ਰਹੇਗੀ ਜਦੋਂ ਤੱਕ ਕਿ ਤਾਕਤਵਰ ਵਿਅਕਤੀਆਂ ਨੇ ਭਾਰਤੀ ਜਨਤਾ ਅਤੇ ਕਾਮਿਆਂ ਦੀ ਆਮਦਨ ਦੇ ਸਾਧਨਾਂ ਉੱਤੇ ਆਪਣਾ ਏਕਾਧਿਕਾਰ ਜਮਾਇਆ ਹੋਇਆ ਹੈ। ਚਾਹੇ ਅਜਿਹੇ ਵਿਅਕਤੀ ਅੰਗਰੇਜ਼ ਪੂੰਜੀਵਾਦੀ ਹੋਣ ਜਾਂ ਅੰਗਰੇਜ਼ ਅਤੇ ਭਾਰਤੀ ਪੂੰਜੀਪਤੀਆਂ ਦਾ ਗੱਠਜੋੜ ਹੋਵੇ, ਉਨ੍ਹਾਂ ਨੇ ਆਪਸ ਵਿੱਚ ਮਿ਼ਲ ਕੇ ਇੱਕ ਲੁੱਟ ਮਚਾ ਰੱਖੀ ਹੈ।ਚਾਹੇ ਸ਼ੁੱਧ ਭਾਰਤੀ ਪੂੰਜੀਪਤੀਆਂ ਵੱਲੋਂ ਹੀ ਗਰੀਬਾਂ ਦਾ ਖ਼ੂਨ ਚੂਸਿਆ ਜਾ ਰਿਹਾ ਹੋਵੇ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ।

11- ਭਗਤ ਸਿੰਘ ਨੇ ਦੱਬੇ-ਕੁਚਲੇ ਲੋਕਾਂ ਬਾਰੇ ਇੱਕ ਲੇਖ ਲਿਖਿਆ "ਅਛੂਤ ਦਾ ਸਵਾਲ" ਜੋ ਕਿਰਤੀ ਅਖ਼ਬਾਰ ਵਿੱਚ ਛਪਿਆ। ਉਸਨੇ ਦਲਿਤਾਂ ਨੂੰ ਆਪਣੀ ਦੁਰਦਸ਼ਾ ਵਿਰੁੱਧ ਅਤੇ ਅਣਖ ਨਾਲ ਜੀਣ ਲਈ ਬਗ਼ਾਵਤ ਕਰਨ ਲਈ ਕਿਹਾ।

12- ਕਾਂਗਰਸੀ ਨੇਤਾ ਅਤੇ ਮਹਾਤਮਾ ਗਾਂਧੀ ਦੇ ਚੇਲੇ ਪੱਟਾਭੀ ਸੀਤਾਰਮੈਈਆ ਨੇ ਭਗਤ ਸਿੰਘ ਹੁਰਾਂ ਦੀ ਫਾਂਸੀ ਬਾਰੇ ਆਪਣੀ ਅੰਗਰੇਜ਼ੀ ਕਿਤਾਬ ' ਹਿਸਟਰੀ ਆਫ ਦਾ ਇੰਡੀਅਨ ਨੈਸ਼ਨਲ ਕਾਂਗਰਸ' ਦੇ ਭਾਗ ਪਹਿਲਾ ਦੇ 442 ਸਫ਼ੇ ਤੇ ਲਿਖਿਆ ਹੈ-ਮਹਾਤਮਾ ਗਾਂਧੀ ਨੇ ਖੁਦ ਵਾਇਸਰਾਏ ਨੂੰ ਅਪੀਲ ਕੀਤੀ ਸੀ ਕਿ ਜੇਕਰ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਦੇਣੀ ਹੀ ਹੈ ਤਾਂ ਉਨ੍ਹਾਂ ਨੂੰ ਕਰਾਚੀ ਕਾਂਗਰਸ ਸੈਸ਼ਨ ਤੋਂ ਬਾਅਦ ਨਹੀਂ ਬਲਕਿ ਪਹਿਲਾਂ ਹੀ ਫਾਂਸੀ ਦੇ ਦੇਣੀ ਚਾਹੀਦੀ ਹੈ।

*****

# ਅਛੂਤ ਦਾ ਸਵਾਲ – ਭਗਤ ਸਿੰਘ (ਜੂਨ, 1928-ਕਿਰਤੀ)

**(ਕਾਕੀਨਾੜਾ ਵਿਖੇ 1923 ਵਿਚ ਕਾਂਗਰਸ ਅਜਲਾਸ ਹੋਇਆ। ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ, ਅਨੁਸੂਚਿਤ ਜਾਤੀ ਦੇ ਮੈਂਬਰ, ਜਿਨਾਂ ਨੂੰ ਉਦੋਂ ਅਛੂਤ ਕਿਹਾ ਜਾਂਦਾ ਸੀ, ਨੂੰ ਹਿੰਦੂ ਅਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਦਿੱਤਾ। ਅਮੀਰ ਮੁਸਲਮਾਨ ਇਸ ਲਈ ਪੈਸੇ ਦੇਣ ਲਈ ਤਿਆਰ ਸਨ ਜਿਸ ਨੇ ਅਜਿਹੇ ਸੁਝਾਅ ਨੂੰ ਜਨਮ ਦਿੱਤਾ। ਏਸੇ ਤਰ੍ਹਾਂ ਮਜ਼ਬੀ ਤੌਰ 'ਤੇ ਵੰਡ ਨੂੰ ਪੱਕਿਆਂ ਕਰਨ ਲਈ ਬਿਰਲੇ ਨੇ ਵੀ ਹਿੰਦੂ ਅਛੂਤ ਉਗਾਰ ਕਮੇਟੀ ਬਣਾਉਣ ਲਈ ਪੈਸੇ ਦੇਣ ਲਈ ਹੱਥ ਅੱਗੇ ਵਧਾਇਆ।**

**ਇਸ ਤਰ੍ਹਾਂ ਅਛੂਤਾਂ ਦੇ ਦੋਸਤਾਂ ਉਹਨਾਂ ਨੂੰ ਧਰਮ ਦੇ ਨਾਂ 'ਤੇ ਨਾ ਪਾੜਨ ਦੇ ਯਤਨ ਕਰਦੇ ਸਨ। ਅਜਿਹੀ ਬਹਿਸ ਦੇ ਸਮੇਂ ਭਗਤ ਸਿੰਘ ਨੇ "ਅਛੂਤ ਦੇ ਸਵਾਲ" ਨਾਂ ਦਾ ਲੇਖ ਲਿਖਿਆ। ਜੋ ਇਸ ਕਿਰਤੀ ਵਰਗ ਦੀ ਤਾਕਤ ਅਤੇ ਕਮਜੋਰੀ ਦਾ ਜਾਇਜਾ ਲੈ ਕੇ, ਉਹਨਾਂ ਨੂੰ ਤਰੱਕੀ ਕਰਨ ਲਈ ਠੋਸ ਸੁਝਾਅਦਿੰਦਾ ਹੈ। ਇਹ ਲੇਖ ਜੂਨ, 1928 ਦੇ 'ਕਿਰਤੀ' ਵਿੱਚ 'ਵਿਦਰੋਹੀ' ਦੇ ਕਲਮੀ ਨਾਂਮ ਹੇਠ ਛਪਿਆ ਸੀ) – ਸੰਪਾਦਕ**

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਹੋਰ ਕਿਸੇ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹਨ। ਇੱਕ ਬੜਾ ਭਾਰੀ ਸਵਾਲ ਅਛੂਤ ਦਾ ਸਵਾਲ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ ਤੀਹ ਕਰੋੜ ਦੀ ਅਬਾਦੀ ਵਾਲੇ ਮੁਲਕ ਵਿਚ 6 ਕਰੋੜ ਆਦਮੀ ਜੋ ਅਛੂਤ ਕਹਾਉਂਦੇ ਹਨ, ਉਹਨਾਂ ਨੂੰ ਛੁਹ ਲੈਣ ਨਾਲ ਧਰਮ ਭ੍ਰਿਸ਼ਟ ਤਾਂ ਨਾ ਹੋਵੇਗਾ? ਕੀ ਉਹਨਾਂ ਨੂੰ ਮੰਦਰਾਂ ਵਿਚ ਜਾਣ ਦੇਣ ਨਾਲ ਦੇਵਤੇ ਨਾਰਾਜ਼ ਤੇ ਨਾ ਹੋ ਜਾਣਗੇ? ਕੀ ਉਹਨਾਂ ਵਲੋਂ ਖੂਹ ਵਿਚੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਹੀਂ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਸੁਣਦਿਆਂ ਹੀ ਸ਼ਰਮ ਆਉਂਦੀ ਹੈ।

ਸਾਡਾ ਮੁਲਕ ਬੜਾ ਹੀ ਅਧਿਆਤਮਵਾਦੀ ਹੈ ਯਾਨੀ ਰੂਹਾਨਿਯਤ ਪਸੰਦ ਹੈ। ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ, ਤੇ ਉਹ ਬਿਲਕੁੱਲ ਹੀ ਮਾਇਆਵਾਦੀ ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਇੱਕਮਈ ਦਾ ਸ਼ੋਰ ਮਚਾ ਰਿਹਾ ਹੈ। ਉਨਾਂ ਨੇ ਓਤੁਅਲਟਿ (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫ਼ਰਾਂਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖਾਤਰ ਇੱਕਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਅਸੀਂ ਸਦਾ ਹੀ ਆਤਮਾ ਪ੍ਰਮਾਤਮਾਂ ਦੇ ਹੀ ਰੋਣੇ ਰੋਣ ਵਾਲੇ ਅੱਜ ਵੀ ਇਸ ਗੱਲ 'ਤੇ ਉੱਤੇ ਜੋਰ ਨਾਲ ਬਹਿਸਾਂ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸ਼ਾਸ਼ਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ! ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਦੇਸ਼ਾਂ ਵਿਚ ਸਾਡੇ ਨਾਲ ਚੰਗਾ ਸਲੂਕ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਬਰਾਬਰ ਨਹੀਂ ਸਮਝਿਆ ਜਾਂਦਾ ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?

ਸਿੰਧ ਦੇ ਇੱਕ ਮੁਸਲਮਾਨ ਸੱਜਣ, ਮਿ. ਨੂਰ ਮੁਹੰਮਦ, ਮੈਂਬਰ ਬੰਬਈ ਕੌਂਸਲ ਨੇ ਇਸ ਮਸਲੇ ਬਾਰੇ 1926 ਵਿਚ ਖੂਬ ਕਿਹਾ ਸੀ :-

"if the Hindu Society refuses to allow other human beings, fellow creatures so that to attend public schools, and if...[the president of local board representing so many lakhs of people in this house refuses to `allow his fellows and brothers the elementary human right of having water to drink, what right have they to ask for more rights from the bureaucracy?Before we accuse people coming from other lands, we should see how we ourselves behave toward our own people... [How can we ask for greater political rights when we ourselves deny elementary rights of human beings."

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇੱਕ ਇਨਸਾਨ ਨੂੰ ਪੀਣ ਵਾਲਾ ਪਾਣੀ ਦੇਣ ਤੋਂ ਵੀ ਇਨਕਾਰੀ ਹੋ ਜਾਂ, ਜਦੋਂ ਤੁਸੀਂ ਉਨਾਂ ਨੂੰ ਮਦਰਸੇ ਵਿਚ ਪੜ੍ਹਨ ਵੀ ਨਹੀਂ ਦੇਂਦੇ, ਤਾਂ ਤੁਹਾਡਾ ਕੀ ਹੱਕ ਬਣਦਾ ਹੈ ਕਿ ਆਪਣੇ ਵਾਸਤੇ ਹੋਰ ਹੱਕੂਕ (ਹੱਕ) ਮੰਗੋ? ਜਦੋਂ ਤੁਸੀਂ ਇੱਕ ਇਨਸਾਨ ਦੇ ਸਾਧਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ, ਤਾਂ ਤੁਸੀਂ ਹੋਰ ਪੁਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿਵੇਂ ਬਣ ਗਏ?ਗੱਲ ਬੜੀ ਸੱਚੀ ਹੈ, ਪਰ ਚੂੰਕਿ ਇੱਕ ਮੁਸਲਮਾਨ ਨੇ ਇਹ ਗੱਲ ਕਹੀ ਹੈ,ਇਸ ਵਾਸਤੇ ਹਿੰਦੂ ਇਹ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿੱਚ ਰਲਾਉਣਾ ਚਾਹੁੰਦੇ ਹਨ। ਉਹਨਾਂ ਤੇ ਸਾਫ ਮੰਨ ਲਿਆ ਹੈ ਕਿ ਜਦੋਂ ਤੁਸੀ ਉਹਨਾਂ ਨੂੰ ਇਸ ਤਰਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਾਰਿਆ ਸਮਝੋਗੇ ਤੇ ਉਹ ਜਰੂਰ ਹੀ ਦੂਜੇ ਮਜ੍ਹਬਾਂ ਵਿੱਚ ਸ਼ਾਮਲ ਹੋਣਗੇ। ਜਿਨ੍ਹਾਂ ਵਿੱਚ ਉਨਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿੱਥੇ ਕਿ ਉਹਨਾਂ ਨਾਲ ਆਦਮੀਆਂ ਵਰਗਾ ਸਲੂਕ ਕੀਤਾ ਜਾਵੇਗਾ। ਫਿਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਅਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।

ਕਿੰਨੀ ਸੱਚੀ ਗੱਲ ਹੈ, ਪਰ ਇਹ ਸੁਣ ਕੇ ਸਾਰੇ ਤੜਪ ਉਠੱਦੇ ਹਨ। ਖੈਰ ! ਠੀਕ ਏਸੇ ਗੱਲ ਦਾ ਫਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਤ ਵੀ ਇਸ ਮਸਲੇ 'ਤੇ ਸੋਚਾਣ ਲੱਗੇ। ਵਿਚ-ਵਿਚ ਵੱਡੇ "ਯੁੱਗ ਪਲਟਾਊ" ਕਹਾਉਣ ਵਾਲੇ ਵੀ ਸ਼ਾਮਿਲ ਹੋਏ। ਪਟਨਾ ਵਿਚ ਹਿੰਦੂ ਮਹਾਂਸਭਾ ਹੋਈ। ਲਾਲਾ ਲਾਜਪਾਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਮਾਇਤੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ? ਬੜੇ-ਬੜੇ Reformer (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਾਰਿਆਂ ਨੂੰ ਸਮਝਾ ਲਿਆ ਅਤੇ ਇਹ ਦੋਵੇਂ ਗੱਲਾਂ ਮਨਜੂਰ ਕਰ ਕੇ ਹਿੰਦੂ ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਕਿੱਥੇ ਠਿਕਾਣਾ ਸੀ, ਜਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਕੇ ਵਿੱਚ ਨਿਸ਼ੰਗ ਫਿਰ ਸਕਦਾ ਹੈ, ਪਰ ਇੱਕ ਪਰ ਇੱਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਤ ਮਾਲਵੀਆ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬਹੁਤ ਬੜੇ ਪ੍ਰੇਮੀ ਤੇ ਹੋਰ ਵੀ ਨਾ ਜਾਣੇ ਕੀ- ਪਹਿਲੋਂ ਇੱਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆ ਬਿਨ੍ਹਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖੂਬ ਇਹ ਚਾਲ ਹੈ ਸਭ ਨੂੰ ਪਿਆਰ ਕਰਨ ਵਾਲਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉੱਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ ਓਤੁਅਲਟਿ ਜਾਂ ਬਰਾਬਰੀ ਦੇ ਨਾਮ 'ਤੇ ਝਗੜਦੇ ਚੰਗੇ ਲੱਗਦੇ ਹਾਂ? ਫਿਰ ਸਾਡੇ ਰਵੱਈਏ ਵਿਚ ਕ੍ਰਿਤਘਣਤਾ ਦੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਨਾਂ ਨੂੰ ਹੀ ਅਸੀਂ ਪਰੇ-ਪਰੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਅੱਜ ਇਸ ਸਵਾਲ 'ਤੇ ਬਹੁਤ ਸ਼ੋਰ ਹੋ ਰਿਹਾ ਹੈ: ਉਨਾਂ ਵਿਚਾਰਿਆਂ ਵੱਲ ਅੱਜ-ਕੱਲ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫਿਰਕਾਵਾਰਾਨਾ ਨਿਆਬੁਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ-ਬਣਾ ਕੇ ਆਪਣੇ ਬਰਾਬਰ ਦੇ ਇਨਸਾਨ ਬਣਾ ਕੇ ਉਨਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿਦ ਵਧੀ। ਫ਼ਸਾਦ ਵੀ ਹੋਏ। ਖ਼ੈਰ! ਹੌਲੀ-ਹੌਲੀ ਸਿੱਖਾਂ ਵਿੱਚ ਵੀ ਖਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਨਾਂ ਵੀ ਅੰਮ੍ਰਿਤ 'ਛਕਾਉਣਾ' ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਵਾਉਣ ਦੇ ਸਵਾਲਾਂ 'ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਹਨਾਂ ਨੂੰ ਆਪਣੇ ਆਪਣੇ ਵੱਲ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਓਧਰ ਈਸਾਈ ਚੁੱਪ-ਚਾਪ ਉਨਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲ ਚਲ ਨਾਲ ਹਿੰਦੋਸਤਾਨ ਦੀ ਲਾਹਨਤ ਦੂਰ ਹੋ ਰਹੀ ਹੈ।

ਇਧਰ ਜਦ ਅਛੂਤਾਂ ਨੇ ਦੇਖਿਆ ਕੀ ਸਾਡੀ ਖਾਤਰ ਇਨਾਂ ਵਿੱਚ ਫ਼ਸਾਦ ਹੋ ਰਿਹਾ ਹੈ ਅਤੇ ਹਰ ਕੋਈ ਸਾਨੂੰ ਹਰ ਕੋਈ ਆਪਣੀ ਆਪਣੀ ਖ਼ੁਰਾਕ ਸਮਝ ਰਿਹਾ ਹੈ, ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਇਸੇ ਖਿਆਲ ਨੂੰ ਸ਼ੁਰੂ ਕਰਨ ਵਿੱਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ,

**(ਬਾਕੀ ਸਫਾ 24 'ਤੇ)**

# ਸਮਾਜਿਕ-ਆਰਥਿਕ ਬਰਾਬਰੀ ਦਾ ਅਲੰਬਰਦਾਰ

ਇਕਬਾਲ ਸਿੰਘ ਲਾਲਪੁਰਾ

ਸ਼ਹੀਦ-ਏ- ਆਜ਼ਮ ਭਗਤ ਸਿੰਘ ਦਾ 114 ਵਾਂ ਜਨਮ ਦਿਹਾੜਾ ਮਨਾਉਂਦਿਆਂ ਉਸ ਮਹਾਨ ਹੀਰੋ ਦੇ ਪਦ ਚਿੰਨ੍ਹਾਂ 'ਤੇ ਚੱਲਣ ਦੀ ਗੱਲ ਹਰ ਕੋਈ ਕਰਦਾ ਹੈ ਪਰ ਕੀ ਕੋਈ ਭਗਤ ਸਿੰਘ ਬਣ ਸਕਦਾ ਹੈ? ਕੀ ਕਿਸੇ ਨੇ ਉਸ ਦੇ ਜੀਵਨ 'ਤੇ ਝਾਤੀ ਮਾਰੀ ਹੈ? ਕੌਣ ਬਣ ਸਕਦਾ ਹੈ ਸ਼ਹੀਦ-ਏ-ਆਜ਼ਮ? 'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਖ਼ੁਦਾ ਦੀ ਰਾਹ, ਦੇਸ਼ ਕੌਮ ਲਈ ਕੁਰਬਾਨ ਹੋਣ ਜਾਂ ਆਪਾ ਵਾਰਨ ਵਾਲਾ। ਭਾਰਤ ਨੂੰ ਗ਼ੁਲਾਮੀ ਤੋਂ ਮੁਕਤ ਕਰਾਉਣ ਲਈ ਅਨੇਕਾਂ ਸ਼ਹਾਦਤਾਂ ਹੋਈਆਂ ਪਰ ਭਗਤ ਸਿੰਘ ਨੂੰ 23 ਸਾਲ 6 ਮਹੀਨੇ 16 ਦਿਨ ਦੀ ਉਮਰ ਵਿਚ ਅੰਗਰੇਜ਼ਾਂ ਵੱਲੋਂ ਸ਼ਹੀਦ ਕਰ ਦਿੱਤਾ ਗਿਆ। ਉਸ ਨੂੰ ਸ਼ਹੀਦ-ਏ-ਆਜ਼ਮ ਦਾ ਖਿਤਾਬ ਇਸ ਲਈ ਪ੍ਰਾਪਤ ਹੋਇਆ ਕਿਉਂਕਿ ਉਸ ਨੇ ਆਪਣੀ ਵਿਚਾਰਧਾਰਾ ਤੇ ਆਪਣੇ ਨਿਸ਼ਾਨੇ ਨੂੰ ਸਪੱਸ਼ਟ ਰੂਪ ਵਿਚ ਸਮਾਜ ਦੇ ਸਾਹਮਣੇ ਪੇਸ਼ ਕੀਤਾ। ਸ਼ਹੀਦ ਆਉਣ ਵਾਲੀਆਂ ਨਸਲਾਂ ਲਈ ਚਾਨਣ ਮੁਨਾਰਾ ਹੁੰਦੇ ਹਨ। ਉਨ੍ਹਾਂ ਦੀ ਅਸਲੀ ਵਿਰਾਸਤ ਉਨ੍ਹਾਂ ਦੇ ਨੇਕ ਆਦਰਸ਼, ਫਲਸਫ਼ਾ ਅਤੇ ਜੀਵਨ ਜਿਊਣ ਦਾ ਵਿਲੱਖਣ ਢੰਗ ਹੁੰਦਾ ਹੈ।

ਭਗਤ ਸਿੰਘ ਨੇ ਅੰਗਰੇਜ਼ ਸਾਮਰਾਜ ਵੱਲੋਂ ਦੇਸ਼ ਦੀ ਲੁੱਟ-ਖਸੁੱਟ, ਜ਼ੁਲਮ ਸਹਿ ਰਹੇ ਲੋਕਾਂ 'ਚ ਹੌਸਲਾ ਪੈਦਾ ਕਰਨ ਲਈ ਵਿਚਾਰਾਂ ਦੇ ਨਾਲ-ਨਾਲ ਭਾਰੀ ਮੁਸ਼ਕਲ ਸਮੇਂ ਹਥਿਆਰ ਚੁੱਕਣ ਦਾ ਰਾਹ ਵੀ ਚੁਣਿਆ। ਉਸ ਨੇ ਜਾਬਰ ਤੇ ਜ਼ੁਲਮ ਵਿਦੇਸ਼ੀ ਸ਼ਾਸਕਾਂ ਨੂੰ ਬਦਲ ਕੇ ਲੋਕ ਪ੍ਰਤੀਨਿਧੀ ਸਰਕਾਰ, ਜਿਸ ਦਾ ਨਿਸ਼ਾਨਾ ਹਰ ਆਦਮੀ ਲਈ ਸਨਮਾਨਯੋਗ ਜੀਵਨ ਅਤੇ ਬਰਾਬਰੀ ਦੇ ਅਧਿਕਾਰ ਪ੍ਰਾਪਤ ਕਰਨਾ ਹੋਵੇ, ਦਾ ਸੁਪਨਾ ਵੀ ਭਾਰਤੀਆਂ ਸਾਹਮਣੇ ਪੇਸ਼ ਕੀਤਾ। ਇਸ ਸੰਘਰਸ਼ 'ਚੋਂ ਆਪਣੇ ਲਈ ਕੁਝ ਵੀ ਪ੍ਰਾਪਤ ਕਰਨਾ ਉਸ ਦਾ ਮੰਤਵ ਨਹੀਂ ਸੀ।

ਭਗਤ ਸਿੰਘ ਦੇ ਵਿਲੱਖਣ ਫਲਸਫ਼ੇ ਨੂੰ ਜੇ ਵਿਚਾਰਿਆ ਜਾਵੇ ਤਾਂ ਸਮਾਜਿਕ ਰੂਪ 'ਚ ਜਾਤ-ਪਾਤ, ਊਚ-ਨੀਚ ਦਾ ਉਹ ਵਿਰੋਧੀ ਸੀ। ਉਹ ਆਖਦਾ ਸੀ, 'ਜੇ ਗੰਦ ਚੁੱਕਣ ਨਾਲ ਕੋਈ ਵਿਅਕਤੀ ਨੀਵਾਂ ਹੋ ਸਕਦਾ ਹੈ ਤਾਂ ਮੇਰੀ ਮਾਂ ਜਿਸ ਨੇ ਕਿ ਮੇਰਾ ਗੰਦ ਚੁੱਕਿਆ ਹੈ, ਸਭ ਤੋਂ ਨੀਵੀਂ ਹੋਣੀ ਚਾਹੀਦੀ ਹੈ ਪਰ ਉਹ ਮੇਰੇ ਲਈ ਸਭ ਤੋਂ ਉੱਤਮ ਤੇ ਪਰਉਪਕਾਰੀ ਹੈ।' ਇਸ ਲਈ ਉਹ ਜਾਤ ਕਰਕੇ ਨੀਵੀਂ ਆਖੇ ਜਾਣ ਵਾਲਿਆਂ ਨੂੰ ਮਾਂ-ਬੇਬੇ ਆਖ ਕੇ ਸੰਬੋਧਨ ਕਰਦਾ ਸੀ। ਜਾਤ-ਪਾਤ ਜਾਂ ਅਮੀਰ-ਗ਼ਰੀਬ ਦੇ ਵਰਗੀਕਰਨ ਤੇ ਊਚ-ਨੀਚ ਉਸ ਨੂੰ ਕਿਸੇ ਵੀ ਰੂਪ 'ਚ ਪ੍ਰਵਾਨ ਨਹੀਂ ਸੀ। ਆਰਥਿਕ ਰੂਪ 'ਚ ਉਹ ਸਭ ਲਈ ਬਰਾਬਰੀ ਦੇ ਮੌਕਿਆਂ ਦੇ ਹਾਮੀ ਅਤੇ ਲੈਨਿਨ ਤੇ ਮਾਰਕਸ ਦੇ ਸਮਾਜਵਾਦੀ ਫਲਸਫ਼ੇ ਤੋਂ ਪ੍ਰਭਾਵਿਤ ਸੀ। ਉਸ ਮੁਤਾਬਕ ਅਮੀਰ- ਗ਼ਰੀਬ ਦਾ ਪਾੜਾ ਘਟਾਉਣ ਲਈ ਸਾਧਨਾਂ ਦੀ ਸੁਚੱਜੀ ਵੰਡ ਹੋਣੀ ਚਾਹੀਦੀ ਹੈ। ਜ਼ਮੀਨਾਂ ਦੇ ਮਾਲਕ ਕਾਸ਼ਤਕਾਰ ਹੋਣੇ ਚਾਹੀਦੇ ਹਨ ਤੇ ਮਜ਼ਦੂਰਾਂ ਨੂੰ ਸਖ਼ਤ ਮਿਹਨਤ ਕਰ ਕੇ ਕਮਾਈ ਵਾਜਬ ਮਜ਼ਦੂਰੀ ਉਸ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਲ ਜਾਣੀ ਚਾਹੀਦੀ ਹੈ। ਸਿਆਸੀ ਰੂਪ 'ਚ ਉਹ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਦਾ ਅਲੰਬਰਦਾਰ ਸੀ। ਉਹ ਇਹ ਨਹੀਂ ਸੀ ਚਾਹੁੰਦਾ ਕਿ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤੀ ਪਾ ਕੇ ਅਸੀਂ ਉਸੀ ਪ੍ਰਣਾਲੀ ਦੇ ਦੇਸੀ ਹਾਕਮਾਂ ਦੇ ਗ਼ੁਲਾਮ ਬਣ ਜਾਈਏ। ਉਹ ਤਾਂ ਜ਼ਾਲਮ ਸਰਮਾਏਦਾਰਾਂ ਦੇ ਹੱਥੋਂ ਸੱਤਾ ਖੋਹ ਕੇ ਸਮਾਜਵਾਦ ਸਥਾਪਿਤ ਕਰਨਾ ਚਾਹੁੰਦਾ ਸੀ। । ਵਿਅਕਤੀਗਤ ਜੀਵਨ 'ਚ ਉਹ ਹਸੂੰ-ਹਸੂੰ ਕਰਦੀ, ਮਾਨਵਤਾ ਲਈ ਪ੍ਰੇਮ ਨਾਲ ਭਰੀ ਹੋਈ ਸ਼ਖ਼ਸੀਅਤ ਸੀ। ਉਹ ਜੀਵਨ ਦਾ ਪੂਰਾ ਅਨੰਦ ਮਾਣਨ ਦਾ ਇੱਛੁਕ ਸੀ। ਉਹ ਚੰਗਾ ਗਾਇਕ, ਡਰਾਮਿਆਂ 'ਚ ਨਾਇਕ



ਦੀ ਭੂਮਿਕਾ ਨਿਭਾ ਕੇ ਦਰਸ਼ਕਾਂ ਪਾਸੋਂ ਸਨਮਾਨ ਹਾਸਲ ਕਰਨ ਵਾਲਾ, ਘੁੰਮ ਫਿਰ ਕੇ ਨਵੀਆਂ ਥਾਵਾਂ ਵੇਖਣ ਵਾਲਾ ਤੇ ਲਗਾਤਾਰ ਵਿਕਾਸਸ਼ੀਲ ਖੋਜ ਭਰਪੂਰ ਪੁਸਤਕਾਂ ਪੜ੍ਹਨ ਦਾ ਸ਼ੌਕੀਨ ਸੀ। ਉਹ ਅੰਗਰੇਜ਼ ਵਿਰੋਧੀ ਨਹੀਂ ਸੀ ਸਗੋਂ ਜ਼ਾਲਮ ਸੰਸਥਾ ਵਿਰੋਧੀ ਸੀ। ਉਸ ਦਾ ਵਿਚਾਰ ਸੀ ਕਿ ਤਾਕਤ ਦਾ ਇਸਤੇਮਾਲ ਉਦੋਂ ਕਰਨਾ ਚਾਹੀਦਾ ਹੈ, ਜਦੋਂ ਹੋਰ ਕੋਈ ਹੀਲਾ ਨਾ ਰਹਿ ਜਾਵੇ। ਉਸ ਦਾ ਵਿਚਾਰ ਸੀ ਕਿ ਵਿਅਕਤੀਗਤ ਰੂਪ 'ਚ ਕਿਸੇ ਨੂੰ ਮਾਰਨ ਦਾ ਕੋਈ ਫ਼ਾਇਦਾ ਨਹੀਂ। ਉਸ ਨੂੰ ਸ਼ਸ਼ਤਰ ਨਾਲੋਂ ਸ਼ਾਸਤਰ ਜ਼ਿਆਦਾ ਪਿਆਰਾ ਸੀ। ਇਸ ਲਈ ਉਹ ਹਮੇਸ਼ਾ ਹੀ ਕਿਤਾਬਾਂ ਰਾਹੀਂ ਦਾਰਸ਼ਨਿਕਾਂ ਨਾਲ ਜੁੜਿਆ ਰਹਿੰਦਾ ਸੀ। ਉਸ ਦਾ ਸਭ ਤੋਂ ਵੱਡਾ ਗੁਣ ਵਿਰੋਧੀਆਂ ਪ੍ਰਤੀ ਹਾਂ-ਪੱਖੀ ਨਜ਼ਰੀਆ ਸੀ। ਮਹਾਤਮਾ ਗਾਂਧੀ ਅਤੇ ਲਾਲਾ ਲਾਜਪਤ ਰਾਏ ਦੀ ਸ਼ਖ਼ਸੀਅਤ ਤੋਂ ਉਹ ਪ੍ਰਭਾਵਿਤ ਨਹੀਂ ਸੀ ਪਰ ਉਨ੍ਹਾਂ ਵੱਲੋਂ ਆਜ਼ਾਦੀ ਲਈ ਜਾਗ੍ਰਿਤੀ ਪੈਦਾ ਕਰਨ ਦਾ ਸਨਮਾਨ ਕਰਦਾ ਸੀ ਤੇ ਵਿਦੇਸ਼ੀਆਂ ਵੱਲੋਂ ਉਨ੍ਹਾਂ 'ਤੇ ਜ਼ੁਲਮ ਕਰਨ ਦਾ ਉਹ ਵਿਰੋਧੀ ਸੀ। ਇਨ੍ਹਾਂ ਬਹੁਪੱਖੀ ਖ਼ੂਬੀਆਂ ਦਾ ਮਾਲਕ ਸ਼ਹੀਦ ਨਹੀਂ ਸਗੋਂ ਸ਼ਹੀਦ-ਏ-ਆਜ਼ਮ ਹੀ ਹੋਣਾ ਚਾਹੀਦਾ ਹੈ, ਜਿਸ ਨੇ ਮੌਤ ਦੇ ਸਾਹਮਣੇ ਵੀ ਆਦਰਸ਼ ਨੂੰ ਅੱਗੇ ਰੱਖਿਆ ਤੇ ਕਿਸੇ ਡਰ ਤੋਂ ਰਹਿਤ ਹੋ ਕੇ ਆਪਣੀ ਗੱਲ ਵਿਦੇਸ਼ੀ ਹਕੂਮਤ ਦੇ ਬੋਲ਼ੇ ਕੰਨਾਂ ਤਕ ਜ਼ੋਰਦਾਰ ਢੰਗ ਨਾਲ ਪਹੁੰਚਾਈ। ਇਸੇ ਲਈ ਉਸ ਦਾ ਜਨਮ ਤੇ ਸ਼ਹੀਦੀ ਦਿਨ ਇਕ ਮੇਲੇ ਦੇ ਰੂਪ 'ਚ ਮਨਾਉਣਾ ਹਰ ਭਾਰਤੀ ਆਪਣਾ ਕੌਮੀ ਫ਼ਰਜ਼ ਮਹਿਸੂਸ ਕਰਦਾ ਹੈ। ਹਰ ਵਰਗ ਦਾ ਚਹੇਤਾ ਨਾਇਕ ਹੋਣ ਕਰਕੇ ਉਸ ਦੇ ਬਾਰੇ ਵੱਧ ਤੋਂ ਵੱਧ ਜਾਣਨ ਦੀ ਲਾਲਸਾ ਤੇ ਅਜੋਕੇ ਸੰਦਰਭ 'ਚ ਉਸ ਦੇ ਫਲਸਫ਼ੇ ਦਾ ਪਹਿਰੇਦਾਰ ਲੱਭਣ ਦਾ ਯਤਨ ਆਮ ਭਾਰਤੀ ਦਾ ਰਿਹਾ ਹੈ ਪਰ ਕੀ ਉਸ ਦੀ ਵਿਰਾਸਤ ਤੇ ਫਲਸਫ਼ੇ ਨੂੰ ਆਮ ਆਦਮੀ ਤਕ ਪਹੁੰਚਾਇਆ ਜਾ ਸਕਿਆ ਹੈ? ਭਗਤ ਸਿੰਘ ਦੇ ਪਰਿਵਾਰ ਨੂੰ ਆਜ਼ਾਦੀ ਤੋਂ ਬਾਅਦ ਵੀ ਬਹੁਤ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। 1949 'ਚ ਪੰਜਾਬ ਦੇ ਇਕ ਮੰਤਰੀ ਵੱਲੋ ਉਸ ਦੇ ਭਰਾਵਾਂ ਕੁਲਤਾਰ ਸਿੰਘ ਤੇ ਕੁਲਵੀਰ ਸਿੰਘ ਨੂੰ ਬੰਗੇ ਨੇੜੇ ਹੋਏ ਕਤਲ ਦੇ ਝੂਠੇ ਮੁਕੱਦਮੇ 'ਚ ਫਸਾਉਣ ਦੀ ਕੋਸ਼ਿਸ਼ ਕੀਤੀ ਗਈ। 1962 'ਚ ਕੁਲਵੀਰ ਸਿੰਘ ਤੇ ਪ੍ਰਧਾਨ ਮੰਤਰੀ ਵਿਰੁੱਧ ਸਾਜ਼ਿਸ਼ ਕਰਨ ਦਾ ਵੀ ਦੋਸ਼ ਲਾਇਆ ਗਿਆ। ਭਗਤ ਸਿੰਘ ਦੇ ਮੁਕੱਦਮੇ ਦੀ ਪੈਰਵਾਈ ਕਰਨ ਵਾਲੇ ਪਰਮ ਮਿੱਤਰ ਹੰਸ ਰਾਜ ਜਿਸ ਨੂੰ ਉਸ ਨੇ ਆਪ ਕ੍ਰਾਂਤੀਕਾਰੀ ਦਾ ਨਾਂ ਦਿੱਤਾ ਸੀ, 1966 'ਚ ਦੰਗਾਕਾਰੀਆਂ ਨੇ ਪਾਣੀਪਤ 'ਚ ਸ਼ਹੀਦ ਕਰ ਦਿੱਤਾ, ਜਿਸ ਦੀ ਮੌਤ ਦਾ ਦੁੱਖ ਮਾਤਾ ਵਿੱਦਿਆਵਤੀ ਤੇ ਬੀਬੀ ਅਮਰ ਕੌਰ ਨੂੰ ਸਾਰੀ ਉਮਰ ਰਿਹਾ। ਭਗਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ 1989 'ਚ ਪੁਲਿਸ ਵੱਲੋਂ ਲਾਪਤਾ ਕਰ ਦੇਣ ਦੀ ਸਾਜ਼ਿਸ਼ 'ਚ ਦੋਸ਼ੀ ਅਧਿਕਾਰੀਆਂ ਨੂੰ ਅੱਜ ਤਕ ਸਜ਼ਾ ਨਹੀਂ ਹੋ ਸਕੀ। ਸ਼ਹੀਦਾਂ ਦੇ ਪਰਿਵਾਰ ਜਿਨ੍ਹਾਂ ਨੇ ਦੇਸ਼ ਕੌਮ ਲਈ ਅਜਿਹੇ ਵਡਮੁੱਲੇ ਹੀਰੇ ਪੈਦਾ ਕੀਤੇ ਹਨ, ਮਾਣ-ਸਨਮਾਨ ਦੇ ਹੱਕਦਾਰ ਹਨ ਪਰ ਸਮੇਂ-ਸਮੇਂ ਦੀਆਂ ਸਰਕਾਰਾਂ ਇਸ ਦੀ ਅਣਦੇਖੀ ਕਰਦੀਆਂ ਹਨ।

ਨੌਜਵਾਨ ਭਾਰਤ ਸਭਾ ਦੀ ਸਥਾਪਨਾ ਭਗਤ ਸਿੰਘ ਨੇ ਕੀਤੀ, ਜਿਸ ਦੀ ਹੋਂਦ ਅੱਜ ਵੀ ਸੁਣਨ ਨੂੰ ਮਿਲਦੀ ਹੈ ਪਰ ਉਸ ਦੇ ਸੁਨਹਿਰੀ ਅਸੂਲ ਜਿਵੇਂ ਸਾਰੇ ਭਾਰਤ 'ਚ ਮਜ਼ਦੂਰਾਂ ਤੇ ਕਿਸਾਨਾਂ ਦਾ ਪੂਰੀ ਤਰ੍ਹਾਂ ਆਜ਼ਾਦ ਗਣਰਾਜ ਕਾਇਮ ਕਰਨ ਦਾ ਟੀਚਾ, ਦੇਸ਼ ਭਗਤੀ ਦੀਆਂ ਭਾਵਨਾਵਾਂ ਤੇ ਕੁਰਬਾਨੀ ਦਾ ਜਜ਼ਬਾ ਜਗਾ ਕੇ ਇਕਜੁੱਟ ਭਾਰਤੀ ਕੌਮ ਦਾ ਨਿਰਮਾਣ ਕਰਨਾ, ਧਰਮ ਦੇ ਮਾਮਲੇ 'ਚ ਆਮ ਸਹਿਣਸ਼ੀਲਤਾ ਤੇ ਧਰਮ-ਨਿਰਪੱਖ ਨਜ਼ਰੀਏ ਦੀ ਭਾਵਨਾ ਪੈਦਾ ਕਰਨਾ, ਹਰੇਕ ਉਸ ਆਰਥਿਕ ਅਤੇ ਸਮਾਜਿਕ ਲਹਿਰ ਨੂੰ ਮਜ਼ਬੂਤ ਕਰਨ ਦਾ ਅਹਿਦ ਜੋ ਪੂਰੇ ਭਾਰਤ ਵਿਚ ਮਜ਼ਦੂਰਾਂ ਤੇ ਕਿਸਾਨਾਂ ਦਾ ਮੁਕੰਮਲ ਤੌਰ 'ਤੇ ਆਜ਼ਾਦ ਗਣਰਾਜ ਕਾਇਮ ਕਰਨ ਦੇ ਕਾਰਜ ਲਈ ਸਹਾਈ ਹੋ ਸਕੇ, ਆਦਿ ਦੇ ਦੇ ਪ੍ਰਚਾਰ ਤੇ ਪ੍ਰਸਾਰ ਬਾਰੇ ਉਸ ਦੀ ਸ਼ਹਾਦਤ ਤੋਂ 89 ਸਾਲ ਬਾਅਦ ਵੀ ਹਕੀਕਤ 'ਚ ਕੁਝ ਹੋਇਆ ਨਜ਼ਰ ਨਹੀਂ ਆ ਰਿਹਾ, ਨਹੀਂ ਤਾਂ ਨੌਜਵਾਨ ਪੀੜ੍ਹੀ ਸਮਾਜ 'ਚ ਚੰਗੇ ਕੰਮ ਕਰਨ ਲਈ ਅੱਗੇ ਆਉਂਦੀ।

ਭਗਤ ਸਿੰਘ ਦੇ ਜੀਵਨ 'ਤੇ ਫਿਲਮਾਂ ਬਣਾ ਕੇ ਚੰਗੀ ਕਮਾਈ ਕੀਤੀ ਜਾ ਚੁੱਕੀ ਹੈ ਪਰ ਉਸ ਦਾ ਅਸਲੀ ਚਿਹਰਾ ਤੇ ਜੀਵਨ ਲੋਕਾਂ ਦੇ ਸਾਹਮਣੇ ਨਹੀਂ ਆ ਸਕਿਆ। ਹਥਿਆਰਬੰਦ ਭਗਤ ਸਿੰਘ ਦੇ ਪੋਸਟਰ ਤਾਂ ਹਰ ਜਗ੍ਹਾ ਆਸਾਨੀ ਨਾਲ ਵੇਖੇ ਜਾ ਸਕਦੇ ਹਨ ਪਰ ਵਿਚਾਰਵਾਨ ਭਗਤ ਸਿੰਘ ਦੇ ਆਦਰਸ਼ਾਂ ਨੂੰ ਪ੍ਰਚਾਰਨ ਬਾਰੇ ਕੰਮ ਅਜੇ ਸ਼ੁਰੂ ਨਹੀਂ ਹੋਇਆ। ਉਸ ਦੀ ਯਾਦ ਵਿਚ ਮੇਲੇ ਕਰਾਉਣਾ ਵੀ ਸਿਆਸੀ ਪਾਰਟੀਆਂ ਦੀ ਮਜਬੂਰੀ ਹੀ ਹੈ।।ਸੱਚ ਤਾਂ ਇਹ ਹੈ ਕਿ ਉਸ ਦੇ ਫਲਸਫ਼ੇ ਦੀ ਵਿਰਾਸਤ ਨੂੰ ਲਾਗੂ ਕਰਨ ਤੇ ਆਮ ਨਾਗਰਿਕ ਤਕ ਲਿਜਾਣ ਲਈ ਅਜੇ ਤਕ ਕੁਝ ਵੀ ਨਹੀਂ ਹੋਇਆ ਪਰ ਨੌਜਵਾਨਾਂ ਲਈ ਸ਼ਹੀਦ-ਏ-ਆਜ਼ਮ ਦੀ ਲਲਕਾਰ ਅੱਜ ਵੀ ਓਨੀ ਹੀ ਸਾਰਥਿਕ ਹੈ ਜਿੰਨੀ ਉਸ ਦੇ ਜੀਵਨ ਕਾਲ ਵਿਚ ਸੀ। ਉਸ ਦੇ ਇਹ ਵਿਚਾਰ ਮਨ ਵਿਚ ਵਸਾਉਣ ਦੀ ਲੋੜ ਹੈ, 'ਨੌਜਵਾਨੋ ਤੁਸੀਂ ਮੁਕਤੀ ਦਾ ਸੋਮਾ ਹੋ, ਦੇਸ਼ ਦੀ ਆਸ ਹੋ, ਮਾਂ ਧਰਤੀ ਦੇ ਰਖਵਾਲੇ ਹੋ।' ਨੌਜਵਾਨਾਂ ਲਈ ਇਹ ਸਮਾਂ ਵਿਚਾਰਨ ਦਾ ਹੈ ਕਿ ਉਹੋ ਹੀ ਸ਼ਹੀਦ-ਏ-ਆਜ਼ਮ ਦੇ ਅਸਲੀ ਵਿਰਾਸਤ ਅਸੂਲ ਹਨ ਤੇ ਉਸ ਨੂੰ ਸਲਾਮ ਅਸੂਲਾਂ 'ਤੇ ਪਹਿਰਾ ਦੇ ਕੇ ਹੀ ਕੀਤਾ ਜਾ ਸਕਦਾ ਹੈ।। ਉਸ ਦੇ ਇਹ ਬੋਲ ਸਾਨੂੰ ਅੱਗੇ ਵੱਧਣ ਲਈ ਪ੍ਰੇਰਨਾ ਦੇ ਰਹੇ ਹਨ: 'ਦਹਿਰ (ਦੁਨੀਆ) ਸੇ ਕਿਉਂ ਖ਼ਫ਼ਾ ਰਹੇਂ, ਦਰਖ (ਆਸਮਾਨ) ਕਾ ਕਿਉਂ ਗਿਲਾ ਕਰੇਂ ਸਾਰਾ ਜਹਾਂ ਅਦੂ (ਦੁਸ਼ਮਣ) ਸਹੀ, ਆਓ ਮੁਕਾਬਲਾ ਕਰੇਂ।'

# ਅਛੂਤ ਦਾ ਸਵਾਲ – ਭਗਤ ਸਿੰਘ (ਜੂਨ, 1928-ਕਿਰਤੀ)

**(ਸਫਾ 23 ਦੀ ਬਾਕੀ)**

ਏਨਾ ਜ਼ਰੂਰ ਹੈ ਕਿ ਉਸ ਦੇ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫੀ ਹੱਥ ਹੈ ਸੀ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇੱਕ ਸਵਾਲ ਹੋਰ ਉੱਠਦਾ ਹੈ ਕਿ ਇਸ ਮਸਲੇ ਦਾ ਠੀਕ-ਠੀਕ ਹੱਲ ਕੀ ਹੈ? ਇਸ ਦਾ ਜਵਾਬ ਬੜਾ ਸੈਹਲ ਹੈ। ਸਭ ਤੋਂ ਪਹਿਲਾਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨੀ ਚੂੰਕਿ ਇੱਕ ਆਦਮੀ ਗਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ ਕਰੇਗਾ ਅਤੇ ਦੁਨੀਆਂ ਵਿਚ ਕਿਸੇ ਕਿਸਮ ਦੀ ਤਰੱਕੀ ਦਾ ਉਸਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇਹਨਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਹਨਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਵਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ-ਜਨਮ ਦੀ ਫਿਲਾਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ? ਚੁੱਪ ਕਰਕੇ ਕਰੋ। ਇਸ ਤਰਾਂ ਉਹਨਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਵਾ ਗਏ। ਪਰ ਉਹਨਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮ-ਵਿਸ਼ਵਾਸ਼, ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ। ਬੜਾ ਜ਼ੁਲਮ ਤੇ ਕਹਿਰ ਕਮਾਇਆ। ਖੈਰ, ਅੱਜ ਉਹਦੇ ਪਰਾਸ਼ਚਿਤ ਦਾ ਵੇਲਾ ਹੈ।

ਇਸੇ ਦੇ ਨਾਲ ਹੀ ਇੱਕ ਹੋਰ ਖਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿੱਚ ਜ਼ਰੂਰੀ ਕੰਮਾਂ ਵਾਸਤੇ ਘਿਰਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰੇ ਦੁਰਕਾਰ ਦਿੱਤਾ ਅਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ.ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ, ਜਿਸ ਨਾਲ ਸਾਡੀ ਤਰੱਕੀ ਵਿਚ ਬੜੀ ਰੁਕਾਵਟ ਪੈਂਦੀ ਹੈ।

ਇਨਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅੱਗਾਂਹ ਵਧੀਏ। ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਹੀ ਸਮਝੀਏ। ਬਸ, ਮੁਆਮਲਾ ਸਾਫ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨਾਂ ਭਰਾਵਾਂ ਨੂੰ ਅੱਜ ਤੀਕ ਅਛੂਤ-ਅਛੂਤ ਕਿਹਾ ਕਰਦੇ ਸਾਂ, ਉਨਾਂ ਕੋਲੋਂ ਇਸ ਪਾਪ ਵਾਸਤੇ ਖਿਮਾਂ ਮੰਗਣੀ ਅਤੇ ਉਨਾਂ ਨੂੰ ਆਪਣੇ ਵਰਗਾ ਆਦਮੀ ਸਮਝਣਾਂ, ਬਿਨਾਂ ਅਮ੍ਰਿਤ ਛਕਾਇਆਂ, ਕਲਮਾਂ ਪੜਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਹਨੂੰ ਆਪਣੇ ਵਿਚ ਰਲ੍ਹਾ ਲੈਣਾ, ਉਹਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿੱਚ ਖਿੱਚਧੂਹੀ ਕਰਨੀ ਅਤੇ ਅਮਲ ਵਿਚ ਕੋਈ ਵੀ ਹੱਕ ਨਾ ਦੇਣਾ, ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ, ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋਂ ਇਹ ਚੂਹੜਿਆਂ ਚੱਪੜੀਆਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਊ ਹਨ। ਬਸ, ਜੱਟ ਏਨੇ ਵਿੱਚ ਹੀ ਭੂਤ ਪਏ।

ਉਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਹਾਲਤ ਓਨਾਂ ਚਿਰ ਨਹੀਂ ਸੁਧਰ ਸਕਦੀ ਜਿਨਾਂ ਚਿਰ ਕਿ ਉਹ ਇਨਾਂ ਗ਼ਰੀਬਾਂ ਨੂੰ ਕਮੀਣ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਕਿ ਉਹ ਸਾਫ ਨਹੀਂ ਰਹਿੰਦੇ? ਇਸਦਾ ਜਵਾਬ ਸਾਫ ਹੈ, ਉਹ ਗਰੀਬ ਹਨ। ਗ਼ਰੀਬੀ ਦਾ ਇਲਾਜ਼ ਕਰੋ। ਉੱਚੀਆਂ-ਉੱਚੀਆਂ ਕੁਲਾਂ ਦੇ ਗ਼ਰੀਬ ਲੋਕੀ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਉਨ੍ਹਾਂ ਚਿਰ ਨਹੀਂ ਹੋ ਸਕਦਾ, ਜਦੋਂ ਤੱਕ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਿਤ ਨਾ ਕਰ ਲੈਣ।ਅਸੀਂ ਤਾਂ ਸਮਝਦੇ ਹਾਂ ਕਿ ਉਨਾਂ ਦਾ ਆਪਣੇ ਆਪ ਨੂੰ ਵੱਖਰਾ ਜੱਥਬੰਦ ਕਰਨਾਂ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਹਨਾਂ ਦੇ ਬਰਾਬਰ ਦੇ ਹੱਕ-ਹਕੂਕ ਮੰਗਣਾ ਬੜੀ ਆਸ਼ਾਜਨਕ ਤਹਿਰੀਕ ਹੈ। ਜਾਂ ਤੇ ਫਿਰਕਾਵਾਰਾਨਾ ਨਿਆਂਬੁਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਨਾਂ ਦੇ ਵੱਖਰੇ ਹਕੂਕ ਉਨਾਂ ਨੂੰ ਦੇਵੋ। ਕੌਸਲਾਂ ਅਤੇ ਅਸੈਂਬਲੀਆਂ ਦਾ ਫ਼ਰਜ਼ ਹੈ ਕਿ ਸਕੂਲ, ਕਾਲਜ, ਖੂਹ ਅਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਅਜਾਦੀ ਇਹਨਾਂ ਨੂੰ ਦੁਵਾਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲਿਜਾ ਕੇ ਉਨਾਂ ਨੂੰ ਖੂਹਾਂ ਉੱਤੇ ਚੜਾਉਣ, ਨਾਲ ਲੈ ਜਾਕੇ ਉਨਾਂ ਦੇ ਬੱਚਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਵਾਉਣ। ਪਰ, ਜਿਸ ਲੈਜੀਸਲੇਟਿਵ ਵਿੱਚ ਛੋਟੀ ਉਮਰ ਵਿਚ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ 'ਤੇ ਮੱਜ਼ਹਬ ਦੇ ਬਹਾਨੇ ਲੈ ਕੇ ਹਾਏ-ਤੌਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰਾਂ ਕਰ ਸਕਦੇ ਹਨ।

ਇਸ ਕਰਕੇ ਅਸੀਂ ਕਹਿੰਦੇ ਹਾਂ ਕਿ ਉਨਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉਠੋ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉੱਠੋ! ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਸਭ ਕੁਝ ਕਰ ਸਕਿਆ, ਜਿਸ ਨਾਲ ਕਿ ਅੱਜ ਉਸਦਾ ਨਾਂ ਅੱਜ ਤੱਕ ਜਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ।

ਤੁਸੀਂ ਜੋ ਨਿੱਤ ਸੇਵਾ ਕਰਕੇ, ਕੌਮ ਦੇ ਸੁੱਖ ਵਿਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਿਨ ਬਣਾ ਕੇ ਇੱਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕ ਨਹੀਂ ਸਮਝਦੇ। (Land Alienation Act) ਇੰਤਕਾਲੇ- ਇਰਾਜ਼ੀ ਐਕਟ ਦੇ ਮੁਤਾਬਿਕ ਤੁਸੀਂ ਪੈਸੇ ਇੱਕਠ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕਦੇ। ਤੁਹਾਡੇ 'ਤੇ ਏਨਾਂ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ, (ਲਇਸਸ ਟਹਅਨ ਮਣਨ) ਮਨੁੱਖਾਂ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਉੱਠੋ! ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। (Those who would be free must themselves strike the blow) ਆਜ਼ਾਦੀ ਦੀ ਖਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਜਤਨ ਕਰਨਾ ਚਾਹੀਦਾ ਹੈ।

ਮਨੁੱਖ ਦੀ ਹੌਲੀ-ਹੌਲੀ ਕੁੱਝ ਇਹੋ ਜਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ, ਪਰ ਜਿਨਾਂ 'ਤੇ ਉਹਦਾ ਆਪਣਾ ਦਬਦਬਾ ਹੋਵੇ, ਉਨਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ 'ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ'। ਜਥੇਬੰਦ ਹੋ ਕੇ ਹੋ ਕੇ ਆਪਣੇ ਪੈਰਾਂ 'ਤੇ ਖਲ੍ਹੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫਿਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਅਰਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖਿਅਲ ਰੱਖਣਾ। ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ। ਬਲਕਿ ਤੁਹਾਨੂੰ ਆਪਣਾ ਟੂਲ (ਸੰਦ) ਬਣਾਉਣਾ ਚਾਹੁੰਦੀ ਹੈ।

ਇਹ ਸਰਮਾਏਦਾਰ ਨੌਕਰਸ਼ਾਹੀ ਤੁਹਾਡੀ ਗੁਲਾਮੀ ਅਤੇ ਗ਼ਰੀਬੀ ਦਾ ਮੁੱਖ ਕਾਰਨ ਹੈ। ਇਸ ਕਰੇ ਉਸ ਨਾਲ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬਸ! ਫਿਰ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉਠੋ! ਅਤੇ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੋਲੀ-ਹੋਲੀ ਸੁਧਾਰ ਅਤੇ ਰੀਫਾਰਮਾਂ ਨਾਲ ਕੁਝ ਨਹੀਂ ਬਣ ਸਕਦਾ। ਸਮਾਜਕ (ੱਚਅਿਲ) ਐਜੀਟੇਸ਼ਨKਇਨਕਲਾਬ ਪੈਦਾ ਕਰ ਦਿਓ ਅਤੇ ਪਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ। ਉਠੋ! ਸੁੱਤੇ ਹੋਏ ਸ਼ੇਰੋ, ਵਿਦਰੋਹੀਓ, ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ!

– ਵਿਦਰੋਹੀ

(ਭਗਤ ਸਿੰਘ ਵਲੋਂ ਜੂਨ 1928 ਦੇ 'ਕਿਰਤੀ' ਰਸਾਲੇ ਵਿਚ ਵਿਦਰੋਹੀ ਦੇ ਕਲਮੀ ਨਾਮ ਹੇਠ ਲਿਖਿਆ ਗਿਆ ਲੇਖ)

ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਗੁਰੂ ਰਾਮਦਾਸ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਰਾਮਦਾਸ ਜੀ ਦਾ ਸਮਾਂ 1534-1581 ਤੱਕ ਦਾ ਹੈ। ਹਮਾਯੂੰ 1530 ਵਿਚ ਮੁਗਲ ਬਾਦਸ਼ਾਹ ਬਣਿਆ। ਪੰਜਾਬ ਵਿਚ ਰਾਜਨੀਤਿਕ ਅਰਾਜਕਤਾ ਸੀ। ਅਕਬਰ 1556 ਵਿਚ ਮੁਗਲ ਬਾਦਸ਼ਾਹ ਬਣਿਆ। ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਜੀ ਉਸ ਸਮੇਂ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਗੋਇੰਦਵਾਲ ਵਿਖੇ ਸਿੱਖ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਅਤੇ ਹਿੰਦੂ ਪਰਜਾ ਵਿਚ ਵੈਰ ਵਿਰੋਧ ਸੀ। ਸਾਰੇ ਧਰਮ ਅੱਗੇ ਕਈ ਵਰਗਾ ਵਿਚ ਵੰਡੇ ਹੋਏ ਸਨ। ਜਾਤ-ਪਾਤ, ਧੜੇਬੰਦੀ, ਲੁੱਟ-ਖਸੁੱਟ ਜ਼ੋਰਾਂ ਤੇ ਸੀ। ਲੋਕ ਗਿਆਨ ਵਿਹੂਣੇ ਭਟਕ ਰਹੇ ਸਨ। ਪਰ ਬਾਦਸ਼ਾਹ ਅਕਬਰ ਆਪ ਖੁੱਲ੍ਹਦਿਲੀ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿਚ ਗੁਰੂ ਰਾਮਦਾਸ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚੱਲਿਤ ਝੂਠੇ ਕਰਮਕਾਂਡਾਂ, ਰੀਤਾਂ ਰਸਮਾਂ ਦਾ ਵਿਰੋਧ ਕਰਕੇ ਇਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ ਸੰਨ 1534 ਨੂੰ ਪਿਤਾ ਹਰਿਦਾਸ ਮਾਤਾ ਅਨੂਪ ਦੇਵੀ/ਦਯਾ ਕੌਰ ਦੀ ਕੁੱਖੋਂ ਪਲੇਠਾ ਪੁੱਤਰ ਜੰਮਿਆ। ਉਹਨਾਂ ਦੇ ਪਿਤਾ ਚੂਨਾ ਮੰਡੀ ਲਾਹੌਰ ਵਿਚ ਇਕ ਸਧਾਰਨ ਦੁਕਾਨਦਾਰ ਸਨ ਪਲੇਠਾ ਪੁੱਤਰ ਹੋਣ ਕਰਕੇ ਜੇਠਾ ਪ੍ਰਸਿੱਧ ਹੋਇਆ। ਆਪ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ-ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਹਨਾਂ ਨੂੰ ਪਿੰਡ ਬਾਸਰਕੇ ਲੈ ਆਈ, ਜਿੱਥੇ ਆਪ ਘੁੰਙਣੀਆ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬੱਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਇੱਥੇ ਹੀ ਹੋਈ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਵੇਚਣ ਦਾ ਹੀ ਕੰਮ ਕੀਤਾ। ਆਪਦਾ ਕੰਮ ਸ਼ਾਂਤ-ਚਿੱਤ, ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ। ਕਾਰ ਵਿਹਾਰ ਦੇ ਨਾਲ-ਨਾਲ ਗੁਰੂ ਘਰ ਵਿਚ ਸੇਵਾ ਸਿਮਰਨ ਸਤਿਸੰਗ ਵੀ ਕਰਦੇ। ਉਹ ਆਪਦੇ ਮਿੱਠੇ ਅਤੇ ਨਿਮਰਤਾ ਦੇ ਸੁਭਾਅ ਕਰਕੇ ਸੰਗਤਾਂ ਵਿਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿਚ ਰੁਚੀ ਵਧਦੀ ਗਈ। ਉਹ ਮਧੁਰ ਸੁਰ ਵਿਚ ਗਾਉਂਦੇ ਅਤੇ ਤੰਤੀ ਸਾਜ ਵੀ ਵਜਾਉਂਦੇ। ਇਸ ਤਰ੍ਹਾਂ 7 ਸਾਲ ਦੀ ਉਮਰ ਤੋਂ ਲੱਗਭੱਗ 20 ਸਾਲ ਦੀ ਉਮਰ ਤੱਕ ਆਪ ਰਿਸ਼ਟ-ਪੁਸ਼ਟ ਹੋ ਚੁੱਕੇ ਸਨ। ਗੁਰੂ ਅਮਰਦਾਸ ਜੀ ਜੇਠਾ ਜੀ ਦੇ ਸੁਭਾਅ, ਰਹਿਣੀ-ਬਹਿਣੀ, ਬੋਲਚਾਲ, ਸੇਵਾ ਸਿਮਰਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਸੰਪੰਨ ਕੀਤਾ। ਪਿਤਰੀ ਸਨੇਹ ਕਰਕੇ ਦੰਪਤੀ ਨੂੰ ਆਪਣੇ ਪਰਿਵਾਰ ਵਿਚ ਹੀ ਰੱਖ ਲਿਆ। ਆਪ ਜੀ ਦੀ ਸੰਤਾਨ ਵਜੋਂ ਤਿੰਨ ਸਾਹਿਬਜਾਦੇ- ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿਚ ਜੁਟੇ ਰਹੇ। ਉਹਨਾਂ ਨੇ ਗੁਰਸਿੱਖੀ ਜੀਵਨ ਨੂੰ ਸਮਝ ਲਿਆ ਸੀ। ਜਦੋਂ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਕੰਮ ਆਰੰਭ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰਾ ਪ੍ਰਬੰਧ ਸੰਭਾਲ ਲਿਆ। ਆਪ ਕਾਰ ਸੇਵਾ ਕਰਦੇ, ਟੋਕਰੀ ਢੋਇਆ ਕਰਦੇ ਸਨ। ਲੋਕਾਂਚਾਰੀ ਅਤੇ ਰਿਸ਼ਤੇਦਾਰੀ ਤੋਂ ਉਪਰ



ਉਠ ਕੇ ਸੇਵਾ ਕਰਦੇ ਰਹੇ। ਜਿਸ ਨਾਲ ਉਹਨਾਂ ਨੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮੁਕਤੀ ਦਾ ਮਾਰਗ ਲੱਭਿਆ। ਗੁਰੂ ਅਮਰਦਾਸ ਜੀ ਉਹਨਾਂ ਦੀ ਨਿਸ਼ਕਾਮ, ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੁੰਦੇ ਸਨ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਕਿਰਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ। ਜਦੋਂ ਅਕਬਰ ਦੇ ਦਰਬਾਰ ਵਿਚ ਗੋਂਦੇ ਨਾਲ ਹੋਰ ਜਾਤੀ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਵਿਰੁੱਧ ਸ਼ਿਕਾਇਤ ਕੀਤੀ ਤਾਂ ਅਕਬਰ ਨੇ ਗੁਰੂ ਸਾਹਿਬ ਨੂੰ ਤਲਬ ਕਰਨ ਦਾ ਹੁਕਮ ਦਿੱਤਾ। ਤਾਂ ਉਹਨਾਂ ਨੇ ਭਾਈ ਜੇਠਾ ਜੀ ਨੂੰ ਪੱਖ ਪੂਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂਆਂ ਦੀ ਗੁਰਬਾਣੀ ਦੀ ਘੋਖ ਕੀਤੀ ਹੋਈ ਸੀ। ਤਦ ਹੀ ਬੜੀ ਗੰਭੀਰਤਾ ਨਾਲ ਆਪਣੇ ਪੱਖ ਨੂੰ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡਾ ਲੋਕ ਭਲਾਈ ਦਾ ਮਨੋਰਥ ਹੈ। ਅਕਬਰ ਬਾਦਸ਼ਾਹ ਦੇ ਸ਼ੰਕੇ ਦੂਰ ਹੋ ਗਏ ਤਾਂ ਸਾਰੇ ਦੋਸ਼ ਖਾਰਜ ਕਰ ਦਿੱਤੇ। ਸੇਵਾ, ਭਗਤੀ, ਪ੍ਰੇਮ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ ਉਹਨਾਂ ਦੀ ਘਾਲਣਾ ਨੂੰ ਵੇਖ ਕੇ ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹਨ। ਉਹ ਹੁਣ ਗੁਰਤਾ ਦੇ ਯੋਗ ਹਨ, ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦਾ ਨਾਂ ਦੇ ਕੇ ਗੁਰਗੱਦੀ 'ਤੇ ਬਿਠਾਇਆ।

ਗੁਰਬਾਣੀ ਰਚਨਾ ਦੇ ਕਾਰਜ ਖੇਤਰ ਵਿਚ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਦੀ ਨਕਲ ਕਰਦੇ ਰਹੇ, ਜਿਸ ਨਾਲ ਉਹਨਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਹਨਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿਚ ਢਾਲ ਲਿਆ ਸੀ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮ ਧਿਆਵੈ।।
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੈ ਅੰਮ੍ਰਿਤ ਸਰਿ ਨਾਵੈ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਖ ਦੋਖ ਲਹਿ ਜਾਵੈ।।
ਫਿਰਿ ਚੜੈ ਦਿਵਸ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ।।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ।।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮ ਜਪਾਵੈ।। (ਅੰਗ 305)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਉਹਨਾਂ ਦੇ 638 ਪਦੇ, 30 ਸੰਗੀਤ ਰਾਗਨੀਆਂ ਵਿਚ ਦਰਜ ਹਨ। ਜਿਵੇਂ: ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਹਨਾਂ ਦੇ 31 ਸਲੋਕ ਵਾਰਾਂ ਤ ਵਧੀਕ ਵਿਚ ਹਨ। ਆਪ ਜੀ ਦੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ-ਮਾਣ ਦਾ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆ ਜਾਂਦਾ ਹੈ, ਨਾ ਕਿ ਜਾਤ ਨਾਲ। ਹਉਮੈ ਦਾ ਤਿਆਗ ਕਰਕੇ ਪ੍ਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਨਾਮਦਾਨ, ਇਸ਼ਨਾਨ ਤੇ ਸੁੱਚੀ ਕਿਰਤ, ਵੰਡ ਛਕਣਾ ਸਿੱਖੀ ਦੇ ਮੀਰੀ-ਗੁਣ ਹਨ। ਅਜਿਹੀ ਰਹਿਤ ਲਾਗੂ ਕਰ ਦਿੱਤੀ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਨਾਮ ਜਾਪਦੇ ਰਹਿਣਾ ਹੀ ਸਿੱਖ ਦਾ ਉੱਤਮ ਕਰਮ ਹੈ। ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ ਤੇ ਪਹਿਰਾ ਦੇਣ ਦਾ ਉਪਦੇਸ਼ ਹੈ।ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਪ੍ਰਮ-ਾਤਮਾ ਨਾਲ ਮੇਲ ਦਾ ਰਾਹ ਹੈ। ਗੁਰੂ ਰਾਮਦਾਸ ਜੀ ਨੇ ਸੰਨ 1579 ਵਿਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ 'ਤੇ ਭੇਜਿਆ, ਜਿੱਥੇ ਹੁਣ ਅੰਮ੍ਰਿਤਸਰ ਵੱਸਿਆ ਹੋਇਆ ਹੈ ਕਿ ਉਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾਂ ਸੰਤੋਖਸਰ ਦੀ ਖੁਦਾਈ ਕਰਵਾਈ। ਜਿਸ ਟਾਹਲੀ ਹੇਠ ਆਪ ਬੈਠਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਸੁਸ਼ੋਭਿਤ ਹੈ।

ਗੁਰਗੱਦੀ ਤੋਂ ਕੁਝ ਚਿਰ ਪਹਿਲੇ ਗੁਰੂ ਰਾਮਦਾਸ ਜੀ ਨੇ 1574 ਵਿਚ ਪਿੰਡ 'ਗੁਰੂ ਕਾ ਚਕ' ਦੀ ਨੀਂਹ ਰੱਖੀ, ਜਿਸਦਾ ਨਾਂ ਰਾਮਦਾਸਪੁਰ ਜਾਂ ਚੱਕ ਰਾਮਦਾਸ ਹੋ ਗਿਆ। ਸੰਨ 1577 ਵਿਚ ਜਿਸ ਥਾਂ 'ਤੇ ਦਰਬਾਰ ਸਾਹਿਬ ਹੈ, ਨਗਰ ਵਸਾਉਣਾ ਆਰੰਭ ਕੀਤਾ। ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ ਤੇ ਆਰਥਿਕ ਪੱਖੋਂ, ਰੁਜ਼ਗਾਰ ਪੱਖੋਂ ਖੁਸ਼ਹਾਲ ਹੋਣ। ਉਹਨਾਂ ਦੀ ਕਿਰਤ ਕਮਾਈ ਵਿਚ ਕੋਈ ਥੁੜ੍ਹ ਨਾ ਹੋਵੇ। ਆਪਸੀ ਮਿਲਵਰਤਨ, ਪ੍ਰੇਮ ਪਿਆਰ ਤੇ ਸਾਂਝੇ ਭਾਈਚਾਰਕ ਤੌਰ 'ਤੇ ਵੱਸਣ। ਉਹਨਾਂ ਵੱਖ-ਵੱਖ ਜਾਤਾਂ, ਫਿਰਕਿਆਂ ਦੇ ਵੱਖ-ਵੱਖ ਹੁਨਰਮੰਦ, ਨਿਪੁੰਨ ਦਸਤਕਾਰਾਂ ਨੂੰ ਵਸਾਇਆ, ਜਿਹਨਾਂ ਨੇ ਸਮੂਹਿਕ ਤੌਰ ਤੇ ਇਕ ਬਜ਼ਾਰ ਦੇ ਰੂਪ ਵਿਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਵਸਾਇਆ ਸੀ। ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ ਤੇ ਅੰਮ੍ਰਿਤ ਸਰੋਵਰ ਦੀ ਖੁਦਾਈ ਆਰੰਭ ਕਰਵਾਈ। ਇਸਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਨਾਲ ਇਸ ਨਗਰ ਦਾ ਨਾਂ ਅੰਮ੍ਰਿਤਸਰ ਪੈ ਗਿਆ। ਆਪ ਨੇ ਆਪਣੇ ਲਈ ਇਕ ਮਕਾਨ ਵੀ ਬਣਵਾਇਆ, ਜਿਸਦਾ ਨਾਂ ਗੁਰੂ ਕੇ ਮਹਿਲ ਪੈ ਗਿਆ। ਖਡੂਰ ਸਾਹਿਬ, ਗੋਇੰਦਵਾਲ ਅਤੇ ਕਰਤਾਰਪੁਰ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਇਵੇਂ ਹੀ ਜਾਰੀ ਰੱਖਿਆ। ਸੰਗਤਾਂ ਦੀ ਗਿਣਤੀ ਵਧਦੀ ਗਈ। ਸਰੋਵਰ ਦੇ ਵਿਚਕਾਰ ਹਰਿਮੰਦਰ ਉਸਾਰਨ ਦੀ ਯੋਜਨਾ ਬਣੀ। ਸ਼ਹਿਰ ਦੀ ਵਜੋਂ ਲਈ ਉਸਾਰੀ ਦੇ ਕੰਮ ਜਾਰੀ ਸਨ। ਇਹਨਾਂ ਖਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇਕੱਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਕੇ ਲਿਆਉਂਦੇ ਅਤੇ ਕੇਂਦਰੀ ਖਜਾਨੇ ਵਿਚ ਜਮ੍ਹਾ ਕਰਵਾਉਂਦੇ। ਅੱਗ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਮਸੰਦਾਂ ਕੋਲ ਸੀ।

ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿੱਚੋਂ ਕਰਨੀ ਸੀ। ਉਹ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ। ਗੁਰਗੱਦੀ ਦੇ ਹੱਕ ਲਈ ਪ੍ਰਿਥੀ ਚੰਦ ਦਾ ਵਿਰੋਧ ਵੀ ਜਾਰੀ ਸੀ। ਪਰ 1 ਸਤੰਬਰ 1581 ਨੂੰ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਸੌਂਪ ਕੇ ਜੋਤੀ-ਜੋਤ ਸਮਾ ਗਏ।

# ਦਲਿਤ ਮੁੜ-ਪ੍ਰਵੇਸ਼ ਸ਼ਤਾਬਦੀ ਦਰਬਾਰ ਸਾਹਿਬ , ਅੰਮ੍ਰਿਤਸਰ

- ਡਾ. ਕਸ਼ਮੀਰ ਸਿੰਘ ਖੁੰਡਾ

ਦਲਿਤ ਐਂਡ ਮਾਇਨਾਰਟੀਜ਼ ਆਰਗੇਨਾਈਜ਼ੇਸ਼ਨ (ਰਜਿ) ਵੱਲੋਂ ਦਲਿਤ ਮੁੜ -ਪ੍ਰਵੇਸ਼ ਸ਼ਤਾਬਦੀ ਨੂੰ ਸ਼ਰਧਾ ਨਾਲ 100 ਸਾਲ ਪਹਿਲਾਂ ਵਾਪਰੀ ਓਸ ਘਟਨਾ ਨੂੰ ਯਾਦ ਕਰਨ ਦਾ ਫੈਸਲਾ ਲਿਆ ਗਿਆ ਹੈ । ਇਹ ਸ਼ਤਾਬਦੀ ਬਹੁਤ ਹੀ ਇਤਿਹਾਸਕ, ਇਸ ਲਈ ਹੈ ਕਿਉਂਕਿ ਉਸ ਦਿਨ *12 ਅਕਤੂਬਰ 1920* ਨੂੰ ਅਛੂਤ ਸਿੱਖਾਂ ਦਾ ਬੜੀ ਜੱਦੋ ਜਹਿਦ ਕਰਣ ਉਪਰੰਤ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੁੜ ਪ੍ਰਵੇਸ਼ ਹੋਇਆ ਸੀ। ਭਾਵੇਂ ਸਿੱਖ ਗੁਰੂ ਸਾਹਿਬਾਨ ਨੇ ਗੁਰਦਵਾਰਿਆਂ ਦੀ ਸਥਾਪਨਾ ਸਰਬ-ਸਾਂਝੀ ਵਾਲਤਾ ਦੇ ਸੰਦੇਸ਼ ਅਨੁਸਾਰ ਕੀਤੀ ਸੀ। 15 ਵੀਂ ਸਦੀ ਗੁਰੂ ਨਾਨਕ ਜੀ ਨੇ ਸਿੱਖ ਧਰਮ ਦੀ ਸਥਾਪਨਾ ਕਰ ਹਰ ਤਰ੍ਹਾਂ ਦੇ ਵਿਤਕਰੇ ਵਰਣ-ਵਿਵਸਥਾ, ਜਾਤ-ਪਾਤ, ਰੰਗ, ਨਸਲ, ਲਿੰਗ ਆਦਿ ਹਰ ਤਰ੍ਹਾਂ ਦੇ ਭੇਦਭਾਵ ਨੂੰ ਖਤਮ ਕੀਤਾ। ਪੰਗਤ ਅਤੇ ਸੰਗਤ ਦੀ ਪ੍ਰਥਾ ਦੀ ਸ਼ੁਰੂਆਤ ਸਾਧੂਆਂ ਨੂੰ ਲੰਗਰ ਛੱਕਾ ਕੇ ਕੀਤੀ ਸੀ। ਇਸੇ ਲੜੀ ਤੇ ਅੱਗੇ ਤੁਰਦਿਆਂ 10 ਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਨਕਲਾਬੀ ਕਦਮ ਚੁੱਕਿਆ ਅਤੇ ਸਿੱਖਾਂ ਨੂੰ ਸੰਨ 1699 ਨੂੰ ਵਿਸਾਖੀ ਵਾਲੇ ਦਿਨ ਇੱਕੋ ਖੰਡੇ-ਬਾਟੇ ਚੋਂ ਅੰਮ੍ਰਿਤ ਛਕਾ ਹਰ ਤਰ੍ਹਾਂ ਨਾਲ ਮਨੁੱਖ ਨਾਲੋਂ ਮਨੁੱਖ ਦਾ ਭੇਦਭਾਵ ਖ਼ਤਮ ਕਰਦਿਆਂ ਖ਼ਾਲਸਾ ਪੰਥ ਦੀ ਸਾਜਨਾ ਕਰ ਦਿੱਤੀ। ਮਨੁੱਖ ਨਾਲੋਂ ਮਨੁੱਖ ਦਾ ਪਾੜਾ ਜੋ ਸਿੱਖ ਧਰਮ ਵਿਚ ਸਿੱਖ ਗੁਰੂ ਸਾਹਿਬਾਨ ਨੇ ਖ਼ਤਮ ਕਰ ਦਿੱਤਾ ਸੀ, ਪਰ ਬ੍ਰਾਹਮਣਵਾਦੀ ਤਾਕਤਾਂ ਅਤੇ ਉਹਨਾਂ ਦੀ ਵਿਚਾਰ ਧਾਰਾ, ਜਿਸ ਦੇ ਧਾਰਮਿਕ ਗ੍ਰੰਥ ਮਨੁੱਖੀ ਵਿਤਕਰੇ ਦੀ ਤਰਜਮਾਨੀ ਕਰਦੇ ਹਨ, ਉਹ ਵਿਚਾਰਧਾਰਾ ਲਗਾਤਾਰ ਸਿੱਖ ਧਰਮ ਨੂੰ ਖਤਮ ਕਰਨ ਚ ਲੱਗੀ ਰਹੀ ਅਤੇ ਅੱਜ ਵੀ ਕੋਸ਼ਿਸ਼ਾਂ ਕਰ ਰਹੀ ਹੈ। 1849 ਚ ਅੰਗਰੇਜ਼ ਸਰਕਾਰ ਦੀ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਦਾ ਸਿੱਧੇ-ਅਸਿੱਧੇ ਤੌਰ ਤੇ ਬ੍ਰਾਹਮਣ-ਵਾਦੀ ਤਾਕਤਾਂ ਨੂੰ ਬਲ ਮਿਲਿਆ ਤੇ ਇਹਨਾਂ ਨੇ ਸਿੱਖਾਂ ਦੇ ਮੁੱਖ ਕੇਂਦਰਿਤ ਧਾਰਮਿਕ ਸਥਾਨ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਮੂਹ ਪ੍ਰਬੰਧ ਨੂੰ ਆਪਣੇ ਕਬਜੇ ਵਿਚ ਲੈ ਉਸਦਾ ਬ੍ਰਾਹਮਣੀਕਰਨ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ, ਇਹਨਾਂ ਪੁਜਾਰਿਆਂ ਵੱਲੋ ਮੂਰਤੀ-ਪੂਜਾ, ਛੂਆ-ਛਾਤ ਅਤੇ ਹੋਰ ਬਹੁਤ ਸਾਰੇ ਅਧਾਰਮਿਕ, ਗੈਰ ਸਮਾਜਿਕ ਕਾਰਜ ਕੀਤੇ ਜਾਂਦੇ ਸਨ ਜੋ ਸਿੱਖ ਧਰਮ ਦੀ ਪਵਿੱਤਰ ਅਤੇ ਉੱਚੀ-ਸੁੱਚੀ ਵਿਚਾਰਧਾਰਾ ਨੂੰ ਢਾਹ ਲਾ ਰਹੇ ਸਨ। ਏਥੋਂ ਤਕ ਕਿ ਅੰਮ੍ਰਿਤਧਾਰੀ ਅਛੂਤ-ਸਿੱਖ ਦਰਬਾਰ ਸਾਹਿਬ ਦੇ ਅੰਦਰ ਨਤਮਸਤਕ ਨਹੀਂ ਸੀ ਹੋ ਸਕਦਾ, ਉਸਦੀ ਅਰਦਾਸ ਪੁਜਾਰੀ ਨਹੀਂ ਸੀ ਕਰਦੇ ਤੇ ਨਾ ਹੀ ਉਸਦਾ ਕੜਾਹ ਪ੍ਰਸ਼ਾਦ ਪ੍ਰਵਾਨ ਹੁੰਦਾ ਸੀ ਲ ਪਰ ਜੇ ਕਰ ਉਹੀ ਸਿੱਖ ਇਸਾਈ ਧਰਮ ਗ੍ਰਹਿਣ ਕਰਕੇ, ਟੋਪੀ ਪਾ ਕੇ ਆ ਜਾਂਦਾ ਤਾਂ ਪੁਜਾਰੀ ਤੇ ਮਹੰਤ ਉਸ ਦੇ ਅੱਗੇ-ਪਿੱਛੇ ਘੁੰਮਦੇ।

ਇਸ ਸਾਰੇ ਵਰਤਾਰੇ ਨੂੰ ਨੱਥ ਪਾਉਣ ਲਈ ਖਾਲਸਾ ਬਿਰਾਦਰੀ 10, 11 ਅਤੇ 12 ਅਕਤੂਬਰ 1920 ਨੂੰ ਸਮੂਹ ਅਛੂਤ ਸਿੱਖ ਅਤੇ ਪਛੜੀਆਂ ਸ੍ਰੇਣੀਆਂ ਨੂੰ ਜਿਹਨਾਂ ਵਿੱਚ ਵੱਡੀ ਗਿਣਤੀ ਮਾਝੇ ਦੇ ਮਜ਼ਬੀ ਸਿੱਖਾਂ ਦੀ ਸੀ (ਮੇਰੇ ਦਾਦਾ ਉਸ ਵੇਲੇ ਉਮਰ ਤਕਰੀਬਨ 30 ਸਾਲ ਸ਼ਾਮਿਲ ਸਨ) ਰਾਮਦਾਸੀਆ ਸਿੱਖ, ਕਬੀਰ ਪੰਥੀ, ਅਤੇ ਹੋਰ ਅਛੂਤ ਜਾਤੀਆਂ ਦੇ ਸਿੱਖ ਜੱਲਿਆਂ ਵਾਲੇ ਬਾਗ 'ਚ ਇਕੱਤਰ ਹੁੰਦੇ ਸਨ, ਲਗਾਤਾਰ ਦੋ ਦਿਨ ਦੀਵਾਨ ਸਜਾਏ ਗਏ, ਜਿਸਨੂੰ ਸ. ਸੁੰਦਰ ਸਿੰਘ ਮਜੀਠੀਏ ਵਰਗੇ ਰਾਜਨੀਤੀ 'ਚ ਗੁੱਜੇ ਨਾਮੀ ਤੇ ਸਮਰੱਥਾਵਾਨ ਵਿਅਕਤੀਆਂ ਨੇ ਥਾਪੜਾ ਵੀ ਦਿੱਤਾ ਅਤੇ 11 ਅਕਤੂਬਰ 1920 ਦੇ ਦਿਨ ਦੀਵਾਨ ਚ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਨਾ਼ਲ ਸ਼ਾਮਿਲ ਵੀ ਹੋਏ ।ਦੀਵਾਨਾਂ ਵਿਚ ਸਿੱਖੀ ਸਿਧਾਂਤਾਂ ਵਿਰੁੱਧ ਹੋ ਰਹੀ ਮਨਮਤ ਨੂੰ ਖ਼ਤਮ ਕਰਨ ਲਈ ਤਕਰੀਰਾਂ ਹੋਇਆਂ ਅੰਤ ਇਹ ਤੈਅ ਹੋਇਆ ਕੀ ਅਛੂਤ ਸਿੱਖ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਹੁੰਦੇ ਵਿਤਕਰਿਆਂ ਨੂੰ ਖ਼ਤਮ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋ ਗਏ । 12 ਅਕਤੂਬਰ 1920 ਨੂੰ ਵੱਡੇ ਇਕੱਠ ਦੇ ਰੂਪ 'ਚ ਦਲਿਤ ਸਿੱਖ,ਸ. ਮਤਾਬ ਸਿੰਘ ਬੀਰ ਮੁੱਖੀ "ਖਾਲਸਾ ਬਰਾਦਰੀ" ਜੋ ਅਛੂਤ ਸਿੱਖਾਂ ਦੀ ਜੱਥੇਬੰਦੀ ਦੇ ਮੁੱਖੀ ਸਨ, ਸ. ਢੇਰਾ ਸਿੰਘ ਮਜ਼ਬੀ ਸਿੱਖਾਂ ਦੀ ਅਗਵਾਈ ਕਰ ਰਹੇ ਸਨ ਅਤੇ ਹੋਰ ਦਲਿਤ ਲੀਡਰਾਂ ਦੀ ਰਹਿਨੁਮਾਈ ਹੇਠ ਹਜ਼ਾਰਾਂ ਲੋਕ ਦਰਬਾਰ ਸਾਹਿਬ ਪਹੁੰਚੇ। ਇਹਨਾਂ ਦਾ ਸਾਥ ਗੁਰੂਆਂ ਦੀ ਸਿੱਖਿਆ ਤੇ ਚੱਲਣ ਵਾਲੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰੋਫ਼ੈਸਰ ਸ. ਤੇਜ਼ਾ ਸਿੰਘ,ਬਾਵਾ ਹਰਕ੍ਰਿਸ਼ਨ ਸਿੰਘ ਤੇ ਵਿਦਿਆਰਥੀਆਂ ਤੋਂ ਇਲਾਵਾ 'ਅਕਾਲੀ ਦਲ ਖਰਾ ਸੌਦਾ ਬਾਰ' ਦੇ ਅਹੁਦੇਦਾਰਾਂ ਸ. ਕਰਤਾਰ ਸਿੰਘ ਝੱਬਰ ਤੇ ਤੇਜਾ ਸਿੰਘ ਭੁੱਚਰ ਆਦਿ ਨੇ ਵੀ ਦਿੱਤਾਲ ਦਰਬਾਰ ਸਾਹਿਬ ਦੇ ਅੰਦਰ ਅਛੂਤ ਸਿੱਖਾਂ ਦੀ ਅਰਦਾਸ ਕਰਨ ਤੇ ਕੜਾਹ ਪ੍ਰਸਾਦਿ ਨੂੰ ਪ੍ਰਵਾਨ ਕਰਨ ਨੂੰ ਲੈ ਕੇ ਮੌਜੂਦ ਸਿੱਖ ਆਗੂਆਂ ਅਤੇ ਪੁਜਾਰੀ-ਮਹੰਤਾਂ ਵਿਚਾਲੇ ਕਾਫ਼ੀ ਬਹਿਸ ਹੋਈ,ਅੰਤ ਸ੍ਰੀ ਗੁਰੂ ਗ੍ਰੰਥ ਸਹਿਬ ਵਿੱਚੋਂ ਗੁਰੂ ਅਮਰਦਾਸ ਜੀ ਦੀ ਬਾਣੀ, ਸਫਾ 638 ਵਿੱਚੋਂ ਵਾਕ ਲਿਆ ਗਿਆ ਜੋ ਅਛੂਤ ਸਿੱਖਾਂ ਦੇ ਹੱਕ ਵਿਚ ਆਇਆਲ ਅਰਦਾਸ ਹੋਈ, ਕੜਾਹ ਪ੍ਰਸ਼ਾਦ ਵਰਤਾਇਆ ਗਿਆ, ਸੰਗਤ ਉਸੇ ਤਰਾਂ ਹੀ ਅਕਾਲ ਤਖਤ ਸਾਹਿਬ ਪਹੁੰਚੀ, ਦਰਬਾਰ ਸਾਹਿਬ ਵਿੱਚ ਕੜਾਹ ਪ੍ਰਸ਼ਾਦ ਵਾਲੀ ਘਟਨਾ ਨੂੰ ਸੁਣ ਕੇ, ਪੁਜਾਰੀ ਓਥੋਂ ਭੱਜ ਗਏ ਸਨ,ਬੁਲਾਉਣ ਤੇ ਵੀ ਉਹ ਵਾਪਿਸ ਨਾ ਪਹੁੰਚੇ ਇਸ ਉਪਰੰਤ ਸ. ਕਰਤਾਰ ਸਿੰਘ ਝੱਬਰ ਅਤੇ ਹੋਰ ਆਗੂ ਸਿੱਖਾਂ ਨੇ ਓਥੋਂ ਦੀ ਸੇਵਾ ਸੰਭਾਲਣ ਲਈ 17 ਮੈਂਬਰੀ ਕਮੇਟੀ ( ਕੁਝ ਲੇਖਕ 25 ਲਿਖਦੇ ਹਨ) ਦਾ ਗਠਨ ਕਰਕੇ,ਸ. ਤੇਜਾ ਸਿੰਘ ਭੁੱਚਰ ਨੂੰ 'ਇਸ ਕਮੇਟੀ ਦਾ ਜਥੇਦਾਰ' ਬਣਾਇਆ, ਇਸ 17 ਮੈਂਬਰੀ ਕਮੇਟੀ ਵਿਚੋਂ 10 ਮਜ਼ਬੀ ਸਿੱਖ ਤੇ ਰਾਮਦਾਸੀਆ ਸਿੱਖ ਸਨ ਲ ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਕਰਨ ਵੇਲੇ ਓਥੇ ਮੌਜੂਦ ਸਿੱਖ ਆਗੂਆਂ ਨੇ ਡਾ. ਸੈਫੂਦੀਨ ਕਿਚਲੂ ਦੀ ਵੀ ਸਲਾਹ ਲਈ, ਜਿਸ ਨੇ ਇਸ ਕਦਮ ਨੂੰ ਠੀਕ ਦੱਸਿਆ। ਬਾਹਰ ਇਸ ਗੱਲ ਦਾ ਰੌਲਾ ਸੀ ਕਿ ਅਕਾਲ ਤਖਤ ਤੇ ਚੂਹੜਿਆਂ ਨੇ ਕਬਜ਼ਾ ਕਰ ਲਿਆ ਹੈ ਇਸ ਦਿਨ ਤੋਂ ਅਕਾਲ ਤਖਤ ਦੇ 'ਜਥੇਦਾਰ' ਦਾ ਅਹੁਦਾ ਪਹਿਲੀ ਵਾਰ ਹੋਂਦ 'ਚ ਆਇਆ। ਇਹ ਮੁੱਖ ਘਟਨਾ ਗੁਰਦੁਆਰਾ ਸੁਧਾਰ ਲਹਿਰ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਗਠਨ ਦਾ ਮੁੱਢ ਬਣੀ।

ਇਸ ਸ਼ਤਾਬਦੀ ਨੂੰ ਮਨਾਉਣ ਦਾ ਉਦੇਸ਼ ਇਹ ਹੈ ਕਿ ਸਿੱਖ ਧਰਮ ਵਿਚ ਜੋ ਬਰਾਬਰੀ ਦਾ ਸਿਧਾਂਤ ਹੈ ਉਸ ਤੇ ਮੁੜ ਵਿਚਾਰ ਕੀਤਾ ਜਾਵੇ ਕਿ ਇਸ ਸਿਧਾਂਤ ਨੂੰ ਕਿੱਥੇ,ਕਿਵੇਂ ਤੇ ਕਿਉਂ ਢਾਹ ਲੱਗ ਰਹੀ ਹੈ। ਮੌਜੂਦਾ ਸਮੇਂ ਵੀ ਇਹ ਵੇਖਣ ਵਿਚ ਆਇਆ ਹੈ ਕਿ 100 ਸਾਲ ਬੀਤ ਜਾਣ ਤੋਂ ਬਾਅਦ ਅੱਜ ਵੀ ਜਾਤ-ਹੰਕਾਰੀ ਲੋਕ ਪਿੰਡਾਂ 'ਚ ਦਲਿਤਾਂ ਨਾਲ ਜ਼ਿਆਦਤੀਆਂ ਕਰਦੇ ਹਨ ਅਤੇ ਗੁਰਦੁਆਰਿਆਂ ਚੋਂ ਉਹਨਾਂ ਦਾ ਸਮਾਜਿਕ ਬਾਈਕਾਟ ਕਰਨ ਦੇ ਫੁਰਮਾਨ ਜਾਰੀ ਕਰਦੇ ਹਨ,ਗੁਰਦਵਾਰਿਆਂ ਅਤੇ ਪੰਚਾਇਤਾਂ ਦਾ ਇਸਤੇਮਾਲ ਦਲਿਤਾਂ ਖਿਲਾਫ਼ ਗਲਤ-ਮਤੇ ਪਾਉਣ ਲਈ ਆਮ ਕਰਕੇ ਕਿਤਾ ਜਾਂਦੇ ਹੈ। ਕੁਝ ਨਿਹੰਗ ਸਿੰਘ ਸੰਪ੍ਰਦਾਵਾਂ ਵੱਲੋਂ ਦਲਿਤ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਵੇਲੇ ਅਕਾਲ ਤਖਤ ਸਾਹਿਬ (ਬਾਬਾ ਜੀਵਨ ਸਿੰਘ ਜੀ ਦੁਆਰਾ 1699 ਨੂੰ ਅੱਖੀਂ ਵੇਖੀ ਮਰਯਾਦਾ ਨੂੰ ਆਪਣੀ ਬਾਣੀ ਵਿਚ ਵੀ ਅੰਕਿਤ ਕੀਤਾ ਹੈ) ਦੀ ਮਰਿਆਦਾ ਨੂੰ ਅੱਖੋਂ ਓਹਲੇ ਕਰ ਵੱਖਰੇ ਬਾਟੇ, ਵੱਖਰੇ ਸਥਾਨ ਤੇ ਅਖੌਤੀ ਉੱਚ ਜਾਤਾਂ ਦੇ ਅੰਮ੍ਰਿਤ ਅਭਿਲਾਖੀਆਂ ਤੋਂ ਵੱਖ ਛਕਾਇਆ ਜਾਂਦਾ ਹੈ।ਦਲਿਤ ਅੰਮ੍ਰਿਤਧਾਰੀ ਸਿੱਖਾਂ ਨੂੰ ਲੰਗਰ ਛਕਾਉਣ ਸਮੇਂ ਵੱਖਰੀ ਪੰਗਤ, ਵਖਰੇ ਭਾਂਡੇ ਦਿੱਤੇ ਜਾਂਦੇ ਹਨ ਜੋ ਪਹਿਲਾਂ ਹੀ ਵੱਖਰੇ ਰੱਖੇ ਹੁੰਦੇ ਹਨ। ਦਲਿਤਾਂ ਨੂੰ ਓਥੇ ਤਿਆਰ ਕੀਤੇ ਜਾਂਦੇ ਲੰਗਰ ਨੂੰ ਵਰਤਾਉਣ ਤੇ ਬਣਾਉਣ ਤੇ ਪਾਬੰਧੀ ਆਦਿ ਵਰਤਾਰਾ ਵੇਖਣ 'ਚ ਆਇਆ ਹੈ।

ਗੁਰਦਵਾਰੇ ਜੱਟਾਂ ਦੇ ਵੱਖਰੇ ਅਤੇ ਬਾਕੀ ਹੋਰ ਜਾਤਾਂ ਦੇ ਵੱਖਰੇ, ਜਾਤ ਅਧਾਰਿਤ ਹਨ। ਏਥੋਂ ਤਕ ਕਿ ਸ਼ਮਸ਼ਾਨਘਾਟ ਵੀ ਦਲਿਤਾਂ ਦੇ ਵੱਖਰੇ ਹਨ ਲ ਦਲਿਤਾਂ ਦੇ ਮ੍ਰਿਤਕ ਸਰੀਰਾਂ ਦਾ ਅੰਤਿਮ ਸੰਸਕਾਰ ਨਾ ਕਰਨ ਦੇਣ ਵਾਲੀਆਂ ਘਟਨਾਵਾਂ ਕਈ ਵਾਰ ਵਾਪਰਦੀਆਂ ਰਹਿੰਦੀਆਂ ਹਨ। ਮਿਤੀ 2 ਅਪ੍ਰੈਲ 2020 ਨੂੰ ਪਦਮ ਸ੍ਰੀ ਨਿਰਮਲ ਸਿੰਘ ਖਾਲਸਾ ਜੀ ਜੋ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਅਤੇ ਸਿੱਖ ਕੌਮ ਦੇ ਪਹਿਲੇ ਭਾਰਤ ਸਰਕਾਰ ਤੋਂ 'ਪਦਮ ਸ੍ਰੀ' ਐਵਾਰਡ ਲੈਣ ਵਾਲੇ ਕੀਰਤਨੀਏ ਸਨ। ਉਹਨਾਂ ਦੀ ਮ੍ਰਿਤਕ ਦੇਹ ਦੇ ਅੰਤਿਮ ਸੰਸਕਾਰ ਵਾਲੀ ਵੇਰਕਾ (ਅੰਮ੍ਰਿਤਸਰ) 'ਚ ਵਾਪਰੀ ਘਟਨਾ ਵਿਸ਼ੇਸ਼ ਹੈ, ਜਦੋਂ ਸ਼ਮਸ਼ਾਨਘਾਟ ਵਿੱਚੋਂ ਬਾਲਣ ਬਾਹਰ ਕੱਢ , ਸ਼ਮਸ਼ਾਨਘਾਟ ਦੇ ਗੇਟ ਨੂੰ ਤਾਲਾ ਲਗਾ ਦਿੱਤਾ ਗਿਆਲ ਇਹ ਘਟਨਾ ਦੁਨੀਆਂ ਭਰ ਵਿੱਚ ਨਾਨਕ-ਨਾਮ ਲੇਵਾ ਸੰਗਤਾਂ ਦੇ ਹਿਰਦੇ ਵਲੂੰਧਰ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਲੁਕਵੇਂ ਰੂਪ ਵਿਚ ਜਾਤੀ ਭੇਦ-ਭਾਵ ਦੀ ਤਾਜ਼ਾ ਮਿਸਾਲ ਹੈ ਜਦੋਂ ਅਸੀਂ ਘਿਫਛ ਓਸਰ. ਤੋਂ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ 11 ਅਕਤੂਬਰ 2020 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿੱਚ ਕਰਵਾਉਣ ਦੀ ਆਗਿਆ ਪੱਤਰ ਨੰਬਰ ਧਓਂ 05, ਮਿਤੀ 01/08/2020 ਰਾਹੀਂ ਮੰਗੀ ਪਰ SGPC Asr. ਵੱਲੋਂ ਆਪਣੇ ਪੱਤਰ ਨੰਬਰ 3661/8-3 ਮਿਤੀ 26/8/2020 ਰਾਹੀਂ, ਤੇਜਾ ਸਿੰਘ ਸਮੁੰਦਰੀ ਹਾਲ ਦਾ ਜ਼ਿਕਰ ਕੀਤੇ ਬਿਨਾਂ, ਭਾਈ ਗੁਰਦਾਸ ਹਾਲ ਅੰਮ੍ਰਿਤਸਰ ਦੀ ਪ੍ਰਵਾਨਗੀ ਦੇ ਦਿੱਤੀ ਗਈ ਜੋ ਮੰਗਿਆ ਹੀ ਨਹੀਂ ਸੀ ਗਿਆ। ਇਸ ਨੂੰ ਓਸੇ ਤਰਾਂ ਹੀ ਸਮਝਿਆ ਜਾ ਸਕਦਾ ਹੈ,ਜਿਵੇਂ 100 ਸਾਲ ਪਹਿਲਾਂ ਦਰਬਾਰ ਸਾਹਿਬ ਅੰਮ੍ਰਿਤਸਰ ਅੰਦਰ ਦਲਿਤ ਪ੍ਰਵੇਸ਼ ਨਹੀਂ ਸੀ ਕਰ ਸਕਦੇ ਪਰ ਹੋਰਨਾਂ ਇਤਿਹਾਸਕ ਗੁਰਦਵਾਰਿਆਂ 'ਚ ਪਾਬੰਧੀ ਦਾ ਜ਼ਿਕਰ ਕਿਤੇ ਨਹੀਂ ਵੇਖਣ ਨੂੰ ਮਿਲਿਆ।

ਅੱਜ ਸਿੱਖਾਂ ਚ ਅਖੌਤੀ ਉੱਚ ਜਾਤੀ ਦਾ ਹੰਕਾਰ ਕਰਨ ਵਾਲਿਆਂ ਨੂੰ, ਬ੍ਰਾਹਮਣਵਾਦੀ ਸੋਚ ਤਿਆਗ ਕੇ ਸਿੱਖਾਂ ਦਾ ਬਹੁਤ ਹੀ ਅਹਿਮ ਅੰਗ ਜਿਸ ਨੂੰ ਜਾਤ ਅਭਿਮਾਨੀ ਅਖੌਤੀ ਉੱਚ ਜਾਤੀ ਸਿੱਖਾਂ ਵੱਲੋਂ ਅਣਗੌਲਿਆ ਕੀਤਾ ਗਿਆ ਹੈ। ਅਖੌਤੀ ਉੱਚ ਜਾਤ ਦਾ ਅਭਿਮਾਨ ਛੱਡ ਕੇ ,ਜਿਵੇਂ ਗੁਰੂ ਸਾਹਿਬਾਨ ਨੇ ,ਅਛੂਤ,ਦੱਬਿਆਂ - ਕੁਚਲਿਆਂ ਨੂੰ ਛਾਤੀ ਨਾਲ ਲਾਇਆ ਸੀ, ਓਸੇ ਤਰਾਂ ਅਜ ਦੇ ਸਮਰੱਥ ਸਿੱਖ ਤੇ ਸਿੱਖ ਸੰਸਥਾਵਾਂ ਇਹਨਾਂ ਨੂੰ ਆਪਣੇ ਕਲਾਵੇ 'ਚ ਲੈ ਕੇ ਇਹਨਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਪੂਰਾ ਤਾਣ ਲਾ ਦੇਣ ਤੇ ਗੁਰੂ ਸਾਹਿਬਾਨ ਦੇ ਸੰਕਲਪ ਤੇ ਦ੍ਰਿੜ੍ਹ ਰਹਿ ਕੇ 'ਮਾਣਸ ਕੀ ਜਾਤ ਸਬੈ ਏਕ ਪਹਿਚਾਣ ਬੋ' ਤੇ ਚੱਲਦਿਆਂ, ਸਿੱਖ ਧਰਮ ਨੂੰ ਸੰਸਾਰ ਧਰਮ ਵੱਲ ਲੈ ਜਾਣ ਦੀ ਲੋੜ ਹੈ।

# ਕੇਨੈਡਾ ਵਸਦੇ ਗਾਇਕ ਕਲਿਆਣਪੁਰੀ ਦੀ ਸ਼ਖ਼ਸੀਅਤ ਦਾ ਨਿਚੋੜ-ਗਾਇਕੀ ਦਾ ਬੇਸ਼ਕੀਮਤੀ ਹੈ ਹੀਰਾ

**ਪੁਸਤਕ -ਗਾਇਕੀ ਦਾ ਬੇਸ਼ਕੀਮਤੀ ਹੀਰਾ**
**ਸੰਪਾਦਕ -ਜੇਤੇਗ ਸਿੰਘ ਅਨੰਤ ਪੰਜਾਬੀ ਅਦਬੀ ਸੰਗਤ ਲਿਟਰੇਰੀ ਸੁਸਾਇਟੀ ਆਫ ਕੈਨੇਡਾ**
**ਪੰਨੇ 112 ਮੁੱਲ: 250/- ਰੁਪਏ**
**ਪਬਲਿਸ਼ਰ: ਲਾਅ ਟਾਈਮਜ਼ ਪਬਲੀਕੇਸ਼ਨਜ਼**

ਕੁਝ ਇਨਸਾਨਾਂ ਚ ਲਕੀਰ ਦੇ ਫਕੀਰ ਬਣਨ ਤੋਂ ਹਟਕੇ ਕੁਝ ਨਵਾਂ ਕਰਨ ਦੀ ਚਾਹਤ ਹੁੰਦੀ ਹੈ।ਉਹ ਨਿਰੰਤਰ ਅਜਿਹੇ ਕਾਰਜਾਂ ਦੀ ਖੋਜ ਵਿੱਚ ਗੁਲਤਾਨ ਰਹਿੰਦੇ ਨੇ ਕਿ ਉਹ ਦੂਜਿਆਂ ਨਾਲੋਂ ਕੁਝ ਨਵਾਂ ਜਨਤਾ ਦੀ ਕਚਿਹਰੀ ਚ ਪੇਸ਼ ਕਰਨ। ਉਹਨਾਂ ਹੀ ਸਿਰੜੀ ਅਤੇ ਬੇਨਿੱਜ ਇਨਸਾਨਾਂ ਚੋਂ ਮਾਂ ਬੋਲੀ ਦਾ ਲਾਡਲਾ ਪ੍ਰਵਾਸੀ ਲੇਖਕ ਜੈਤੇਗ ਸਿੰਘ ਅਨੰਤ ਹੈ। ਕੈਨੇਡਾ ਦੇ ਸਰੀ ਸ਼ਹਿਰ ਚ ਵਸਦਾ ਇਹ ਪੰਜਾਬੀ ਲੇਖਕ ਸਾਹਿਤਕ ਪਿੜ ਚ ਨਿਰੰਤਰ ਨਵੇਂ ਦਿਸਹੱਦੇ ਸਿਰਜਣ ਲਈ ਤਤਪਰ ਰਹਿੰਦਾ ਹੈ।ਉਹ ਕੈਨੇਡਾ ਚ ਅਦਬੀ ਸੰਗਤ ਲਿਟਰੇਰੀ ਸੁਸਾਇਟੀ ਆਫ ਕੈਨੇਡਾ ਰਾਹੀਂ ਕੰਮ ਕਰਦਿਆਂ ਮੁਸੱਲਸਲ ਪੰਜਾਬੀ ਮਾਂ ਬੋਲੀ ਦੇ ਅਣਗੌਲੇ ਹੀਰਿਆਂ ਨੂੰ ਉਭਾਰਨ ਲਈ ਯਤਨਸ਼ੀਲ ਹਨ। ਉਹਨਾਂ ਦੀਆਂ ਇਸ ਹਥਲੀ ਵਾਰਤਕ ਪੁਸਤਕ "ਗਾਇਕੀ ਦਾ ਬੇਸ਼ਕੀਮਤੀ ਹੀਰਾ-ਦਲਜੀਤ ਕਲਿਆਣਪੁਰੀ" ਤੋਂ ਪਹਿਲਾਂ ਵੀ 12 ਪੁਸਤਕਾਂ ਸੰਪਾਦਿਤ ਹੋ ਕੇ ਆ ਚੁੱਕੀਆਂ ਹਨ। ਜਿੰਨਾਂ ਵਿੱਚੋਂ ਜਨ ਪਰਉਪਕਾਰੀ ਆਏ, ਸਿਰਦਾਰ,ਪੰਚਨਦ, ਸਭਿ ਅਵਗਣ ਮੈਂ, ਬੇਨਿਆਜ਼ ਹਸਤੀ ਉਸਤਾਦ ਦਾਮਨ (ਸ਼ਾਹਮੁਖੀ), ਬੇਨਿਆਜ਼ ਹਸਤੀ ਉਸਤਾਦ ਦਾਮਨ (ਗੁਰਮੁਖੀ), ਮਹਿਕ ਸਮੁੰਦਰੋਂ ਪਾਰ,ਕਲਾ ਦੇ ਵਣਜਾਰੇ, ਸਿਮਰਤੀ ਗ੍ਰੰਥ -ਭਾਈ ਸਾਹਿਬ ਭਾਈ ਰਣਧੀਰ ਸਿੰਘ,ਰਾਗਮਾਲਾ ਨ੍ਰਿਣਯ, ਰਾਗਮਾਲਾ ਦਰਪਣ,ਇੱਕ ਸਿੱਖ ਦਾ ਬੁੱਧ ਨੂੰ ਪ੍ਰਣਾਮ ਦਾ ਵਿਸ਼ੇਸ਼ ਜ਼ਿਕਰ ਹੈ।




ਉਹਨਾਂ ਦੀ ਇਹ ਹਥਲੀ ਪੁਸਤਕ ਲਹਿੰਦੇ ਪੰਜਾਬ ਦੇ ਚੱਕ ਨੰ.97 ਆਰ ਵੀ ਲਾਇਲਪੁਰ ਦੇ ਜੰਮਪਲ ਅਤੇ ਅਤੇ ਦੁਆਬੇ ਦੇ ਜਲੰਧਰ ਨਜ਼ਦੀਕ ਰੁੜਕਾਂ ਕਲਾ ਚ ਭਰ ਜਵਾਨ ਹੋਏ, ਮੌਜੂਦਾ ਕੈਨੇਡਾ ਵਾਸੀ ਪੰਜਾਬੀ ਗਾਇਕੀ ਦੇ ਅਣਗੌਲੇ ਹੀਰੇ ਦਲਜੀਤ ਸਿੰਘ ਕਲਿਆਣਪੁਰੀ ਦੇ ਜੀਵਨ ਦੀਆਂ ਗਹਿਰਾਈਆਂ, ਔਕੜਾਂ, ਮਿਹਨਤਾਂ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਨਿਭਾਈਆਂ ਸੇਵਾਵਾਂ ਤੇ ਆਧਾਰਿਤ ਹੈ। ਸੰਪਾਦਕ ਨੇ ਇਹ ਪੁਸਤਕ ਗਾਇਕ ਦੀ ਪੂਜਨੀਕ ਮਾਤਾ ਅਮਰ ਕੌਰ ਸੰਧੂ ਨੂੰ ਸਮਰਪਿਤ ਕੀਤੀ ਹੈ।ਉਹਨਾਂ ਇਸ ਕਿਤਾਬ ਚ ਗਾਇਕ ਦੇ ਜੀਵਨ ਦੀਆਂ ਪ੍ਰਾਪਤੀਆਂ ਪ੍ਰਤੀ ਵੱਖ ਵੱਖ ਲੇਖਕਾਂ ਦੇ ਵਿਚਾਰਾਂ ਨੂੰ ਇਕੱਤਰਤ ਕਰਕੇ ਨਵਾਂ ਮੀਲ ਪੱਥਰ ਗੱਡਿਆ ਹੈ।ਇਸ ਪੁਸਤਕ ਦੀ ਸ਼ੁਰੂਆਤ ਉਜਾਗਰ ਸਿੰਘ ਸਾਬਕਾ ਲੋਕ ਸੰਪਰਕ ਅਫਸਰ ਪਟਿਆਲਾ ਦੇ 'ਮੁੱਖ ਸ਼ਬਦ' ਸਿਰਲੇਖ ਅਧੀਨ ਖੂਬਸੂਰਤ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਦੇ ਵਾਰਤਕ ਰੂਪ ਨਾਲ ਸ਼ੁਰੂ ਹੁੰਦੀ ਹੈ। ਪੁਸਤਕ ਦੇ ਸੰਪਾਦਕ ਜੈਤੇਗ ਸਿੰਘ ਅਨੰਤ ਨੇ ਗਾਇਕ ਜਗਜੀਤ ਸਿੰਘ ਕਲਿਆਣਪੁਰੀ ਦੇ ਗੁਰੂ ਗਾਇਕ ਜਗਤ ਸਿੰਘ ਜੱਗਾ ਦੀ ਸੁਰੀਲੀ, ਬੁਲੰਦ ਅਤੇ ਮਿੱਠੀ ਆਵਾਜ਼ ਦੇ ਕੰਨਾਂ ਅਤੇ ਦਿਮਾਗ ਚ ਗੂੰਜਦੇ ਸ਼ਬਦਾਂ ਦੇ 'ਦੀਦਾਰੀ ਹਰਫ਼' ਨਾਲ ਗਾਇਕ ਕਲਿਆਣਪੁਰੀ ਨਾਲ ਮਿਲਾਪ ਦਾ ਜ਼ਿਕਰ ਕੀਤਾ ਹੈ।ਵੱਖ ਵੱਖ ਸਮਿਆਂ ਤੇ ਹੋਈਆਂ ਮੁਲਾਕਾਤਾਂ ਦੇ ਮੋਹ ਨੇ ਇਸ ਪੁਸਤਕ ਦੀ ਉਤਪਤੀ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਇਸ ਪੁਸਤਕ ਦੇ ਪੰਨੇ 16 ਤੋਂ 18 ਵਿਚ ਗਾਇਕ ਵੱਲੋਂ ਸਮਾਜਸੇਵੀ ਕਾਰਜਾਂ, ਲੋੜਵੰਦਾਂ, ਸਾਹਿਤਕਾਰਾਂ ਲੇਖਕਾਂ ਪ੍ਰਤੀ ਨਿਭਾਏ ਰੋਲ ਅਤੇ ਜੀਵਨ ਬਿਊਰਾ ਤੇ ਪੰਛੀ ਝਾਤ ਪਾਈ ਗਈ ਹੈ।

ਪੁਸਤਕ ਵਿਚ ਪੰਜਾਬੀ ਸਾਹਿਤ ਦੀਆਂ ਸਿਰਮੌਰ ਸਖਸ਼ੀਅਤਾਂ ਨੇ ਵੱਖ ਵੱਖ ਪਹਿਲੂਆਂ ਤੋਂ ਗਾਇਕੀ ਦੇ ਇਸ ਬੇਸ਼ਕੀਮਤੀ ਹੀਰੇ ਗਾਇਕ ਦਲਜੀਤ ਸਿੰਘ ਕਲਿਆਣਪੁਰੀ ਦੀ ਜ਼ਿੰਦਗੀ 'ਤੇ ਵਿਚਾਰ ਪ੍ਰਗਟਾਏ ਹਨ।ਲੇਖਕ ਅਤੇ ਸੰਪਾਦਕ ਜੈਤੇਗ ਸਿੰਘ ਅਨੰਤ ਨੇ 'ਗਾਇਕੀ ਦਾ ਬੇਸ਼ਕੀਮਤੀ ਹੀਰਾ-ਦਲਜੀਤ ਕਲਿਆਣਪੁਰੀ', ਲੇਖਕ ਗਿੱਲ ਮੋਰਾਂਵਾਲੀ ਨੇ 'ਕਲਾ ਦਾ ਵਣਜਾਰਾ', ਬਾਲ ਸਾਹਿਤ ਅਕਾਦਮੀ ਜੈਤੂ ਡਾ. ਦਰਸ਼ਨ ਸਿੰਘ ਆਸ਼ਟ ਨੇ 'ਦਲਜੀਤ ਕਲਿਆਣਪੁਰੀ', ਲੇਖਕ ਚੰਨ ਜੰਡਿਆਲਵੀ- ਬਰਮਿੰਘਮ ਨੇ 'ਕੇਨੇਡਾ ਵਸਦਾ ਕਲਿਆਣਪੁਰੀ- ਮੁੰਡਾ ਲੰਬੜਾਂ ਦਾ', ਡਾ. ਸੱਯਦ ਅਖ਼ਤਰ ਹੁਸੈਨ ਅਖ਼ਤਰ ਨੇ 'ਅੰਤਾਂ ਮਿਲਣਸਾਰ-ਦਲਜੀਤ ਕਲਿਆਣਪੁਰੀ', ਲੇਖਕ ਪਰਮਜੀਤ ਸੰਧੂ ਨੇ ' ਗਾਉਣ ਵਾਲਾ ਦੇਖਣ ਗਏ,ਪਰ ਗਾਉਣ ਵਾਲਾ ਯਾਦਾਂ ਚ ਵਸਾ ਕੇ ਪਰਤੇ', ਲੇਖਕ ਡਾ.ਇੰ-ਦਰਜੀਤ ਸਿੰਘ ਵਾਸੂ(ਪ੍ਰਿੰਸੀਪਲ) ਨੇ ' ਪੰਜਾਬੀ ਗਾਇਕੀ ਦਾ ਗਤੀਸ਼ੀਲ ਗਾਇਕ', ਸੁੱਚਾ ਸਿੰਘ ਕਲੇਰ ਨੇ 'ਗਾਇਕ ਦਲਜੀਤ ਕਲਿਆਣਪੁਰੀ ਨਾਲ ਵਾਰਤਾਲਾਪ', ਡਾ. ਹਰੀਸ਼ ਮਲਹੋਤਰਾ ਨੇ ' ਮੇਰੇ ਪਿਆਰੇ ਅਧਿਆਪਕ- ਕਲਿਆਣ-ਪੁਰੀ', ਡਾ. ਭਗਵੰਤ ਸਿੰਘ ਨੇ 'ਗਾਇਕ ਅਤੇ ਸਾਹਿਤਕਾਰ- ਕਲਿਆਣਪੁਰੀ', ਇਕਬਾਲ ਮਾਹਲ ਨੇ 'ਯਾਰਾਂ ਦਾ ਯਾਰ -ਕਲਿਆਣਪੁਰੀ', ਸਵ. ਸੁਰਿੰਦਰ ਕੌਰ ਪੰਜਾਬ ਦੀ ਕੋਇਲ ਦੀ ਬੇਟੀ ਡੋਲੀ ਗੁਲੇਰੀਆ ਨੇ 'ਇੱਕ ਬੁਲੰਦ ਆਵਾਜ਼' , ਡਾ ਰਮਿੰਦਰ ਕੌਰ ਨੇ 'ਦਲਜੀਤ ਕਲਿਆਣਪੁਰੀ ਜੀਵਨ ਅਤੇ ਆਦਰਸ਼', ਸਾਬਕਾ ਲੋਕ ਸੰਪਰਕ ਅਫਸਰ ਉਜਾਗਰ ਸਿੰਘ ਨੇ 'ਸਮਾਜਿਕ ਕਦਰਾਂ ਕੀਮਤਾਂ ਦਾ ਪਹਿਰੇਦਾਰ-ਗਾਇਕ ਦਲਜੀਤ ਕਲਿਆਣਪੁਰੀ' ਦੇ ਸਿਰਲੇਖਾਂ ਹੇਠ ਗਾਇਕ ਪ੍ਰਤੀ ਆਪਣੀ ਭਾਵੁਕਤਾ ਅਤੇ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ।

ਅੰਤ ਵਿੱਚ ਗਾਇਕ ਦਲਜੀਤ ਕਲਿਆਣਪੁਰੀ ਨੇ 'ਕਿੱਦਾਂ ਸੱਲ ਸਹਾਰ ਸਣ ਤੇਰੇ ਪੱਗ ਵਟਾਊ ਯਾਰ','ਵਾਸੀ ਕਲਿਆਣਪੁਰ ਦਾ' ਅਤੇ 'ਛੱਡ ਕੇ ਦੇਸ਼ ਦੁਆਬਾ' ਚ ਖੁਦ ਆਪਣੇ ਜੀਵਨ ਕਾਲ ਦੌਰਾਨ ਤਨ ਅਤੇ ਮਨ ਹੰਢਾਈਆਂ ਦੁਸ਼ਵਾਰੀਆਂ, ਔਕੜਾਂ, ਦੁੱਖਾਂ ਅਤੇ ਸਹਿਯੋਗੀਆਂ ਦਾ ਬਾਖੂਬੀ ਚਿਤਰਨ ਕੀਤਾ ਹੈ।

ਇਸ ਪੁਸਤਕ ਦੀ ਖਾਸੀਅਤ ਇਹ ਹੈ ਇਸ ਵਿਚ ਵੱਖ ਵੱਖ ਲੇਖਕਾਂ ਦੇ ਸ਼ਖ਼ਸੀਅਤ ਨੂੰ ਵਾਂਚਣ ਨਜ਼ਰੀਏ ਦੀ ਪ੍ਰਤੱਖਤਾ ਮੂਲ ਰੂਪ ਚ ਉੱਭਰ ਕੇ ਸਾਹਮਣੇ ਆਉਂਦੀ ਹੈ। ਲੇਖਕਾਂ ਨੇ ਗੀਤਾਂ, ਵਿਸ਼ੇਸ਼ਣਾਂ ਅਤੇ ਮਿਲਾਪ ਦੇ ਪਲਾਂ ਦੇ ਜ਼ਿਕਰ ਨਾਲ ਗਾਇਕ ਦੀ ਗਾਇਕੀ, ਸਰਲਤਾ, ਸਪੱਸ਼ਟਤਾ, ਸਾਰਥਕ ਅਤੇ ਸਿਰਜਣਾਤਮਕ ਪ੍ਰਤਿਭਾ ਦਾ ਝਲਕਾਰਾ ਰੂਪਮਾਨ ਕੀਤਾ ਹੈ। ਪੁਸਤਕ ਪ੍ਰਤੀ ਰੌਚਕਤਾ ਨੂੰ ਬੜਾਵਾ ਦੇਣ ਲਈ ਅਤੇ ਆਕਰਸ਼ਕ ਬਣਾਉਣ ਲਈ ਗਾਇਕ ਦੀਆਂ ਪਰਿਵਾਰਕ ਫੋਟੋਆਂ ਨੂੰ ਵੀ ਪੁਸਤਕ ਵਿਚ ਥਾਂ ਦਿੱਤੀ ਗਈ ਹੈ। ਪੁਸਤਕ ਪੜ੍ਹਨਯੋਗ ਹੈ ਅਤੇ ਪੂਰੀ ਟੀਮ ਵਧਾਈ ਦੀ ਪਾਤਰ ਹੈ।



**ਰਿਵਿਊਕਾਰ ਇੰਜੀ.ਸਤਨਾਮ ਸਿੰਘ ਮੱਟੂ**
**91-9779-708257**

# ਜਰਖੜ ਹਾਕੀ ਅਕੈਡਮੀ ਦੇ ਖੇਡ ਵਿੰਗ ਅੰਡਰ 14 ਅਤੇ ਅੰਡਰ 19 ਸਾਲ ਦੇ ਚੋਣ ਟਰਾਇਲ 23 ਅਕਤੂਬਰ ਨੂੰ ਜਰਖੜ ਸਟੇਡੀਅਮ ਵਿਖੇ

MSK
JARKHAR
ਜਰਖੜ ਹਾਕੀ

**ਲੁਧਿਆਣਾ 18 ਅਕਤੂਬਰ-** ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸਾਲ 2023-24 ਦੇ ਸੈਸ਼ਨ ਲਈ ਅਲਾਟ ਕੀਤੇ ਖੇਡ ਵਿੰਗਾਂ ਦੇ ਚੋਣ ਟਰਾਇਲ 23 ਅਕਤੂਬਰ ਨੂੰ ਜਰਖੜ ਖੇਡ ਸਟੇਡੀਅਮ ਵਿਖੇ ਹੋਣਗੇ।

ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿ ਸਿੱਖਿਆ ਵਿਭਾਗ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਜਰਖੜ ਨੂੰ ਅੰਡਰ 14 ਸਾਲ ਅਤੇ ਅੰਡਰ 19 ਸਾਲ ਮੁੰਡਿਆਂ ਦੇ ਹਾਕੀ ਦੇ ਖੇਡ ਵਿੰਗ ਅਲਾਟ ਕੀਤੇ ਹਨ ਜੋ ਜਰਖੜ ਹਾਕੀ ਅਕੈਡਮੀ ਦੀ ਸਰਪਰਸਤੀ ਹੇਠ ਚਲਾਏ ਜਾਣਗੇ। ਇਹਨਾਂ ਖੇਡ ਵਿੰਗਾ ਵਿਚ ਅੰਡਰ 14 ਸਾਲ ਵਰਗ ਵਿੱਚ 1 ਜਨਵਰੀ 2010 ਤੋਂ ਬਾਅਦ ਦੇ ਜਨਮੇ ਖਿਡਾਰੀ ਹਿੱਸਾ ਲੈ ਸਕਦੇ ਹਨ ਜਦਕਿ ਅੰਡਰ 19 ਸਾਲ ਵਰਗ ਵਿੱਚ 1 ਜਨਵਰੀ 2005 ਤੋਂ ਬਾਅਦ ਦੇ ਜਨਮੇ ਖਿਡਾਰੀ ਹਿੱਸਾ ਲੈਣ ਦੇ ਯੋਗ ਹੋਣਗੇ । ਚੁਣੇ ਗਏ ਖਿਡਾਰੀਆਂ ਨੂੰ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਤੇ ਨਿਯਮਾਂ ਮੁਤਾਬਿਕ ਸਹੂਲਤਾਂ ਮੁਹਈਆ ਕੀਤੀਆਂ ਜਾਣਗੀਆਂ। ਖਿਡਾਰੀਆਂ ਨੂੰ ਮੁਫਤ ਹੋਸਟਲ , ਖੇਡ ਕਿੱਟਾਂ ਅਤੇ ਹੋਰ ਖਾਣ ਪੀਣ ਦੀਆਂ ਸਹੂਲਤਾਂ ਮਿਲਣਗੀਆਂ । ਚੋਣ ਟਰਾਇਲਾਂ ਵਿੱਚ ਹਿੱਸਾ ਲੈਣ ਦੇ ਚਾਹਬਾਣ ਖਿਡਾਰੀ 23 ਅਕਤੂਬਰ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਜਰਖੜ ਖੇਡ ਸਟੇਡੀਅਮ ਵਿਖੇ ਆਪਣੇ ਖੇਡ ਦਸਤਾਵੇਜ ਅਤੇ ਉਮਰ ਦੇ ਸਬੂਤ ਸਮੇਤ ਰਿਪੋਰਟ ਕਰਨ । ਚੁਣੇ ਗਏ ਖਿਡਾਰੀਆਂ ਨੂੰ ਰਾਜ ਪੱਧਰੀ ਟੂਰਨਾਮੈਂਟ ਅਤੇ ਹਾਕੀ ਇੰਡੀਆ ਵੱਲੋਂ ਕਰਵਾਈ ਜਾਂਦੀ ਅਕੈਡਮੀਜ਼ ਮੈਂਬਰ ਨੈਸ਼ਨਲ ਹਾਕੀ ਚੈਂ-ਪੀਅਨਸ਼ਿਪ ਵਿੱਚ ਖੇਡਣ ਦਾ ਸਿੱਧਾ ਮੌਕਾ ਮਿਲੇਗਾ।

---

**ਕਹਾਣੀ**

# ਸੈਕਿੰਡ ਲਾਈਫ

**ਬਲਵਿੰਦਰ 'ਬਾਲਮ' ਗੁਰਦਾਸਪੁਰ**
**91-98156-25409**



ਸਤਨਾਮ ਸਿੰਘ ਸਰਕਾਰੀ ਮਹਿਕਮੇ ਵਿਚ ਇਕ ਉਚ ਅਫ਼ਸਰ ਸੀ। ਉਸ ਦੀ ਇਕ ਹੀ ਲੜਕੀ ਸੀ ਜੋ ਕਿ ਅਮਰੀਕਾ ਦੇ ਇਕ ਸ਼ਹਿਰ ਵਿਚ ਵਿਆਹੀ ਹੋਈ ਸੀ। ਅਤੇ ਉਥੇ ਹੀ ਅਪਣੇ ਸ਼ਹੁਰੇ ਪਰਿਵਾਰ ਵਿਚ ਖੁਸ਼ਹਾਲ ਜੀਵਨ ਬਤੀਤ ਕਰ ਰਹੀ ਸੀ। ਸਤਨਾਮ ਸਿੰਘ ਦੀ ਪਤਨੀ ਸਰਕਾਰੀ ਹਾਈ ਸਕੂਲ ਦੀ ਪ੍ਰਿੰਸੀਪਲ। ਉਹ ਬਹੁਤ ਹੀ ਨੇਕ ਤੇ ਸਾਊ ਸੁਭਾਅ ਦੀ ਔਰਤ ਸੀ। ਈਮਾਨਦਾਰੀ ਅਤੇ ਅਨੁਸ਼ਾਸਨ ਵਿਚ ਪਰਿਪੱਕਤਾ ਰੱਖਣ ਵਾਲੀ ਔਰਤ।

ਲਗਭਗ 56 ਸਾਲ ਦੀ ਉਮਰ ਵਿਚ ਸਤਨਾਮ ਸਿੰਘ ਦੀ ਪਤਨੀ ਕੈਂਸਰ ਦੀ ਬਿਮਾਰੀ ਹੋਣ ਕਰਕੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਈ। ਸਤਨਾਮ ਸਿੰਘ ਹੁਣ ਇਕੱਲਾ ਰਹਿ ਗਿਆ ਸੀ। ਉਸ ਕੋਲ ਨੌਕਰ ਚਾਕਰ, ਵੱਡੀ ਕੋਠੀ, ਕਾਰ ਆਦਿ ਜੀਵਨ ਦੀਆਂ ਸਭ ਸਹੂਲਤਾਂ ਤਾਂ ਸਨ ਪਰ ਇਕੱਲਾਪਣ ਉਸ ਦੀ ਜ਼ਿੰਦਗੀ ਨੂੰ ਉਦਾਸ ਕਰਨ ਲੱਗਾ। ਏਡੀ ਵੱਡੀ ਕੋਠੀ ਵਿਚ ਇਕੱਲਾ ਰਹਿਣਾ ਕੋਈ ਸੌਖਾ ਕੰਮ ਨਹੀਂ ਸੀ। ਇਕੱਲਤਾ ਮਨੁੱਖ ਦਿਮਾਗ਼ੀ ਦਵੰਦ ਵਿਚ ਵਾੜ ਦਿੰਦੀ ਹੈ ਅਤੇ ਦਿਮਾਗ਼ੀ ਸੰਤੁਲਿਨ ਵੀਂ ਵਿਗੜ ਦਿੰਦੀ ਹੈ।

ਕੁਝ ਸਾਲਾਂ ਦੇ ਬਾਅਦ ਸਤਨਾਮ ਸਿੰਘ ਸੇਵਾ ਮੁਕਤ ਹੋ ਗਿਆ। ਇਸ ਕਰਕੇ ਉਹ ਹੋਰ ਵੀ ਇਕੱਲਾ ਹੋ ਗਿਆ। ਭਾਵੇਂ ਉਸ ਨੇ ਕਈ ਸਮਾਜ ਸੇਵੀ ਰੁਝੇਵੇਂ ਅਪਣਾ ਲਏ ਸਨ ਪਰ ਘਰ ਦੀ ਇਕੱਲਤਾ ਆਦਮੀ ਨੂੰ ਘੁਣ ਵਾਂਗ ਭੋਰਾ-ਭੋਰਾ ਕਰਕੇ ਭੋਰ ਦਿੰਦੀ ਹੈ।

ਇਕ ਦਿਨ ਅਮਰੀਕਾ ਚੋਂ ਉਸ ਦੀ ਬੇਟੀ ਅਤੇ ਦਾਮਾਦ ਦਾ ਫ਼ੋਨ ਆਇਆ ਕਿ ਪਾਪਾ, ਅਸੀਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀਆਂ। ਗੱਲ ਤਾਂ ਕਰਨੀ ਏ ਜੇ ਤੁਸੀ ਸਾਡਾ ਕਹਿਣਾ ਮੰਨ ਲੋਵੇਗੇ ਤਾਂ, ਪਾਪਾ, ਕੀ ਤੁਸੀ ਸਾਡਾ ਕਹਿਣਾ ਮੰਨ ਲਵੋਗੇ ਤਾਂ ਤੁਸੀ ਪਰਾਂਮਿਸ ਕਰੋ ਕਿ ਸਾਨੂੰ ਨਾਹ ਨਹੀਂ ਕਰੋਗੇ।

ਸਤਨਾਮ ਸਿੰਘ ਨੇ ਬੜੀ ਹਲੀਮੀ ਪੂਰਵਕ ਅੰਦਾਜ਼ ਵਿਚ ਕਿਹਾ, ਮੇਰੇ ਪਿਆਰੇ ਬੇਟੇ, ਤੁਹਾਡੇ ਨਾਲ ਹੀ ਮੇਰਾ ਸਾਰਾ ਜਹਾਨ ਹੈ, ਤੁਹਾਡੇ ਤੋਂ ਸਿਵਾਏ ਇਸ ਦੁਨੀਆਂ ਵਿਚ ਮੇਰਾ ਕੋਣ ਏਂ? ਮੈਂ ਵਾਅਦਾ ਕਰਦਾ ਹਾਂ ਕਿ ਮੈਂ ਅਪਣੀ ਬੇਟੀ ਦੀ ਹਰ ਖ਼ਵਾਹਿਸ਼ ਪੂਰੀ ਕਰ ਸਕਾਂ, ਬੇਟੇ ਤੁਸੀ ਜੋ ਵੀ ਕਵੋ ਮੈਂ ਤੁਹਾਡੀ ਹਰ ਗੱਲ ਮੰਨ ਲਵਾਂਗਾ, ਹੋਰ ਦੱਸੋ ਬੇਟੇ, ਤੁਸੀ ਹਕਮ ਕਰੋ?

"ਨਹੀਂ, ਪਾਪਾ ਜੀ ਹੁਕਮ ਨਹੀਂ, ਇਕ ਹੱਥ ਜੋੜ ਕੇ ਸਾਡੀ ਬੇਨਤੀ ਹੈ ਕਿ..... ਪਾਪਾ ਜੀ.....ਪਾਪਾ ਜੀ।"

"ਹਾਂ, ਹਾਂ ਬੇਟੇ ਦੱਸੋ? ਕੀ ਗੱਲ ਏ? ਪਾਪਾ...ਪਾਪਾ ਬੇਟੀ ਨੇ ਝਿਜਕਦੇ ਝਿਜਕਦੇ ਹੌਲੀ ਜਿਹੀ ਕਿਹਾ।"

ਹਾਂ, ਬੇਟੇ ਗੱਲ ਤਾਂ ਕਰੋ, ਕੀ ਗੱਲ ਏ? ਤੁਸੀ ਘਬਰਾਏ ਹੋਏ ਕਿਉ ਹੋ? ਏਸ ਤਰ੍ਹਾਂ ਕਦੀ ਵੀ ਮੇਰੇ ਨਾਲ ਅਜ ਤਕ ਤੁਸੀ ਗੱਲ ਨਹੀਂ ਕੀਤੀ, ਜਿਸ ਤਰ੍ਹਾਂ ਝਕਦੇ ਹੋਏ, ਸ਼ਰਮਾ ਦੇ ਹੋਏ ਘਬਰਾਹਟ ਵਿੱਚ ਗੱਲ ਕਰ ਰਹੇ ਹੋ, ਬੇਟਾ, ਜਲਦੀ ਦੱਸੋ ਆਖ਼ਿਰ ਬੇਟੇ ਗੱਲ ਹੈ ਕੀ?

"ਪਾਪਾ, ਅਸੀਂ ਇਕ ਗੱਲ ਕਹਿਣਾ ਚਾਹੁੰਦੇ ਹਾਂ।"

"ਬੇਟੇ, ਕੋਈ ਗੱਲ ਦੱਸੋ ਵੀ ਤਾਂ ਸਹੀ। ਗੱਲ ਹੈ ਕੀ? ਜਿਹੜੀ ਏਨੀ ਭੁਲ ਭੁਲੱਈਆਂ ਵਿਚ ਹੈ, ਸਹਿਜ ਵਿਚ ਨਹੀਂ ਕੀਤੀ ਜਾ ਸਕਦੀ। ਦਸੋਂ ਕੀ ਗੱਲ ਏ?"

ਪਾਪਾ, ਅਸੀਂ ਕਹਿਣਾ ਚਾਹੁੰਦੇ ਹਾਂ ਕਿ ਘਰ ਵਿਚ ਤੁਸੀ ਇਕੱਲੇ ਰਹਿੰਦੇ ਹੋ, ਏਡੀ ਵੱਡੀ ਕੋਠੀ ਹੈ, ਨੌਕਰ ਚਾਕਰ ਹਨ, ਏਨੀਂ ਸ਼ਹਿਰ ਵਿਚ ਪ੍ਰਾਪਰਟੀ ਹੈ। ਅਮਰੀਕਾ ਤੁਸੀ ਆਉਣਾ ਨਹੀਂ ਚਾਹੁੰਦੇ। ਕਿਵੇਂ ਟਾਈਮ ਪਾਸ ਕਰਦੇ ਹੋਵੋਗੇ, ਤੁਹਾਡਾ ਖਿਆਲ ਕੌਣ ਰੱਖ ਸਕਦਾ ਹੈ? ਮੰਮਾਂ ਤੋਂ ਬਗੈਰ ਤੁਸੀ ਕਿਵੇਂ ਸਮਾਂ ਬਤੀਤ ਕਰਦੇ ਹੋ? ਮੰਮਾ ਤੁਹਾਡੀ ਹਰ ਖ਼ਾਹਿਸ਼, ਹਰ ਗੱਲ ਦਾ ਖ਼ਿਆਲ ਰੱਖਦੇ ਸੀ, ਨਿੱਕੀ ਨਿੱਕੀ ਗੱਲ ਦਾ ਖ਼ਿਆਲ ਰੱਖਦੇ ਸੀ। ਸਮੇਂ ਸਿਰ ਖਾਣਾ ਦੇਣਾ, ਨੁਹਾਉਣ ਦਾ ਸਾਮਾਨ ਦੇਣਾ, ਪੱਗ ਦੀ ਪੂਣੀ ਕਰਵਾਉਣੀ, ਤੁਹਾਡੀ ਹਰ ਗੱਲ ਦਾ ਖ਼ਿਆਲ ਰੱਖਦੇ ਸੀ। ਮੰਮਾ ਨਾਲ ਤੁਸੀ ਸਾਡੇ ਕੋਲ ਘੁੰਮਣ ਆ ਜਾਂਦੇ ਸੀ। ਹੁਣ ਸਾਡੇ ਕੋਲ ਤੁਸੀ ਆਉਣਾ ਵੀਂ ਨਈਂ ਚਾਹੁੰਦੇ, ਕੀਤਾ ਕੀਤਾ ਜਾਵੇ ਪਾਪਾ?

ਉਹ ਪੁੱਤਰ ਹੌਲੀ, ਹੌਲੀ ਸਭ ਕੁਝ ਠੀਕ ਹੋ ਜਾਂਦਾ ਏ, ਇਹ ਜੀਵਨ ਹੈ ਪੁੱਤਰ, ਇਕ ਨਾ ਇਕ ਦਿਨ ਤਾਂ ਜਾਣਾ ਹੀ ਹੈ, ਨੌਕਰ ਚਾਕਰ ਹਨ। ਮੈਂ ਲਾਇਬ੍ਰੇਰੀ ਚਲਿਆ ਜਾਂਦਾ ਹਾਂ, ਕਲੱਬ ਚਲਿਆ ਜਾਂਦਾ ਹਾਂ, ਸਮਾਜ ਸੇਵੀ ਸੰਸਥਾਵਾਂ ਨਾਲ ਜੁੜਿਆ ਹੋਇਆ ਹਾਂ। ਟਾਈਮ ਪਾਸ ਹੋ ਰਿਹਾ ਹੈ ਏ ਬਸ, ਵਧੀਆ।

ਪਰ, ਪਾਪਾ, ਉਹ ਤਾਂ ਠੀਕ ਏ, ਪਰ ਘਰ ਵਿਚ ਆਉਂਦੇ ਹੋ ਤਾਂ ਫਿਰ ਕਿਵੇਂ ਟਾਈਮ ਪਾਸ ਕਰਦੇ ਹੋ? ਕਈ ਕੰਮ ਆਪ ਖੁਦ ਕਰਦੇ ਹੋ। ਤੁਹਾਡੇ ਕਮਰਿਆਂ ਵਿਚ ਨੌਕਰਾਂ ਦੀ ਦਖਲ ਅੰਦਾਜ਼ੀ ਨਹੀਂ ਹੈ। ਛੋਟੇ-ਛੋਟੇ ਕਮ ਪਾਪਾ, ਮੰਮਾਂ ਦੀ ਯਾਦ ਦਿਲਾਂਦੇ ਹੋਣਵਗੇ। ਏਨੀ ਲੰਬੀ ਉਮਰ ਦਾ ਸਫਰ ਕਿਵੇਂ ਤੈਅ ਕਰੋਗੇ, ਪਾਪਾ।

ਪਰ, ਪੁੱਤਰ ਹੋਰ ਕੀ ਕੀਤਾ ਜਾ ਸਕਦਾ ਏ ਫਿਰ, ਤੁਸੀ ਮੇਰੀ ਚਿੰਤਾ ਨਾ ਕਰੋ, ਹੌਲੀ-ਹੌਲੀ ਸਭ ਠੀਕ ਹੋ ਜਾਵੇਗਾ। ਸਮੇਂ ਨਾਲ ਸਮਝਾਉਤਾ ਕਰਨਾ ਹੀ ਇੰਨਸਾਨੀਅਤ, ਲੰਬੀ ਉਮਰ ਦਾ ਰਾਜ਼ ਹੈ ਪੁੱਤਰ। ਆਦਮੀ ਦਾ ਸੁਭਾਅ ਹੌਲੀ ਹੌਲੀ ਵਾਤਾਵਰਣ ਦੇ ਅਨੁਕੂਲ ਹੋ ਜਾਂਦਾ ਹੈ। ਆਦਮੀ ਆਪਣੀ ਪਤਨੀ ਦੀਆਂ ਯਾਦਾਂ ਤਾਂ ਨਹੀਂ ਭੁਲਾ ਸਕਦਾ ਪਰ ਕੀਤਾ ਵੀ ਕੀ ਜਾ ਸਕਦਾ ਹੈ?

"ਪਰ, ਪਾਪਾ, ਅਸੀ ਤੁਹਾਨੂੰ ਇੱਕ ਗੱਲ ਕਹਿਣੀ ਚਾਹੁੰਦੇ ਹਾਂ?"

"ਉਹ ਪੁੱਤਰ, ਕੋਈ ਗੱਲ ਤਾਂ ਦੱਸੋ? ਐਸੀ ਹੋਰ ਕਿਹੜੀ ਗੱਲ ਹੈ?"

"ਪਾਪਾ, ਤੁਸੀ ਸ਼ਾਦੀ ਕਰ ਲਵੋ! ਅਸਾਂ ਦੋਵਾਂ ਨੇ ਫ਼ੈਸਲਾ ਲਿਆ ਹੈ "ਕਿ ਤੁਸੀ ਸ਼ਾਦੀ ਕਰ ਲਵੋ ਤਾਂ ਕਿ ਤੁਹਾਡਾ ਜੀਵਨ ਸਹੀ ਢੰਗ ਨਾਲ ਬਤੀਤ ਹੋ ਸਕੇ। ਪਾਪਾ, ਅਸੀਂ ਤੁਹਾਡੇ ਕੋਲੋਂ ਕੁਝ ਨਈ ਲੈਣਾ ਚਾਹੁੰਦੇ। ਜਾਇਦਾਦ, ਪੈਸਾ ਸਾਡੇ ਕੋਲ ਬਹੁਤ ਏ, ਪਰਮਾਤਮਾ ਦੀ ਕਿਰਪਾ, ਤੁਹਾਡਾ ਆਸ਼ੀਰਵਾਦ ਏ, ਸਾਡੇ ਕੋਲ ਬਹੁਤ ਕੁਝ ਏ। ਪਲੀਜ਼, ਪਾਪਾ, ਤੁਸੀਂ ਸ਼ਾਦੀ ਕਰ ਲਵੋ। ਅਸੀਂ ਅਗਲੇ ਮਹੀਨੇ ਇੰਡੀਆ ਆ ਰਹੇ ਹਾਂ। ਬੈਠ ਕੇ ਸਾਰੀ ਯੋਜਨਾ ਬਣਾਵਾਂਗੇ।"

"ਬੇਟਾ, ਸ਼ਾਦੀ-ਵਾਦੀ ਹੁਣ ਕੀ ਕਰਨੀ ਏ। ਪੁੱਤਰ ਇਸ ਉਮਰ ਵਿਚ ਮੇਰੇ ਨਾਲ ਕੌਣ ਸ਼ਾਦੀ ਕਰੇਗਾ?

"ਨਹੀਂ, ਪਾਪਾ, ਅਸੀਂ ਆ ਕੇ ਬਾਕੀ ਗੱਲ ਕਰਾਂਗੇ।"

ਅਗਲੇ ਮਹੀਨੇ ਸਤਨਾਮ ਸਿੰਘ ਦੀ ਬੇਟੀ, ਉਸ ਦਾ ਦਾਮਾਦ ਅਤੇ ਇੱਕ ਉਨ੍ਹਾਂ ਦਾ ਬੱਚਾ ਇੰਡਆ (ਘਰ) ਆ ਗਏ। ਬੈਠ ਕੇ ਕਈ ਯੋਜਨਾਵਾਂ ਬਣਾਈਆਂ ਗਈਆਂ। ਸਤਨਾਮ ਸਿੰਘ ਦਾ ਮਨ ਪੱਕਾ ਬਣਾ ਦਿੱਤਾ ਕਿ ਉਹ ਸ਼ਾਦੀ ਕਰ ਲਵੇਗਾ ਅਗਰ ਕੋਈ ਸਹੀ-ਢੁਕਵਾ ਰਿਸ਼ਤਾ ਮਿਲ ਗਿਆ ਤਾਂ।"

ਸਤਨਾਮ ਸਿੰਘ ਦੀ ਬੇਟੀ ਅਤੇ ਦਾਮਾਦ ਨੇ ਵੱਖ-ਵੱਖ ਅਖ਼ਬਾਰਾਂ ਵਿਚ ਕਲਾਸੀਫਾਈਡ ਇਸ਼ਤਿਹਾਰ ਦੇ ਦਿੱਤਾ। ਜਿਸ ਵਿਚ ਸਾਰੀਆਂ ਸ਼ਰਤਾਂ ਲਿਖੀਆਂ ਹੋਈਆਂ ਸਨ।

ਲਗਭਗ ਇਕ ਹਫ਼ਤੇ ਦੇ ਬਾਅਦ ਇਕ ਔਰਤ ਦਾ ਫ਼ੋਨ ਆਇਆ ਉਸ ਨੇ ਕਿਹਾ, "ਕਿ ਮੈਂ ਤੁਹਾਡੇ ਨਾਲ ਮਿਲ ਕੇ ਗੱਲ ਕਰਨਾ ਚਾਹੁੰਦੀ ਹਾਂ।" ਸਮਾਂ ਤੈਅ ਕਰ ਲਿਆ ਗਿਆ।

ਠੀਕ ਸਮੇਂ ਦੇ ਮੁਤਾਬਿਕ ਉਹ ਔਰਤ ਅਪਣੀ ਕਾਰ ਵਿਚ ਇਕ ਕਿਸ਼ੋਰ ਅਵਸਥਾ ਦੀ ਲੜਕੀ ਅਪਣੀ ਧੀ ਨਾਲ ਸਤਨਾਮ ਸਿੰਘ ਦੇ ਘਰ ਆ ਗਈ।

ਉਹਨਾਂ ਉਸ ਔਰਤ ਅਤੇ ਉਸ ਦੀ ਬੇਟੀ ਦੀ ਖ਼ੂਬ (ਆਓ ਭਗਤ) ਸਵਾਗਤ ਕੀਤਾ।

ਉਸ ਔਰਤ ਨੇ ਅਪਣੇ ਬਾਰੇ ਦਸਦਿਆਂ ਕਿਹਾ, ਕਿ ਮੈਂ ਤੁਹਾਡੀ ਸਾਰੀਆਂ ਸ਼ਰਤਾਂ ਪੜ੍ਹ ਲਈਆਂ ਹਨ ਪਰ ਮੇਰੀਆਂ ਵੀ ਕੁੱਝ ਸ਼ਰਤਾਂ ਹਨ।

ਉਹ ਔਰਤ ਇਕ ਕਾਲਿਜ ਵਿੱਚੋਂ ਪ੍ਰਿੰਸੀਪਲ, ਇਸ ਵਰ੍ਹੇ ਹੀ ਸੇਵਾ ਮੁਕਤ ਹੋਈ ਸੀ, ਉਸ ਦਾ ਪਤੀ ਫ਼ੌਜ ਵਿਚ ਅਫ਼ਸਰ ਸੀ ਤੇ ਉਹ ਕੁੱਝ ਸਾਲ ਪਹਿਲਾਂ ਹੀ ਅੱਤਵਾਦੀਆਂ ਦੇ ਕਾਊਟਰ ਸਮੇਂ ਸ਼ਹੀਦ ਹੋ ਗਿਆ ਸੀ।

ਉਸ ਦੀ ਇਕ ਹੀ ਲੜਕੀ ਹੈ ਜੋ ਵਿਆਹੁਣ ਵਾਲੀ ਹੈ। ਉਸ ਔਰਤ ਨੇ ਕਿਹਾ, "ਜੇ ਸਾਡੀ ਸ਼ਾਦੀ ਹੋ ਜਾਏ ਤਾਂ ਇਹ ਲੜਕੀ ਸਾਡੇ ਨਾਲ ਹੀ ਰਵੇਗੀ। ਜੇ ਤੁਸੀ ਮੇਰੀ ਲੜਕੀ ਨੂੰ ਵੀ ਧੀ ਵਾਂਗ ਹੀ ਅਪਣਾ ਲਵੋ ਤਾਂ ਮੈਂ ਇਸ ਰਿਸ਼ਤੇ ਲਈ ਤਿਆਰ ਹਾਂ। ਮੇਰੇ ਕੋਲ ਸਭ ਸਹੂਲਤਾਂ ਹਨ।

ਆਖ਼ਿਰ ਸਤਨਾਮ ਸਿੰਘ ਨੇ ਉਸ ਬੇਟੀ ਨੂੰ ਅਪਣੇ ਗਲੇ ਲਗਾਇਆ ਅਤੇ ਕਿਹਾ, "ਬੇਟੇ, ਅਜ ਮੇਰੀਆਂ ਦੋ ਧੀਆਂ ਹਨ, ਬੇਟੇ ਮੈਨੂੰ ਅਪਣਾ ਬਾਪ ਹੀ ਸਮਝਦਾ। ਮੇਰੀ ਧੀ ਵਾਂਗ ਹੀ ਤੁਸੀ ਮੇਰੀ ਦੂਸਰੀ ਧੀ ਹੋ। ਪਰਮਾਤਮਾ ਨੇ ਮੈਨੂੰ ਦੂਸਰੀ ਧੀ ਇਕ ਸੁੰਦਰ ਉਪਹਾਰ ਵਿਚ ਦਿੱਤੀ ਹੈ। ਮੈਂ ਇਸ ਦੀ ਸ਼ਾਦੀ ਅਪਣੀ ਧੀ ਵਾਂਗ ਹੀ ਕਰਾਂਗਾ।"

ਉਹ ਲੜਕੀ ਉੱਚੀ-ਉੱਚੀ ਬੁਸਕ-ਬੁਸਕ ਕੇ ਰੋਣ ਲੱਗ ਪਈ ਅਤੇ ਉਹ ਔਰਤ ਵੀ ਰੋਣ ਲੱਗ ਪਈ। ਸਾਰਾ ਮਾਹੌਲ ਖੁਸ਼ੀਨੁਮਾ ਹੰਝੂਆਂ ਵਿਚ ਨਵੀਂ ਜ਼ਿੰਦਗੀ ਦੇ ਮੰਗਲਾਚਰਣ ਵਿਚ ਸੁਸ਼ੋਭਿਤ ਹੋ ਉਠਿਆ। ਸਾਰੇ ਮਾਹੌਲ ਵਿਚ ਨਵੇਂ ਰਿਸ਼ਤਿਆਂ ਦਾ ਪਵਿੱਤਰ ਬੰਧਨ ਸ਼ੁਭਕਾਮਨਾ ਦੀ ਦੀਵਾਲੀ ਵਿਚ ਰੰਗਿਆ ਗਿਆ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਰਾਜ ਕਾਕੜਾ ਦਾ ਮਕਸਦ

ਜਦ ਗੀਤਕਾਰ ਬਣ ਸੰਤੁਸ਼ਟੀ ਹੋਏ ਤੇ ਫ਼ਿਰ ਨਾਇਕ ਬਣ ਵੀ ਸਕੂਨ ਤਦ ਕੋਈ ਖਾਸ ਮਕਸਦ ਇਨਸਾਨ ਦਾ ਹੁੰਦਾ ਏ ਤੇ ਰਾਜ ਕਾਕੜਾ ਦਾ ਦਾ ਮਕਸਦ ਪੰਜਾਬ ਦੀ ਸ਼ਾਨ ਆਨ ਤੇ ਸਰਦਾਰੀ ਨੂੰ ਉਤਸ਼ਾਹਿਤ ਕਰਨਾ ਹੈ। ਗੀਤ ਕਾਰੀ ਪੰਜਾਬ ਦੇ ਦਰਦ ਉਭਾਰਦੀ ਏ ਤੇ ਸਟੇਜ ਗਾਇਕੀ ਧਰਮ-ਕਰਮ ਦੇ ਪੱਕੇ ਹੋਣ ਵੱਲ ਰਾਜ ਕਾਕੜਾ ਦੀ ਇਸ਼ਾਰਾ ਕਰਦੀ ਹੈ। ਕਾਫ਼ੀ ਦੇਰ ਹੋ ਗਈ ਏ ਉਮੀਦ ਏ ਰਾਜ ਕਾਕੜਾ ਫ਼ਿਲਮ ਨਿਰਮਾਣ ਵੱਲ ਪਰਤਣਗੇ।









### ਯੋਗਰਾਜ ਤੇ ਸਰਤਾਜ 'ਸ਼ਾਇਰ'

ਸਤਿੰਦਰ ਸਰਤਾਜ ਗਾਣਾ ਕਰਨਗੇ ਵੱਖਰਾ, ਫ਼ਿਲਮ ਕਰਨਗੇ ਵੱਖਰੀ ਤੇ ਨੀਰੂ ਬਾਜਵਾ ਨੇ 'ਸ਼ਾਇਰ' ਲਈ ਸਰਤਾਜ ਦੀ ਚੋਣ ਤੇ ਖੁਸ਼ੀ ਪ੍ਰਗਟ ਕੀਤੀ ਹੈ। ਯੋਗਰਾਜ ਸਿੰਘ ਨੇ ਪੁਰਾਣੇ ਬਾਪੂ ਦਾ ਕੰਮ 'ਸ਼ਾਇਰ' 'ਚ ਬਾਖੂਬੀ ਕੀਤਾ ਹੈ। ਸ੍ਰੀ ਗੰਗਾਨਗਰ ਵਿਖੇ ਸ਼ੂਟਿੰਗ ਪੂਰੀ ਹੋ ਗਈ ਹੈ। ਮਨੀਸ਼ ਸਾਹਨੀ ਕਹਿ ਰਹੇ ਹਨ ਕਿ ਵੱਖਰੀ ਕਿਸਮ ਦੀ ਪੰਜਾਬੀ ਫ਼ਿਲਮ ਸਨਅਤ ਵਿਕਸਤ ਹੋ ਰਹੀ ਹੈ ਤੇ 'ਸ਼ਾਇਰ' ਇਸਦੀ ਕੜੀ ਹੈ।

### 'ਮੈਂ ਤੇਰੀ ਤੂੰ ਮੇਰਾ' ਆ ਜਾਂਦੀ ਤਾਂ

ਸਮਾਂ ਹੱਥੋਂ ਗਿਆ ਦੂਰ ਜਾ ਪੈਂਦਾ ਹੈ। ਸਾਗਰ ਨੇ 'ਮੈਂ ਤੇਰੀ ਤੂੰ ਮੇਰਾ ਬਣਾ ਕਿ ਸੈਂਸਰ ਕਰਵਾ ਲਈ ਸੀ ਪਰ ਇੱਕ ਭੁੱਲ ਨੇ ਗੁਰਦੀਪ ਸੰਧੂ ਦੀ ਇਸ ਬੈਸਟ ਫ਼ਿਓਮਪ;ਲਮ ਦਾ ਟਾਈਟਲ ਰੌਸ਼ਨ ਪ੍ਰਿੰਸ਼ ਹੋਣਾ ਨੂੰ ਦੇ ਦਿੱਤਾ। ਹੁਣ 'ਸ਼ੋਅਲੇ' ਟਾਈਪ ਬਣੀ ਇਹ ਫ਼ਿਲਮ ਪੂਰਨ ਪੱਡਾ ਦੋਬਾਰਾ 'ਇਸ਼ਕ ਮੁਹੱਬਤ' ਦੇ ਨਾਂਅ ਤੇ ਨਵੇਂ ਗੀਤਾਂ ਤੇ ਤਬਦੀਲੀਆਂ ਨਾਲ ਲਾਉਣ ਲਈ ਤਿਆਰੀ ਕਰ ਰਹੇ ਹਨ। ਫ਼ਿਲਮ ਵਧੀਆ ਬਣੀ ਹੈ।





### ਐਕਟਰ ਦਰਸ਼ਨ ਔਲਖ

ਆਪਾਂ ਦਰਸ਼ਨ ਔਲਖ ਨੂੰ ਐਕਟਰ ਵਜੋਂ ਇਥੇ ਪੇਸ਼ ਕਰ ਰਹੇ ਹਾਂ ਤਾਂ 'ਮਿਰਜ਼ਾ ਜੱਟ' ਉਸਦੀ ਪਹਿਲੀ ਫ਼ਿਲਮ ਸੀ। 'ਸੁੱਖਾ' 'ਚ ਚੰਗਾ ਕੰਮ ਮਿਲਿਆ ਤੇ 'ਅੱਜ ਦੇ ਰਾਂਝੇ' 'ਚ ਤਕਰੀਬਨ ਹੀਰੋ ਸਨ। ਤਕਰੀਬਨ ਹਰ ਸਟਾਰ ਨਾਲ ਦਰਸ਼ਨ ਔਲਖ ਨੇ ਐਕਟਿੰਗ ਕੀਤੀ ਹੈ। ਐਂਕਰਿੰਗ ਵੀ ਕੀਤੀ ਹੈ ਤੇ ਰੇਖਾ, ਪ੍ਰੀਟੀ ਜਿੰਟਾ, ਸਲਮਾਨ ਖਾਂ, ਰਿਸ਼ੀ ਕਪੂਰ ਨਾਲ ਵੀ ਕੰਮ ਕੀਤਾ ਹੈ । ਹੁਣ ਹਾਲੀਵੁੱਡ ਤੱਕ ਵੀ ਐਕਟਿੰਗ ਕੀਤੀ ਹੈ। ਹੁਣ ਲੋੜ ਦਰਸਨ ਔਲਖ ਨੂੰ 'ਬੈਸਟ ਐਕਟਰ ਨੈਸ਼ਨਲ ਫ਼ਿਲਮ ਐਵਾਰਡ ਦੀ ਹੈ।

### 'ਸਾਰਾ ਪਿੰਡ' ਪੰਮਾ ਮੱਲੀ ਦਾ

ਯ ਮ ਦ੍ ਤ ਰਿਕਾਰਡਜ ਨੇ ਪੰਮਾ ਮੱਲ੍ਹੀ ਨੂੰ 'ਸਲੂਟ' ਦੋਗਾਣੇ ਤੋਂ ਬਾਅਦ 'ਸਾਰਾ ਪਿੰਡ' ਦੋਗਾਣੇ ਨਾਲ ਪੇਸ਼ ਕਰਨ ਦੀ ਤਿਆਰੀ ਪੂਰੀ ਕਰ ਲਈ ਹੈ। ਜੋਸੀ ਰਾਜਪੁਰੀਆ ਦੀ ਕਲਮ ਲਈ ਜੈ ਸਿੱਧੂ ਦੇ ਮਿੱਠੇ ਸੰਗੀਤ ਨੇ ਪੰਮਾ ਮੱਲ੍ਹੀ ਦੀ ਅਵਾਜ ਜੀ ਨੂਰ ਦੇ ਨਾਲ ਦਿਲਕਸ ਬਣਾ ਕਿ ਪੇਸ਼ ਕੀਤੀ ਹੈ। ਜੋਤ ਹਰਜੋਤ ਦੇ ਵੀਡਿਓ ਨਾਲ 'ਸਾਰਾ ਪਿੰਡ' ਹਰ ਪੰਜਾਬੀ ਚੈਨਲ ਤੇ ਨਜ਼ਰ ਆਏਗਾ।

### ਮਾਨਾਂਵਾਲਾ ਦਾ 'ਨਗਾਰਾ ਟੀ.ਵੀ'

ਤਰੱਕੀ ਸਭ ਲਈ ਜਰੂਰੀ ਹੈ। ਉਮਰ ਭਰ ਮੇਲਿਆਂ ਦੀ ਪੇਸ਼ਕਾਰੀ, ਟੀ.ਵੀ. ਤੇ 'ਅਖਾੜਾ' ਪੇਸ਼ ਕਰਨਾ ਤੇ ਫ਼ਿਰ ਫ਼ਿਲਮਾਂ ਵੱਲ ਆਏ ਕੰਵਲਜੀਤ ਮਾਨਾਂਵਾਲਾ ਨੇ ਹੁਣ ਵਿਸ਼ਵ ਵਿਆਪੀ ਪੰਜਾਬੀ ਸੈਟੇਲਾਈਟ ਟੀ.ਵੀ. ਚੈਨਲ 'ਨਗਾਰਾ ਟੀ.ਵੀ' ਨੂੰ ਭਾਰਤ ਤੇ ਪੰਜਾਬ ਭਰ 'ਚ ਪ੍ਰਸਿੱਧ ਕਰਨ ਲਈ ਯੋਜਨਾ ਬਣਾਈ ਹੈ । ਸੰਮੀ ਖਾਨ -ਅਮਰ ਨਿਮਾਣਾ ਇਸ ਵੱਡੇ ਕਾਰਜ 'ਚ ਕੰਵਲਜੀਤ ਮਾਨਾਂਵਾਲਾ ਦਾ ਸਾਥ ਦੇਣਗੇ।




# ਭਾਰਤ ਨੇ ਹਾਂਗਜ਼ੂ ਏਸ਼ਿਆਈ ਖੇਡਾਂ 'ਚ ਆਸ ਤੋਂ ਵੱਧ ਤ.ਗਮਿਆਂ ਨੂੰ ਫੁੰਡਿਆ

ਏਸ਼ਿਆਈ ਖੇਡਾਂ 2023 ਹਾਂਗਝੂ ਵਿੱਚ ਭਾਰਤ ਨੇ ਨਵਾਂ ਰਿਕਾਰਡ ਸਥਾਪਤ ਕਰਕੇ 28 ਸੋਨੇ , 38 ਚਾਂਦੀ ਅਤੇ 41 ਕਾਂਸੀ ਦੇ ਕੁਲ107 ਤ.ਗਮੇ ਜਿੱਤ ਕੇ ਚੌਥਾ ਸਥਾਨ ਪ੍ਰਾਪਤ ਕਰ ਕੇ ਅਗਲੇ ਸਾਲ ਪੈਰਿਸ 'ਚ ਹੋਣ ਵਾਲੀਆਂ ਉਲਿੰਪਿਕ ਖੇਡਾਂ ਲਈ ਵੀ ਇਸ ਤਰ੍ਹਾਂ ਦੀ ਕਾਰਗੁਜ਼ਾਰੀ ਲਈ ਰਾਹ ਖੋਲ੍ਹ ਦਿੱਤੇ ਹਨ । ਪੰਜਾਬ ਨੇ ਇਨ੍ਹਾਂ ਖੇਡਾਂ ਵਿੱਚ ਪਿਛਲੇ 72 ਸਾਲਾਂ ਦੇ ਰਿਕਾਰਡ ਨੂੰ ਤੋੜਦਿਆਂ 8 ਸੋਨ , 6 ਚਾਂਦੀ ,ਅਤੇ 5 ਕਾਂਸੀ ਦੇ ਤ.ਗਮੇ ਜਿੱਤ ਕੇ ਨਵੀਂ ਸ਼ੁਰੂਆਤ ਕਰਕੇ ਪੰਜਾਬ 'ਚ ਖੇਡਾਂ ਦੇ ਭਵਿੱਖ ਨੂੰ ਨੋਜਵਾਨਾਂ ਲਈ ਸ਼ਾਨਦਾਰ ਰਾਹ ਬਣਾਉਣ ਦਾ ਸ਼ੁਭ ਸੰਕੇਤ ਦਿੱਤਾ ਹੈ ।ਨਿਸ਼ਾਨੇਬਾਜ਼ੀ ਵਿੱਚ ਭਾਰਤ ਨੇ 22 ਤ.ਗਮੇ ਜਿੱਤ ਕੇ ਨਵਾਂ ਇਤਿਹਾਸ ਰਚਿਆ ਹੈ। ਪੰਜਾਬ ਦੀ ਸਿਫ਼ਤ ਕੌਰ ਸਮਰਾ ਨੇ ਨਿਸ਼ਾਨੇਬਾਜ਼ੀ ਵਿੱਚ ਇੱਕ ਸੋਨੇ ਅਤੇ ਇੱਕ ਚਾਂਦੀ ਦਾ ਤ.ਗਮਾ ਜਿੱਤ ਕੇ ਕੁੜੀਆਂ ਨੂੰ ਉੱਜਲੇ ਭਵਿੱਖ ਲਈ ਖੇਡਾਂ 'ਚ ਵੀ ਆਪਣੀਆਂ ਮਨ ਪਸੰਦ ਦੀਆਂ ਖੇਡਾਂ ਵਿੱਚ ਭਾਗ ਲੈਣ ਦਾ ਸੰਦੇਸ਼ ਤਾਂ ਦਿੱਤਾ ਹੈ। ਹੋਰ ਖੇਡਾਂ 'ਚ ਵੀ ਕੁੜੀਆਂ ਤ.ਗਮੇ ਲੈ ਕੇ ਅੱਗੇ ਆਈਆਂ ਹਨ। ਭਾਰਤੀ ਕੁੜੀਆਂ 'ਚ ਪੰਜਾਬ ਸੂਬੇ ਦੀਆਂ ਕੁੜੀਆਂ ਨੇ ਹੁਣ ਸਾਰੀਆਂ ਖੇਡਾਂ ਵਿੱਚ ਆਪਣੀ ਥਾਂ ਬਿਹਤਰ ਬਣਾਉਣੀ ਸ਼ੁਰੂ ਕਰ ਦਿੱਤੀ ਹੈ । ਇਸ ਤੋਂ ਪਹਿਲਾਂ ਪੰਜਾਬ ਆਪਣੇ ਗੁਆਂਢੀ ਰਾਜਾਂ ਤੋਂ ਖੇਡਾਂ ਵਿੱਚ ਪਛੜਿਆ ਹੋਇਆ ਸੀ ਜੋ ਹੁਣ ਚੰਗੇ ਪ੍ਰਦਰਸ਼ਨ ਸਦਕਾ ਆਸ ਹੈ ਕਿ ਭਵਿੱਖ ਵਿੱਚ ਦੇਸ਼ ਅੰਦਰ ਆਪਣਾ ਨਾਮ ਹੋਰ ਉੱਚਾ ਕਰੇਗਾ।

ਖੇਡ ਮੈਦਾਨ ਵਿੱਚੋਂ ਬਹੁਤ ਸਾਰੀਆਂ ਚੰਗੀਆਂ ਗੱਲਾਂ ਦਾ ਪਤਾ ਲੱਗਦਾ ਹੈ ਜਿਨ੍ਹਾਂ 'ਚੋਂ ਅਨੁਸ਼ਾਸ਼ਨ ਅਤੇ ਸਹਿਣਸ਼ੀਲਤਾ ਪ੍ਰਮੁੱਖ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਟੀਮਾਂ ਵਿੱਚ ਵੱਖੋ-ਵੱਖਰੇ ਸੂਬਿਆਂ ਦੇ ਖਿਡਾਰੀ ਹੋਣ ਦੇ ਬਾਵਜੂਦ ਉਹ ਪੂਰੇ ਤਾਲਮੇਲ ਨਾਲ ਖੇਡਦੇ ਹਨ।ਉਹ ਆਪਸ ਵਿੱਚ ਭੈਣ ਭਰਾਵਾਂ ਵਾਂਗ ਰਹਿੰਦੇ ਹਨ।ਇਸ ਤਰ੍ਹਾਂ ਦੇਸ਼ ਦੀ ਰਾਸ਼ਟਰੀ ਏਕਤਾ ਵਿੱਚ ਮਜਬੂਤੀ ਆਉਂਦੀ ਹੈ।ਇਹ ਇਨ੍ਹਾਂ ਮੈਚਾਂ 'ਚ ਭਾਰਤੀ ਹਾਕੀ ਟੀਮਾਂ ਨੇ ਕਰਕੇ ਵੀ ਦਿਖਾਇਆ ਹੈ।ਓਡੀਸਾ ਸਰਕਾਰ ਨੇ 1918 ਵਿਚ ਪਹਿਲ ਕਦਮੀ ਕਰਕੇ ਹਾਕੀ ਇੰਡੀਆ ਨੂੰ ਪੰਜ ਸਾਲ ਲਈ ਸਪਾਂਸਰਸ਼ਿਪ ਕਰਕੇ ਜ਼ਮੀਨੀ ਪੱਧਰ ਤੋਂ ਮੁੜ ਹਾਕੀ ਨੂੰ ਉੱਚਾ ਚੁੱਕਣ ਦਾ ਉਪਰਾਲਾ ਕੀਤਾ ਜਿਸ ਦਾ ਸਿੱਟਾ ਸਾਡੇ ਸਾਹਮਣੇ ਹੈ ।ਇਸੇ ਕਰਕੇ ਸੂਬਾ ਸਰਕਾਰ ਨੇ 2033 ਤੱਕ ਇਹ ਸਪਾਂਸ-ਰਸ਼ਿਪ ਵਧਾ ਦਿੱਤੀ ਹੈ ।ਇਸੇ ਤਰ੍ਹਾਂ ਹੀ ਦੂਜੀਆਂ ਖੇਡਾਂ ਨੂੰ ਸੂਬਿਆਂ ਵਲੋਂ ਸਪਾਂਸਰਸ਼ਿਪ ਦੇ ਕੇ ਹੋਰ ਬੁਲੰਦੀਆਂ ਵੱਲ ਜਾਣ ਲਈ ਰਾਹ ਪੱਧਰਾ ਕਰਨਾ ਚਾਹੀਦਾ ਹੈ। ਅੱਜ ਕੱਲ ਪੜ੍ਹਾਈ ਦੇ ਨਾਲ ਖੇਡਾਂ ਨੂੰ ਜੋੜ ਕੇ ਪੜ੍ਹਾਇਆ ਜਾਣ ਲੱਗਾ ਹੈ ।ਬੱਚੇ ਦੀ ਮੁਢਲੀ ਪ੍ਰਬਿਰਤੀ ਆਮ ਤੌਰ ਤੇ ਖੇਡਣ ਨਾਲ ਜੁੜੀ ਹੁੰਦੀ ਹੈ। ਸ਼ੁਰੂ ਤੋਂ ਹੀ ਬੱਚੇ ਲਈ ਸਭ ਤੋਂ ਪਹਿਲਾਂ ਉਸ ਦਾ ਮਨ ਪਰਚਾਉਣ ਲਈ ਖਿਡਾਉਣਿਆਂ ਦਾ ਸਹਾਰਾ ਲਿਆ ਜਾਂਦਾ ਸੀ,ਇਹ ਹੁਣ ਵੀ ਲਿਆ ਜਾਂਦਾ ਹੈ ,ਜਿਸ ਨੂੰ ਹੁਣ 'ਪਲੇ ਸਕੂਲ' ਨੇ ਪੜ੍ਹਾਉਣ ਲਈ ਵਰਤਨਾ ਸ਼ੁਰੂ ਕਰ ਦਿੱਤਾ ਹੈ ।ਇਹ ਖੇਡਾਂ ਦਿਮਾਗੀ ਵਿਕਾਸ ਦੇ ਨਾਲ ਸਰੀਰਕ ਵਿਕਾਸ ਲਈ ਵੀ ਜਰੂਰੀ ਹਨ।ਜ਼ਿੰਦਗੀ ਵਿੱਚ ਖੇਡਾਂ ਨਾਲ ਮਨ ਦੀ ਖੁਸ਼ੀ ਦਾ ਅਨੋਖਾ ਅਹਿਸਾਸ ਹੁੰਦਾ ਹੈ।ਇਸੇ ਲਈ ਗੁਰੂ ਸਾਹਿਬਾਨ ਨੇ ਆਖਿਆ ਹੈ ,ਉਨਚਣੁ ਕੁਦਣੁ ਮਨ ਕਾ ਚਾਉ''।ਸੋ ਖੇਡਾਂ ਖੇਡਣਾ ਜ਼ਿੰਦਗੀ ਦਾ ਅਹਿਮ ਅੰਗ ਹੈ।ਸਰੀਰਕ ਤੰਦਰੁਸਤੀ ਬਾਰੇ ਕਿਸੇ ਨੇ ਠੀਕ ਹੀ ਕਿਹਾ ਹੈ ਕਿ,ਉਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਦਿਮਾਗ ਹੁੰਦਾ ਹੈ''।ਇਸ ਲਈ ਦੇਸ਼ ਦੇ ਬੱਚਿਆਂ ਦੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਪਵੇਗਾ ਤਾਂ ਹੀ ਉਨ੍ਹਾਂ ਦੇ ਦਿਮਾਗ ਤੰਦਰੁਸਤ ਹੋਣਗੇ।ਅੱਜ ਦੀ ਇਸ ਪਨੀਰੀ ਨੇ ਕੱਲ੍ਹ ਦੇ ਨੇਤਾ ਬਣਨਾ ਹੈ ਅਤੇ ਦੇਸ਼ ਨੂੰ ਉੱਚੀਆਂ ਬੁਲੰਦੀਆਂ ਤੇ ਲਿਜਾਣਾ ਹੈ। ਇਹ ਸਭ ਤਾਂ ਹੀ ਹੋ ਸਕਦਾ ਹੈ ਜੇ ਦੇਸ਼ ਦਾ ਦਿਮਾਗ ਭਾਵ ਸਾਡੇ ਦੇਸ਼ ਦੇ ਨੇਤਾਵਾਂ ਦਾ ਦਿਮਾਗ ਤੰਦਰੁਸਤ ਹੋਵੇਗਾ ਤਾਂ ਹੀ ਸਹੀ ਫੈਸਲੇ ਹੋਣ ਦੀ ਸੰਭਾਵਨਾ ਹੈ। ਆਮ ਬੱਚਿਆਂ ਅੰਦਰ ਖੇਡਾਂ ਪ੍ਰਤੀ ਰੁਚੀ ਘਟਦੀ ਜਾ ਰਹੀ ਹੈ।ਟੈਲੀਵੀਜ਼ਨ ਅਤੇ ਕੇਬਲ ਟੀ.ਵੀ., ਮੋਬਾਇਲ ਆਦਿ ਨੇ ਬੱਚਿਆਂ ਦੇ ਖੇਡ ਸਮੇਂ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ।ਪਰ ਫਿਰ ਵੀ ਹੁਣ ਮਾਪੇ ਬੱਚਿਆਂ ਪ੍ਰਤੀ ਸੁਚੇਤ ਹੋ ਰਹੇ ਹਨ, ਉਨ੍ਹਾਂ ਨੂੰ ਖੇਡ ਜਗਤ ਵਿੱਚ ਵਿੱਚ ਵੀ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਦਿਖਾਈ ਦੇਣ ਲੱਗਾ ਹੈ। ਏਸ਼ੀਆ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਪੰਜਾਬ ਸਰਕਾਰ ਵਲੋਂ ਅੱਠ-ਅੱਠ ਲੱਖ ਪਹਿਲਾਂ ਹੀ ਦੇਣੇ ਵੀ ਵਧੀਆ ਸ਼ੁਰੂਆਤ ਹੈ ਜਿਸ ਦੇ ਨਤੀਜੇ ਸਾਰਥਕ ਨਿਕਲੇ ਹਨ ਅਤੇ ਅੱਗੇ ਤੋਂ ਵੀ ਨਿਕਲਣਗੇ। ਸਰਕਾਰ ਵਲੋਂ ਕਰੋੜਾਂ ਦੇ ਇਨਾਮ ਅਤੇ ਸਰਕਾਰੀ ਨੌਕਰੀਆਂ ਜੇਤੂ ਖਿਡਾਰੀਆਂ ਨੂੰ ਦਿੱਤੇ ਜਾਣ ਲੱਗੇ ਹਨ ਜੋ ਦੇਸ਼ ਦਾ ਵਿਸ਼ੇਸ਼ ਤੌਰ ਤੇ ਪੰਜਾਬ ਰਾਜ ਦਾ ਨਾਮ ਦੁਨੀਆਂ ਅੰਦਰ ਰੋਸ਼ਨ ਕਰਦੇ ਹਨ । ਸੂਬਾ ਸਰਕਾਰ ਨੇ ਸੂਬੇ ਅੰਦਰ 'ਖੇਡਾਂ ਵਤਨ ਪੰਜਾਬ ਦੀਆਂ'ਅਧੀਨ ਬਲਾਕ ਪੱਧਰ ਤੋਂ ਲੈ ਕੇ ਸਟੇਟ ਪੱਧਰ ਤੱਕ ਖੇਡਾਂ ਕਰਵਾਉਣ ਦਾ ਵਧੀਆ ਕਦਮ ਪੁੱਟਿਆ ਹੈ। ਜਿਸ ਦਾ ਉਦੇਸ਼ ਹਰੇਕ ਪੰਜਾਬੀ ਨੂੰ ਖੇਡਾਂ ਨਾਲ ਜੋੜਨਾ ਹੈ। ਜਿਸ ਨਾਲ ਖਿਡਾਰੀਆਂ ਦੀ ਕਾਰਗੁਜ਼ਾਰੀ 'ਚ ਨਿਖਾਰ ਆਵੇਗਾ। ਖੇਡਾਂ ਦੇਸ਼ ਦੀ ਨੌਜਵਾਨੀ ਦੀ ਊਰਜਾ ਨੂੰ ਚੰਗੇ ਪਾਸੇ ਲਾਉਣ ਲਈ ਇੱਕ ਅਹਿਮ ਸਾਧਨ ਹਨ।ਬਹੁਤ ਸਾਰੇ ਅੰਤਰ-ਰਾਸਟਰੀ ਖਿਡਾਰੀਆਂ ਨੇ ਸਾਡੇ ਦੇਸ਼ ਦਾ ਨਾਂ ਦੁਨੀਆਂ ਵਿੱਚ ਰੋਸ਼ਨ ਕੀਤਾ ਹੈ।ਪਿਛੇ ਹੀ ਹਾਕੀ ਟੀਮ ਨੇ ਏਸ਼ੀਆ ਚੈਂਪੀਅਨ ਵਿੱਚ ਕਾਂਸ਼ੀ ਦਾ ਤ.ਗਮਾ ਜਿੱਤ ਕੇ ਖੇਡਾਂ ਵਿੱਚ ਨਵੀਂ ਥਾਂ ਬਣਾਈ ਸੀ।ਇਸ ਟੀਮ ਵਿੱਚ ਬਹੁਤਾਤ ਖਿਡਾਰੀ ਪੰਜਾਬ ਦੇ ਸਨ ,ਇਸ ਲਈ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਕੇ ਹੋਰ ਵੀ ਵਧੀਆ ਪ੍ਰਾਪਤੀਆਂ ਦੀਆਂ ਸੰਭਾਵਨਾਵਾਂ ਹਨ ਜੋ ਉਨ੍ਹਾਂ ਹਾਂਗਝੂ ਏਸ਼ੀਆ ਗੇਮਜ਼ ਵਿਖੇ ਕਰ ਦਿਖਾਇਆ ਹੈ ।ਜਲੰਧਰ ਵਿਖੇ ਸੁਰ-ਜੀਤ ਹਾਕੀ ਅਕੈਡਮੀ ਨੇ ਹਾਕੀ ਦੀ ਪਨੀਰੀ ਤਿਆਰ ਕਰਨ ਲਈ ਅਹਿਮ ਰੋਲ ਨਿਭਾਇਆ ਹੈ ਜਿਸ ਸਦਕਾ ਹਾਕੀ ਦੇ ਖਿਡਾਰੀ ਅਕੈਡਮੀ ਵਲੋਂ ਭਾਰਤੀ ਹਾਕੀ ਟੀਮ ਨੂੰ ਦੇਣ ਦਾ ਮਾਣ ਪ੍ਰਾਪਤ ਹੋਇਆ ਹੈ , ਜੋ ਪੰਜਾਬ ਸਰਕਾਰ ਨੂੰ ਇਸ ਅਕੈਡਮੀ ਦੀ ਹਰ ਮਦਦ ਕਰਕੇ ਭਵਿੱਖ 'ਚ ਖੇਡਾਂ ਲਈ ਸ਼ੁਭ ਸ਼ੁਰੂਆਤ ਕਰਨੀ ਚਾਹੀਦੀ ਹੈ।ਭਾਰਤੀ ਹਾਕੀ ਟੀਮ (ਮਰਦ) ਨੇ ਏਸ਼ੀਅਨ ਚੈਂਪੀਅਨਜ਼ ਟਰਾਫੀ (2023) ਮਲੇਸੀਆ ਨੂੰ 4-3 ਗੋਲਾਂ ਨਾਲ ਹਰਾ ਕੇ ਪ੍ਰਾਪਤ ਕਰਕੇ ਦੇਸ਼ ਦਾ ਨਾਮ ਉੱਚਾ ਕੀਤਾ ਹੈ ।ਹੁਣੇ ਏਸ਼ੀਅਨ ਖੇਡਾਂ 2023 ਵਿੱਚ ਮਰਦਾਂ ਨੇ ਸੋਨੇ ਅਤੇ ਲੜਕੀਆਂ ਦੀ ਹਾਕੀ ਟੀਮ ਨੇ ਕਾਂਸ਼ੀ ਦੇ ਤ.ਗਮੇ ਹਾਸ਼ਲ ਕਰਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ । ਦੇਸ਼ ਲਈ ਹਾਕੀ ਦਾ ਭਵਿੱਖ ਵਧੇਰੇ ਚਮਕਦਾ ਲੱਗਦਾ ਹੈ । ਇਸ ਖੇਡ ਨੂੰ ਪ੍ਰਫੁਲਤ ਹੋਣ ਲਈ ਪੰਜਾਬ ਅੰਦਰ ਹਾਕੀ ਦੇ ਨਵੇਂ ਖਿਡਾਰੀ ਪੈਦਾ ਕਰਨ ਲਈ ਕਈ ਖੇਡ ਅਕਾਡਮੀਆਂ ਸਰਗਰਮ ਹਨ । ਕਈ ਸਕੂਲਾਂ ਵਿੱਚ ਵੀ ਹਾਕੀ ਨੂੰ ਪ੍ਰਮੋਟ ਕਰਨ ਲਈ ਵਧੀਆ ਉਪਰਾਲੇ ਕੀਤੇ ਜਾ ਰਹੇ ਹਨ । ਨਾਭਾ ਸ਼ਹਿਰ ਦੇ ਨੇੜਲੇ ਪਿੰਡ ਸ.ਹ.ਸ. ਥੂਹੀ ਵਿਖੇ ਡੀ.ਪੀ.ਈ. ਹਰਿੰਦਰ ਸਿੰਘ ਗਰੇਵਾਲ ਰਾਸਟਰਪਤੀ ਐਵਾਰਡ ਪ੍ਰਾਪਤ ਅਧਿਆਪਕ ਵਲੋਂ ਬੱਚਿਆਂ ਨੂੰ ਖੇਡਾਂ ਲਈ ਮਿਸਾਲੀ ਕੋਚਿੰਗ ਦੇ ਕੇ ਰਾਸਟਰੀ ਪੱਧਰ ਤੇ ਇਨਾਮ , ਸਨਮਾਨ ਬੱਚਿਆਂ ਨੂੰ ਪ੍ਰਾਪਤ ਕਰਾ ਚੁੱਕੇ ਹਨ । ਹੋਰਾਂ ਅਧਿਆਂਪਕਾਂ ਲਈ ਉਹ ਪ੍ਰੇਰਨਾ-ਸ੍ਰੋਤ ਬਣੇ ਹੋਏ ਦਿਲੋਂ ਕੰਮ ਕਰ ਰਹੇ ਹਨ।

ਪੰਜਾਬਸਰਕਾਰ ਨੇ 'ਖੇਡਾਂ ਵਤਨ ਪੰਜਾਬ ਦੀਆਂ' ਸ਼ੁਰੂ ਕਰਕੇ ਹੇਠਲੇ ਪੱਧਰ ਤੇ ਹਰੇਕ ਨੂੰ ਨੂੰ ਉਸਾਰੂ ਰਵਈਆ ਰੱਖ ਕੇ ਹੋਰ ਵਧੀਆ ਪ੍ਰਾਪਤੀਆਂ ਕਰਨ 'ਚ ਮੋਹਰੀ ਹੋਣ ਲਈ ਹੋਰ ਖੇਡਾਂ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪਵੇਗਾ ਅਤੇ ਖਿਡਾਰੀਆਂ ਨੂੰ ਹੋਰ ਵਧੇਰੇ ਸਹੂਲਤਾਂ ਦੇ ਕੇ ਮੁਕਾਬਲੇ ਦੇ ਖਿਡਾਰੀ ਬਣਾਉਣੇ ਪੈਣਗੇ,ਜਿਸ ਨਾਲ ਪੰਜਾਬ ਦੇ ਨੋਜਵਾਨ ਨਸ਼ਿਆਂ ਨੂੰ ਤਿਲਾਂਜਲੀ ਦੇ ਕੇ ਵਧੀਆ ਜ਼ਿੰਦਗੀ ਜਿਊਣ ਦੇ ਸੁਪਨੇ ਲੈਣੇ ਸ਼ੁਰੂ ਕਰਨਗੇ , ਇਨ੍ਹਾਂ ਖੇਡਾਂ 'ਚ ਲੜਕੀਆਂ ਦੇ ਬੇਹਤਰ ਪ੍ਰਦਰਸ਼ਨ ਨੂੰ ਦੇਖਦੇ ਹੋਏ ਹੁਣ ਵਧੇਰੇ ਲੜਕੀਆਂ ਦੇ ਖੇਡਾਂ ਵੱਲ ਰੁਝਾਣ ਵੱਧਣ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ।



ਮੇਜਰ ਸਿੰਘ ਨਾਭਾ
91-94635-53962

ਬੱਚਿਆਂ ਨੂੰ ਖੇਡਾਂ ਵੱਲ ਰੁਚਿਤ ਕਰਨ ਲਈ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਖੇਡ ਮੁਕਾਬਲਿਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।ਬੱਚਾ ਕੱਚੀ ਕਲੀ ਵਾਂਗ ਹੁੰਦਾ ਹੈ,ਉਸ ਨੂੰ ਜਿਧਰ ਮਰਜ਼ੀ ਮੋੜ ਲਵੋ।ਖੇਡਾਂ ਵਿੱਚ ਰਾਸਟਰੀ, ਅੰਤਰਰਾਸਟਰੀ ਪੱਧਰ ਦੀਆਂ ਪ੍ਰਾਪਤੀਆਂ ਵਾਲੇ ਖਿਡਾਰੀਆਂ ਦੀਆਂ ਜੀਵਨੀਆਂ ਵੱਧ ਤੋਂ ਵੱਧ ਸਿਲੇਬਸ ਵਿੱਚ ਸਾਮਲ ਕਰਕੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਲਾਹੇਵੰਦ ਹੋ ਸਕਦੀਆਂ ਹਨ।ਖੇਡ ਵਿਭਾਗ ਨੂੰ ਵੀ ਬੱਚਿਆ ਲਈ ਖੇਡ ਸਹੂਲਤਾਂ ਪ੍ਰਦਾਨ ਕਰਨ ਵਿੱਚ ਖੁੱਲ੍ਹਦਿਲੀ ਦਿਖਾਉਣੀ ਚਾਹੀਦੀ ਹੈ।ਭਾਵੇਂ ਸਕੂਲਾਂ ਵਿੱਚ ਸਰੀਰਕ ਸਿੱਖਿਆ ਦਾ ਵਿਸ਼ਾ ਲਾਜ਼ਮੀ ਤੌਰ'ਤੇ ਸ਼ੁਰੂ ਹੋ ਚੁੱਕਾ ਹੈ।ਪਰ ਬਹੁਤੇ ਸਕੂਲਾਂ ਵਿੱਚ ਬੱਚੇ ਇਸ ਵਿਸ਼ੇ ਦੀ ਥਿਊਰੀ ਨੂੰ ਪੜ੍ਹਨ ਤੱਕ ਸੀਮਤ ਰਹਿੰਦੇ ਹਨ,ਪ੍ਰੈਕਟੀਕਲ ਅੰਕ ਜੋ ਅੱਧ ਤੋਂ ਵੱਧ ਹੁੰਦੇ ਹਨ, ਲਈ ਖੇਡਾਂ ਖਿਡਾਈਆਂ ਹੀ ਨਹੀਂ ਜਾਂਦੀਆਂ,ਸਗੋਂ ਐਵੇਂ ਹੀ ਪ੍ਰੈਕਟੀਕਲ ਦੇ ਅੰਕ ਖਾਨਾ-ਪੂਰਤੀ ਕਰਕੇ ਲਗਾ ਦਿੱਤੇ ਜਾਂਦੇ ਹਨ।ਮੈਟ੍ਰਿਕ ਦੀ ਪ੍ਰੀਖਿਆ ਵਿੱਚ ਬੋਰਡ ਵਲੋਂ ਪੇਪਰ ਤਾਂ ਸਰੀਰਕ ਸਿੱਖਿਆ ਦਾ ਲਿਆ ਜਾਂਦਾ ਹੈ,ਪਰ ਕੁੱਲ ਅੰਕਾਂ ਵਿੱਚ ਇਸ ਵਿਸ਼ੇ ਦੇ ਅੰਕਾਂ ਨੂੰ ਜੋੜਿਆ ਨਹੀਂ ਜਾਂਦਾ,ਜੋ ਕਿ ਖਿਡਾਰੀ ਵਿਦਿਆਰਥੀਆਂ ਲਈ ਬੇਇਨਸਾਫੀ ਹੈ।ਸੋ ਇਸ ਵਿਸ਼ੇ ਦੇ ਅੰਕਾਂ ਨੂੰ ਕੁੱਲ ਅੰਕਾਂ ਵਿੱਚ ਜੋੜ ਕੇ ਵਿਚਾਰਨ ਨਾਲ ਬੱਚਿਆ ਦੀ ਖੇਡਾਂ ਪ੍ਰਤੀ ਰੁਚੀ ਜ਼ਰੂਰ ਵਧੇਗੀ।ਸਕੂਲਾਂ 'ਚ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਪੀ.ਟੀ.ਆਈ. ਅਧਿਆਪਕ ਦਾ ਅਹਿਮ ਰੋਲ ਹੁੰਦਾ ਹੈ ਪਰ ਬਹੁਤ ਸਾਰੇ ਸਕੂਲਾਂ ਵਿੱਚ ਖਾਲੀ ਪੋਸਟਾਂ ਦੇ ਬਾਵਜੂਦ ਨਵੀਂ ਭਰਤੀ ਨਹੀਂ ਕੀਤੀ ਜਾ ਰਹੀ ਜਦੋਂ ਕਿ ਸਿਲੈਕਸ਼ਨ ਲਿਸਟ ਬਣਾਈ ਜਾ ਚੁੱਕੀ ਹੈ , ਹੁਕਮ ਦੇਣ 'ਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰਕੇ ਹੋਰ ਦੇਰੀ ਨਹੀਂ ਕਰਨੀ ਚਾਹੀਦੀ ਤਾਂ ਜੋ ਬੱਚਿਆਂ ਦਾ ਭਵਿੱਖ ਉਜਲਾ ਹੋ ਸਕੇ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust